1-APRIL-PAGE-1.qxd 3/31/2024 10:21 PM Page 1

ਸੋਮਵਾਰ, 1 ਅਪ੍ਰੈਲ, 2024
19 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 301

# ਨਵਾਂ ਜ਼ਮਾਨਾ

DAILY NAWAN ZAMANA • MONDAY, 1 APRIL, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10



ਇੰਡੀਆ ਗੱਠਜੋੜ ਦੀ 'ਲੋਕਤੰਤਰ ਬਚਾਓ ਰੈਲੀ'

# ਤਾਨਾਸ਼ਾਹੀ ਵਿਰੁੱਧ ਜੰਗ ਦਾ ਐਲਾਨ

- ਬਿਨਾਂ ਈ ਵੀ ਐੱਮ ਹੈਕ ਕੀਤੇ ਨਹੀਂ ਪਾਰ ਹੋ ਸਕਦੀਆਂ 400 ਸੀਟਾਂ : ਰਾਹੁਲ
- ਕੱਲ੍ਹ ਮੋਦੀ ਮਿਲੇ, ਮੈਂ ਕਿਹਾ—ਕਾਂਗਰਸ ਦੇ ਖਾਤੇ 'ਚੋਂ ਪੈਸੇ ਚੋਰੀ ਹੋ ਗਏ : ਖੜਗੇ
- ਭਾਜਪਾ ਭਾਰਤ ਦੇ ਟੁਕੜੇ ਕਰਨਾ ਚਾਹੁੰਦੀ : ਭਗਵੰਤ ਮਾਨ
- ਦੇਸ਼ ਤਾਨਾਸ਼ਾਹੀ ਵੱਲ ਵਧ ਰਿਹੈ-ਊਧਵ ਠਾਕਰੇ



**ਨਵੀਂ ਦਿੱਲੀ** : ਦਿੱਲੀ ਦੇ ਰਾਮਲੀਲ੍ਹਾ ਮੈਦਾਨ 'ਚ ਐਤਵਾਰ ਹੋਈ ਇੰਡੀਆ ਗਠਜੋੜ ਦੀ 'ਲੋਕਤੰਤਰ ਬਚਾਓ' ਮਹਾਂ ਰੈਲੀ' 'ਚ ਸਾਰੇ ਦਲਾਂ ਦੇ ਪ੍ਰਮੁੱਖ ਨੇਤਾਵਾਂ ਨੇ ਸ਼ਿਰਕਤ ਕੀਤੀ। ਇਹ ਰੈਲੀ ਕਿਸੇ ਇੱਕ ਵਿਅਕਤੀ ਨੂੰ ਬਚਾਉਣ ਲਈ ਨਹੀਂ, ਬਲਕਿ ਸੰਵਿਧਾਨ ਤੇ ਜਮਹੂਰੀਅਤ ਨੂੰ ਬਚਾਉਣ ਲਈ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪੋਜ਼ੀਸ਼ਨ ਗਠਜੋੜ ਦੀ ਇਹ ਪਹਿਲੀ ਵੱਡੀ ਰੈਲੀ ਸੀ, ਜਿਸ 'ਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਮਲਿਕਾਰਜੁਨ ਖੜਗੇ, ਊਧਵ ਠਾਕਰੇ, ਅਖਿਲੇਸ਼ ਯਾਦਵ, ਡੀ ਰਾਜਾ, ਸੀਤਾਰਾਮ ਯੇਚੁਰੀ, ਭਗਵੰਤ ਮਾਨ, ਮਹਿਬੂਬਾ ਮੁਫ਼ਤੀ, ਫਾਰੂਕ ਅਬਦੁੱਲਾ ਤੋਂ ਇਲਾਵਾ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ, ਪ੍ਰਿਅੰਕਾ ਗਾਂਧੀ ਵਾਡਰਾ ਅਤੇ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਸਮੇਤ ਕਈ ਨੇਤਾ ਸ਼ਾਮਲ ਹੋਏ। ਇੱਕ-ਇੱਕ ਕਰਕੇ ਸਾਰੇ ਨੇਤਾਵਾਂ ਨੇ ਰੈਲੀ ਨੂੰ ਸੰਬੋਧਨ ਕੀਤਾ ਅਤੇ ਭਾਜਪਾ 'ਤੇ ਜੰਮ ਕੇ ਹਮਲਾ ਬੋਲਿਆ। ਇਸੇ ਲੜੀ 'ਚ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਇੰਡੀਆ ਗਠਜੋੜ ਦੇ ਸਾਰੇ ਨੇਤਾ, ਜੋ ਇੱਥੇ ਆਏ ਹਨ, ਉਨ੍ਹਾਂ ਨਾਲ ਮੈਂ ਕੇਜਰੀਵਾਲ ਅਤੇ ਸੋਰੇਨ ਦਾ ਵੀ ਨਾਂਅ ਲੈਣਾ ਚਾਹੁੰਦਾ ਹਾਂ, ਜੋ ਇੱਥੇ ਨਹੀਂ ਹਨ, ਪਰ ਦਿਲ ਤੋਂ ਸਾਡੇ ਨਾਲ ਜੁੜੇ ਹੋਏ ਹਨ। ਉਨ੍ਹਾ ਕਿਹਾ ਕਿ 40 ਸਾਲਾਂ 'ਚ ਸਭ ਤੋਂ ਜ਼ਿਆਦਾ ਬੇਰੁਜ਼ਗਾਰੀ ਹਿੰਦੁਸਤਾਨ 'ਚ ਅੱਜ ਹੈ। 1 ਫੀਸਦੀ ਲੋਕਾਂ ਦੇ ਕੋਲ ਹਿੰਦੁਸਤਾਨ ਦਾ ਪੂਰੇ ਦਾ ਪੂਰਾ ਧਨ ਹੈ। ਉਨ੍ਹਾ ਕਿਹਾ ਅੱਜਕੱਲ੍ਹ ਆਈ ਪੀ ਐੱਲ ਮੈਚ ਚੱਲ ਰਹੇ ਹਨ। ਜਦ ਬੇਈਮਾਨੀ ਨਾਲ ਖਿਡਾਰੀ ਖਰੀਦੇ ਜਾਂਦੇ ਹਨ, ਉਸ ਮੈਚ ਨੂੰ ਮੈਚ ਫਿਕਸਿੰਗ ਕਹਿੰਦੇ ਹਨ। ਸਾਡੇ ਸਾਹਮਣੇ ਲੋਕ ਸਭਾ ਚੋਣਾਂ ਹਨ। ਮੈਚ ਕਿਸ ਨੇ ਫਿਕਸ ਕੀਤੇ-ਨਰਿੰਦਰ ਮੋਦੀ ਨੇ। ਮੈਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਡੀ ਟੀਮ ਦੇ ਦੋ ਖਿਡਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਅੰਦਰ ਕਰ ਦਿੱਤਾ। ਨਰੇਂਦਰ ਮੋਦੀ ਇਸ ਚੋਣ ਤੋਂ ਪਹਿਲਾਂ ਫਿਕਸਿੰਗ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਦਾ 400 ਦਾ ਨਾਅਰਾ ਬਿਨਾਂ ਮੈਚ ਫਿਕਸਿੰਗ ਦੇ, ਬਿਨਾਂ ਸੋਸ਼ਲ ਮੀਡੀਆ ਅਤੇ ਮੀਡੀਆ 'ਤੇ ਦਬਾਅ ਪਾਏ 180 ਤੋਂ ਜ਼ਿਆਦਾ ਨਹੀਂ ਹੈ। ਉਨ੍ਹਾ ਕਿਹਾ ਕਿ ਕਾਂਗਰਸ ਦੇਸ਼ ਦੀ ਸਭ ਤੋਂ ਵੱਡੀ ਆਪੋਜ਼ੀਸ਼ਨ ਪਾਰਟੀ ਹੈ, ਪਰ ਸਾਡੇ ਅਕਾਊਂਟ ਫਰੀਜ਼ ਕਰਾ ਦਿੱਤੇ ਗਏ। ਇਹ ਪੂਰੀ ਦੀ ਪੂਰੀ ਮੈਚ ਫਿਕਸਿੰਗ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਮੈਚ ਫਿਕਸਿੰਗ ਸਿਰਫ਼ ਪ੍ਰਧਾਨ ਮੰਤਰੀ ਮੋਦੀ ਨਹੀਂ ਕਰ ਰਹੇ, ਇਹ ਦੇਸ਼ ਦੇ 3-4 ਵੱਡੇ ਅਰਬਪਤੀ ਕਰਵਾ ਰਹੇ ਹਨ। ਇਸ ਮੈਚ ਫਿਕਸਿੰਗ ਦਾ ਇੱਕ ਹੀ ਟੀਚਾ ਹੈ ਕਿ ਇਸ ਦੇਸ਼ ਦਾ ਸੰਵਿਧਾਨ, ਜਿਸ ਨੇ ਇਸ ਦੇਸ਼ ਦੇ ਲੋਕਾਂ ਨੂੰ ਜਿਊਣ ਦਾ ਹੱਕ ਦਿੱਤਾ, ਉਸ ਸੰਵਿਧਾਨ ਨੂੰ ਲੋਕਾਂ ਤੋਂ ਖੋਹ ਲਿਆ ਜਾਵੇ। ਉਨ੍ਹਾ ਕਿਹਾ ਕਿ ਜਿਸ ਦਿਨ ਇਹ ਸੰਵਿਧਾਨ ਖ਼ਤਮ ਹੋ ਗਿਆ, ਉਸ ਦਿਨ ਇਹ ਦੇਸ਼ ਵੀ ਨਹੀਂ ਬਚੇਗਾ। ਜੇਕਰ ਭਾਜਪਾ ਇਹ ਚੋਣ ਜਿੱਤੀ ਤਾਂ ਉਨ੍ਹਾਂ ਸੰਵਿਧਾਨ ਨੂੰ ਬਦਲਿਆ ਤਾਂ ਦੇਸ਼ 'ਚ ਅੱਗ ਲੱਗ ਜਾਵੇਗੀ, ਇਹ ਦੇਸ਼ ਨਹੀਂ ਬਚੇਗਾ। ਇਹ ਚੋਣ ਵੋਟ ਵਾਲੀ ਚੋਣ ਨਹੀਂ ਹੈ, ਇਹ ਚੋਣ ਹਿੰਦੁਸਤਾਨ ਨੂੰ ਬਚਾਉਣ ਵਾਲੀ ਚੋਣ ਹੈ।

• ਬਾਕੀ ਸਫ਼ਾ 2 'ਤੇ



## ਕੇਜਰੀਵਾਲ ਤੇ ਸੋਰੇਨ ਦੀ ਤੁਰੰਤ ਰਿਹਾਈ ਦੀ ਮੰਗ

**ਨਵੀਂ ਦਿੱਲੀ** : ਇੰਡੀਆ ਗਠਜੋੜ ਦੀ ਮਹਾਂ-ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਇੰਡੀਆ ਗਠਜੋੜ ਦੀਆਂ ਪੰਜ ਮੰਗਾਂ ਦੱਸੀਆਂ। ਉਨ੍ਹਾ ਕਿਹਾ ਕਿ ਗਠਜੋੜ ਦੀ ਪਹਿਲੀ ਮੰਗ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ 'ਚ ਬਰਾਬਰ ਮੌਕੇ ਉਪਲੱਬਧ ਕਰਨਾ ਨਿਸਚਿਤ ਕਰਨੇ ਚਾਹੀਦੇ ਹਨ।

ਦੂਜੀ ਮੰਗ ਇਹ ਹੈ ਕਿ ਚੋਣ ਕਮਿਸ਼ਨ ਨੂੰ ਚੋਣ 'ਚ ਹੇਰਾਫੇਰੀ ਦੇ ਮਕਸਦ ਨਾਲ ਆਪੋਜ਼ੀਸ਼ਨ ਦਲਾਂ 'ਤੇ ਈ ਡੀ ਅਤੇ ਸੀ ਬੀ ਆਈ ਦੀ ਕਾਰਵਾਈ 'ਤੇ ਰੋਕ ਲਾਉਣ ਦੀ ਮੰਗ ਕੀਤੀ। ਤੀਜੀ ਮੰਗ ਹੈ ਕਿ ਹੇਮੰਤ ਸੋਰੇਨ ਅਤੇ ਅਰਵਿੰਦ ਕੇਜਰੀਵਾਲ ਦੀ ਤਤਕਾਲ ਰਿਹਾਈ ਕੀਤੀ ਜਾਣੀ ਚਾਹੀਦਾ ਹੈ। ਚੌਥੀ ਮੰਗ ਚੋਣ ਦੌਰਾਨ ਵਿਰੋਧੀ ਦਲਾਂ ਦਾ ਅਰਥਕ ਰੂਪ ਨਾਲ ਗਲਾ ਘੁੱਟਣ ਦੀ ਜਬਰਨ ਕਾਰਵਾਈ ਤੁਰੰਤ ਬੰਦ ਹੋਣੀ ਚਾਹੀਦੀ ਹੈ। ਪੰਜਵੀਂ ਮੰਗ 'ਚ ਚੋਣ ਬਾਂਡ ਅਤੇ ਮਨੀ ਲਾਂਡਰਿੰਗ ਮਾਮਲੇ 'ਚ ਸੁਪਰੀਮ ਕੋਰਟ ਦੀ ਨਿਗਰਾਨੀ 'ਚ ਐੱਸ ਆਈ ਟੀ ਗਠਿਤ ਕਰਕੇ ਜਾਂਚ ਕਰਾਉਣ ਦੀ ਮੰਗ ਕੀਤੀ ਗਈ।

## ਸੜਕ ਹਾਦਸੇ 'ਚ ਪਰਵਾਰ ਦੇ ਚਾਰ ਲੋਕਾਂ ਦੀ ਮੌਤ

**ਮੁਰਾਦਾਬਾਦ** : ਕੰਠ ਦੇ ਰਸੂਲਪੁਰ ਰੇਲਵੇ ਕਰਾਸਿੰਗ ਨੇੜੇ ਐਤਵਾਰ ਸਵੇਰੇ ਇੱਕ ਸਕਾਰਪੀਓ ਖੰਭੇ ਨਾਲ ਟਕਰਾ ਗਈ।ਹਾਦਸੇ ਵਿੱਚ ਯਸ਼ ਰਸਤੋਗੀ, ਆਰਤੀ ਰਸਤੋਗੀ, ਸੰਗੀਤਾ ਰਸਤੋਗੀ, ਅੰਸ਼ਿਕਾ ਦੀ ਮੌਤ ਹੋ ਗਈ।ਯਸ਼ ਰਸਤੋਗੀ ਵਾਸੀ ਤਿਲਕ ਰੋਡ, ਦੇਹਰਾਦੂਨ, (ਉਤਰਾਖੰਡ) ਆਪਣੇ ਪਰਵਾਰ ਨਾਲ ਸਕਾਰਪੀਓ 'ਚ ਦੇਹਰਾਦੂਨ ਤੋਂ ਮੁਰਾਦਾਬਾਦ ਮੁਗਲਪੁਰਾ ਇਲਾਕੇ 'ਚ ਆਪਣੇ ਰਿਸ਼ਤੇਦਾਰਾਂ ਕੋਲ ਜਾ ਰਿਹਾ ਸੀ। ਐਤਵਾਰ ਸਵੇਰੇ ਕਰੀਬ 5 ਵਜੇ ਕੰਠ ਦੇ ਰਸੂਲਪੁਰ ਰੇਲਵੇ ਕਰਾਸਿੰਗ ਨੇੜੇ ਉਹਨਾਂ ਦੀ ਸਕਾਰਪੀਓ ਸੜਕ ਕਿਨਾਰੇ ਖੜ੍ਹੇ ਖੰਭੇ ਨਾਲ ਟਕਰਾ ਗਈ, ਜਿਸ ਵਿੱਚ ਗੱਡੀ ਵਿੱਚ ਸਵਾਰ ਯਸ਼ ਰਸਤੋਗੀ (28), ਆਰਤੀ ਰਸਤੋਗੀ ਪਤਨੀ ਦਿਲੀਪ ਰਸਤੋਗੀ (45), ਸੰਗੀਤਾ ਰਸਤੋਗੀ ਪਤਨੀ ਪੰਕਜ ਰਸਤੋਗੀ, ਕੁਮਾਰੀ ਅੰਸ਼ਿਕਾ ਪੁੱਤਰੀ ਦਿਲੀਪ ਰਸਤੋਗੀ (18) ਦੀ ਮੌਕੇ 'ਤੇ ਹੀ ਮੌਤ ਹੋ ਗਈ।ਕਾਰ ਚਲਾ ਰਹੇ ਦਿਲੀਪ ਰਸਤੋਗੀ (26) ਦਾ ਬੇਟਾ ਅਤੁਲ ਰਸਤੋਗੀ ਅਤੇ ਉਸ ਦੀ ਭੈਣ ਦਿਲੀਪ ਦੀ ਬੇਟੀ ਮਾਨਵੀ ਰਸਤੋਗੀ ਦੋਵੇਂ ਗੰਭੀਰ ਜ਼ਖ਼ਮੀ ਹੋ ਗਏ। ਥਾਣਾ ਕੰਠ ਪੁਲਸ ਮੌਕੇ 'ਤੇ ਪਹੁੰਚੀ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਮੁਰਾਦਾਬਾਦ ਦੇ ਜ਼ਿਲ੍ਹਾ ਹਸਪਤਾਲ 'ਚ ਦਾਖਲ ਕਰਵਾਇਆ।

## ਕਾਂਗਰਸ ਨੂੰ ਇਨਕਮ ਟੈਕਸ ਵਿਭਾਗ ਦਾ ਨਵਾਂ ਨੋਟਿਸ

**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਨੂੰ ਇਕ ਵਾਰ ਫਿਰ ਇਨਕਮ ਟੈਕਸ ਵਿਭਾਗ ਤੋਂ ਨਵਾਂ ਨੋਟਿਸ ਮਿਲਿਆ ਹੈ।ਇਸ ਵਿੱਚ ਮੁਲਾਂਕਣ ਸਾਲ 2014-15 ਤੋਂ 2016-17 ਤੱਕ 1,745 ਕਰੋੜ ਰੁਪਏ ਦੇ ਟੈਕਸ ਦੀ ਮੰਗ ਕੀਤੀ ਗਈ ਹੈ।ਆਮਦਨ ਕਰ ਵਿਭਾਗ ਨੇ ਹੁਣ ਤੱਕ ਕਾਂਗਰਸ ਤੋਂ ਕੁੱਲ 3,567 ਕਰੋੜ ਰੁਪਏ ਦੇ ਟੈਕਸ ਦੀ ਮੰਗ ਕੀਤੀ ਹੈ।

ਤਾਜ਼ਾ ਨੋਟਿਸ 2014-15 (ਲਗਭਗ 663 ਕਰੋੜ ਰੁਪਏ), 2015-16 (ਲਗਭਗ 664 ਕਰੋੜ ਰੁਪਏ) ਅਤੇ 2016-17 (ਲਗਭਗ 417 ਕਰੋੜ ਰੁਪਏ) ਨਾਲ ਸੰਬੰਧਤ ਹਨ।ਉਨ੍ਹਾ ਕਿਹਾ ਕਿ ਅਧਿਕਾਰੀਆਂ ਨੇ ਸਿਆਸੀ ਪਾਰਟੀਆਂ ਨੂੰ ਦਿੱਤੀ ਜਾਂਦੀ ਟੈਕਸ ਛੋਟ ਖਤਮ ਕਰਕੇ ਪਾਰਟੀ ਟੈਕਸ ਲਗਾ ਦਿੱਤਾ ਹੈ।

ਸੂਤਰਾਂ ਨੇ ਦੱਸਿਆ ਕਿ ਜਾਂਚ ਏਜੰਸੀਆਂ ਵੱਲੋਂ ਛਾਪੇਮਾਰੀ ਦੌਰਾਨ ਕੁਝ ਕਾਂਗਰਸੀ ਆਗੂਆਂ ਤੋਂ ਜ਼ਬਤ ਕੀਤੀਆਂ ਡਾਇਰੀਆਂ ਵਿੱਚ 'ਥਰਡ ਪਾਰਟੀ ਐਂਟਰੀਆਂ' ਲਈ ਵੀ ਕਾਂਗਰਸ ਵੱਲੋਂ ਟੈਕਸ ਲਾਇਆ ਗਿਆ ਹੈ।ਟੈਕਸ ਅਧਿਕਾਰੀਆਂ ਨੇ ਪਿਛਲੇ ਸਾਲਾਂ ਨਾਲ ਸੰਬੰਧਤ ਟੈਕਸ ਮੰਗਾਂ ਲਈ ਪਾਰਟੀ ਦੇ ਖਾਤਿਆਂ ਤੋਂ ਪਹਿਲਾਂ ਹੀ 135 ਕਰੋੜ ਰੁਪਏ ਕਢਵਾ ਲਏ ਹਨ।ਕਾਂਗਰਸ ਨੇ 135 ਕਰੋੜ ਰੁਪਏ ਦੀ ਟੈਕਸ ਮੰਗ ਨੂੰ ਲੈ ਕੇ ਅਦਾਲਤ ਦਾ ਰੁਖ ਕੀਤਾ ਹੈ ਅਤੇ ਸੋਮਵਾਰ ਨੂੰ ਸੁਪਰੀਮ ਕੋਰਟ 'ਚ ਇਸ ਮਾਮਲੇ ਦੀ ਸੁਣਵਾਈ ਹੋਣ ਦੀ ਸੰਭਾਵਨਾ ਹੈ।

## ਸਾਡੀ ਟੀ ਆਰ ਪੀ ਚੰਗੀ, ਇਸ ਲਈ ਜ਼ਿਆਦਾ ਮਿਲਿਆ ਚੰਦਾ : ਗਡਕਰੀ



**ਨਾਗਪੁਰ** : ਲੋਕ ਸਭਾ ਚੋਣਾਂ ਨੂੰ ਲੈ ਕੇ ਤੇਜ਼ ਹੁੰਦੀਆਂ ਸਰਗਰਮੀਆਂ ਵਿਚਾਲੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਲੈਕਟ੍ਰੋਲ ਬਾਂਡ 'ਤੇ ਆਪੋਜ਼ੀਸ਼ਨ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਟੀ ਵੀ ਜਗਤ 'ਚ ਜਿਨ੍ਹਾਂ ਦੀ ਟੀ ਆਰ ਪੀ ਵੱਧ ਹੁੰਦੀ ਹੈ, ਉਨ੍ਹਾਂ ਨੂੰ ਟੀ ਵੀ 'ਤੇ ਵੀ ਚੰਗੇ ਰੇਟ 'ਤੇ ਇਸ਼ਤਿਹਾਰ ਮਿਲਦੇ ਹਨ, ਉਸੇ ਤਰ੍ਹਾਂ ਅੱਜ ਅਸੀਂ ਸੱਤਾਧਾਰੀ ਦਲ ਹਾਂ ਤੇ ਇਸ ਲਈ ਸਾਨੂੰ ਜ਼ਿਆਦਾ ਚੋਣ ਚੰਦਾ ਮਿਲਿਆ।

## ਕਿਸਾਨੀ ਅੰਦੋਲਨ 'ਚ ਅੰਮ੍ਰਿਤਸਰ ਦੇ ਕਿਸਾਨ ਦੀ ਮੌਤ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਚੱਲ ਰਹੇ ਕਿਸਾਨੀ ਅੰਦੋਲਨ 'ਚ ਐਤਵਾਰ ਇੱਕ ਹੋਰ ਕਿਸਾਨ ਦੀ ਮੌਤ ਹੋ ਗਈ।ਕਿਸਾਨ ਦਿਆ ਸਿੰਘ ਅੰਮ੍ਰਿਤਸਰ ਦੇ ਪਿੰਡ ਦਾ ਰਹਿਣ ਵਾਲਾ ਸੀ ਤੇ ਪਿਛਲੇ ਕਈ ਦਿਨਾਂ ਤੋਂ ਅੰਦੋਲਨ 'ਚ ਸ਼ਾਮਲ ਸੀ।ਸ਼ੰਭੂ ਸਰਹੱਦ 'ਤੇ ਚੱਲ ਰਹੇ ਧਰਨੇ ਦੇ 48ਵੇਂ ਦਿਨ ਦਿਆ ਸਿੰਘ ਮੌਤ ਹੋ ਗਈ, ਜਿਸ ਦੀ ਵਜ੍ਹਾ ਦਿਲ ਦਾ ਦੌਰਾ ਦੱਸਿਆ ਜਾ ਰਿਹਾ ਹੈ, ਹਾਲਾਂਕਿ ਇਸ ਦੇ ਅਸਲੀ ਕਾਰਨਾਂ ਦਾ ਖ਼ੁਲਾਸਾ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਹੋਵੇਗਾ।ਦਿਆ ਸਿੰਘ ਦੀ ਉਮਰ 71 ਸਾਲ ਸੀ ਤੇ ਉਹ ਪਿਛਲੇ ਕਈ ਦਿਨਾਂ ਤੋਂ ਸ਼ੰਭੂ ਸਰਹੱਦ 'ਤੇ ਧਰਨਾ ਦੇ ਰਿਹਾ ਸੀ।ਦਿਆ ਸਿੰਘ ਫੌਜ ਤੋਂ ਸੇਵਾ-ਮੁਕਤ ਹੋਇਆ ਸੀ। ਉਸ ਕੋਲ 10 ਵਿੱਘੇ ਜ਼ਮੀਨ ਸੀ, ਜਿਸ 'ਤੇ ਉਹ ਖੇਤੀ ਕਰਦਾ ਸੀ। ਦਿਆ ਸਿੰਘ ਦੀ ਮ੍ਰਿਤਕ ਦੇਹ ਨੂੰ ਪੋਸਟ-ਮਾਰਟਮ ਲਈ ਭੇਜ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼ੰਭੂ ਬਾਰਡਰ 'ਤੇ 9 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ ਤੇ ਦਿਆ ਸਿੰਘ ਨੂੰ ਮਿਲਾ ਕੇ ਕਿਸਾਨੀ ਅੰਦੋਲਨ 'ਚ ਮਰਨ ਵਾਲੇ ਕਿਸਾਨਾਂ ਦੀ ਗਿਣਤੀ 10 ਹੋ ਗਈ ਹੈ।ਇਸ ਤੋਂ ਪਹਿਲਾਂ 11 ਮਾਰਚ ਨੂੰ ਬਲਦੇਵ ਸਿੰਘ ਦੀ ਮੌਤ ਹੋ ਗਈ ਸੀ, ਜੋ ਕਿ ਖਨੌਰੀ ਸਰਹੱਦ 'ਤੇ ਧਰਨਾ ਦੇ ਰਹੇ ਸਨ।

## ਪਹਿਲੇ ਗੇੜ 'ਚ 21 ਸੂਬਿਆਂ ਦੀਆਂ 102 ਸੀਟਾਂ ਲਈ ਸਜ ਗਿਆ ਮੈਦਾਨ




**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ 102 ਸੀਟਾਂ 'ਤੇ ਮੈਦਾਨ ਤਿਆਰ ਹੋ ਗਿਆ ਹੈ। ਰਾਜਨੀਤਕ ਦਲਾਂ ਅਤੇ ਆਜ਼ਾਦ ਉਮੀਦਵਾਰਾਂ ਨੇ ਨਾਮਜ਼ਦਗੀ ਦਾਖ਼ਲ ਕਰ ਦਿੱਤੀ ਹੈ। ਕਰੀਬ 3288 ਉਮੀਦਵਾਰਾਂ ਨੇ ਨਾਮਜ਼ਦਗੀ ਦਾਖ਼ਲ ਕੀਤੇ ਹਨ। ਇਨ੍ਹਾਂ 'ਚੋਂ 828 ਨਾਮਜ਼ਦਗੀ ਰੱਦ ਹੋ ਗਏ ਅਤੇ 2016 ਅਰਜ਼ੀਆਂ ਸਵੀਕਾਰ ਕੀਤੀਆਂ ਗਈਆਂ ਸਨ। ਇਨ੍ਹਾਂ 'ਚੋਂ ਸ਼ਨੀਵਾਰ ਨੂੰ ਨਾਂਅ ਵਾਪਸੀ ਦੀ ਪ੍ਰਕਿਰਿਆ ਪੂਰੀ ਹੋਣ ਬਾਅਦ ਹੁਣ ਕਰੀਬ 1500 ਉਮੀਦਵਾਰ ਮੈਦਾਨ 'ਚ ਰਹਿ ਗਏ ਹਨ। ਦੇਸ਼ 'ਚ ਸੱਤ ਗੇੜਾਂ 'ਚ ਹੋ ਰਹੀਆਂ ਲੋਕ ਸਭਾ ਚੋਣਾਂ 'ਚ ਪਹਿਲੇ ਗੇੜ 'ਚ ਸਭ ਤੋਂ ਜ਼ਿਆਦਾ 102 ਸੀਟਾਂ 'ਤੇ ਚੋਣ ਹੋਣੀ ਹੈ, ਜਿੱਥੇ 19 ਅਪ੍ਰੈਲ ਨੂੰ ਵੋਟਿੰਗ ਹੋਵੇਗੀ। ਇਸੇ ਗੇੜ 'ਚ ਤਾਮਿਲਨਾਡੂ ਦੀਆਂ ਸਾਰੀਆਂ 39 ਸੀਟਾਂ 'ਤੇ ਚੋਣ ਹੋ ਰਹੀ ਹੈ। ਜਿਨ੍ਹਾਂ ਸੂਬਿਆਂ 'ਚ ਵੋਟਿੰਗ ਹੋਵੇਗੀ, ਉਨ੍ਹਾਂ 'ਚ ਤਾਮਿਲਨਾਡੂ 39, ਰਾਜਸਥਾਨ 12, ਉਤਰ ਪ੍ਰਦੇਸ਼ 8, ਮੱਧ ਪ੍ਰਦੇਸ਼ 6, ਅਸਾਮ 4, ਉਤਰਾਖੰਡ 5, ਮਹਾਰਾਸ਼ਟਰ 5, ਬਿਹਾਰ 4, ਪੱਛਮੀ ਬੰਗਾਲ 3, ਅਰੁਣਾਚਲ ਪ੍ਰਦੇਸ਼ 2, ਮਨੀਪੁਰ 2, ਮੇਘਾਲਿਆ 2, ਜੰਮੂ ਕਸ਼ਮੀਰ, ਛੱਤੀਸਗੜ੍ਹ, ਮਿਜ਼ੋਰਮ, ਨਾਗਾਲੈਂਡ, ਅੰਡੇਮਾਨ ਨਿਕੋਬਾਰ, ਲਕਸ਼ਦੀਪ, ਪੁਡੂਚੇਰੀ, ਸਿੱਕਮ ਅਤੇ ਤ੍ਰਿਪੁਰਾ ਦੀ 1-1 ਸੀਟ ਹੈ।

## ਨੇਤਨਯਾਹੂ ਖਿਲਾਫ਼ ਲੋਕ ਸੜਕਾਂ 'ਤੇ

**ਤੇਲ ਅਵੀਵ** : ਗਾਜ਼ਾ 'ਚ ਇਜ਼ਰਾਇਲ ਅਤੇ ਹਮਾਸ ਵਿਚਾਲੇ ਯੁੱਧ ਨੂੰ 6 ਮਹੀਨੇ ਹੋਣ ਵਾਲੇ ਹਨ। ਹੁਣ ਤੱਕ ਬੰਧਕਾਂ ਦੀ ਰਿਹਾਈ ਅਤੇ ਗੋਲੀਬੰਦੀ 'ਤੇ ਕੋਈ ਫੈਸਲਾ ਨਹੀਂ ਹੋ ਸਕਿਆ। ਉਥੇ ਹੀ ਗਾਜ਼ਾ 'ਚ ਲਗਭਗ 32 ਹਜ਼ਾਰ ਲੋਕਾਂ ਦੀ ਜਾਨ ਚਲੀ ਗਈ ਹੈ। ਹੁਣ ਇਜ਼ਰਾਇਲ ਦੀ ਜਨਤਾ ਦਾ ਵੀ ਸਬਰ ਦਾ ਬੰਨ੍ਹ ਟੁੱਟਣ ਲੱਗਾ ਹੈ।

ਰਾਜਧਾਨੀ ਯੇਰੂਸ਼ਲਮ ਅਤੇ ਤੇਲ ਅਵੀਵ 'ਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਖਿਲਾਫ਼ ਸੜਕ 'ਤੇ ਉਤਰ ਆਏ ਅਤੇ ਸਥਿਤੀ ਵਿਗਾੜਨ ਲਈ ਪ੍ਰਧਾਨ ਮੰਤਰੀ ਨੂੰ ਜ਼ਿੰਮੇਵਾਰ ਠਹਿਰਾ ਰਹੇ ਸਨ। ਲੋਕ ਨੇਤਨਯਾਹੂ ਦੇ ਅਸਤੀਫ਼ੇ ਅਤੇ ਜਲਦ ਚੋਣਾਂ ਕਰਾਉਣ ਨੂੰ ਲੈ ਕੇ ਸੜਕਾਂ 'ਤੇ ਸਨ। ਹਾਲੇ ਵੀ 130 ਤੋਂ ਜ਼ਿਆਦਾ ਇਜ਼ਰਾਇਲੀ ਬੰਧਕ ਹਮਾਸ ਦੇ ਕਬਜ਼ੇ 'ਚ ਹਨ। ਪ੍ਰਦਰਸ਼ਨ ਕਰਨ ਵਾਲਿਆਂ 'ਚ ਇਨ੍ਹਾਂ ਬੰਧਕਾਂ ਦੇ ਰਿਸ਼ਤੇਦਾਰ ਵੀ ਸ਼ਾਮਲ ਸਨ। ਉਧਰ ਇਜ਼ਰਾਇਲ ਅਤੇ ਹਮਾਸ ਵਿਚਾਲੇ ਗੋਲੀਬੰਦੀ ਅਤੇ ਬੰਧਕਾਂ ਦੀ ਰਿਹਾਈ ਨੂੰ ਲੈ ਕੇ ਗੱਲਬਾਤ ਸ਼ੁਰੂ ਹੋਈ ਹੈ। ਮਿਸਰ ਦੀ ਰਾਜਧਾਨੀ ਕਾਹਿਰਾ 'ਚ ਦੋਵਾਂ ਵਿਚਾਲੇ ਗੱਲਬਾਤ ਹੋ ਰਹੀ ਹੈ। ਇਸ 'ਚ ਅਸਥਾਈ ਯੁੱਧ ਬੰਦੀ ਅਤੇ ਬੰਧਕਾਂ ਨੂੰ ਛੱਡਣ ਨੂੰ ਲੈ ਕੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਜ਼ਰਾਇਲ ਮੁਤਾਬਕ ਗਾਜ਼ਾ 'ਚ ਹਮਾਸ ਦੇ ਕਬਜ਼ੇ 'ਚ ਕੁੱਲ 134 ਲੋਕ ਹਨ, ਜਿਨ੍ਹਾਂ 'ਚ ਕੁਝ ਵਿਦੇਸ਼ੀ ਵੀ ਸ਼ਾਮਲ ਹਨ।

## ਏਅਰ ਇੰਡੀਆ ਘੁਟਾਲੇ ਦੀ ਫਾਈਲ ਸੀ ਬੀ ਆਈ ਨੇ ਕੀਤੀ ਬੰਦ

■ ਮੋਦੀ ਮਨਮੋਹਨ ਸਿੰਘ ਤੋਂ ਮੁਆਫ਼ੀ ਮੰਗਣ : ਕਾਂਗਰਸ

**ਨਵੀਂ ਦਿੱਲੀ** : ਏਅਰ ਇੰਡੀਆ ਦੇ ਪਟੇ ਘੁਟਾਲੇ ਮਾਮਲੇ 'ਚ ਸੀ ਬੀ ਆਈ ਨੇ ਕਲੋਜ਼ਰ ਰਿਪੋਰਟ ਲਾ ਦਿੱਤੀ ਹੈ। ਦੋਸ਼ ਸੀ ਕਿ ਯੂ ਪੀ ਏ ਸਰਕਾਰ ਦੇ ਸਮੇਂ 'ਚ ਏਅਰ ਇੰਡੀਆ ਦੇ ਪਟੇ ਮਾਮਲੇ 'ਚ ਬੇਨਿਯਮੀਆਂ ਕਾਰਨ ਲਗਭਗ 860 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ। ਉਸ ਸਮੇਂ ਪ੍ਰਫੁੱਲ ਪਟੇਲ ਹਵਾਬਾਜ਼ੀ ਮੰਤਰੀ ਸਨ। ਹੁਣ ਕਾਂਗਰਸ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਮੁਆਫ਼ੀ ਮੰਗਣੀ ਚਾਹੀਦੀ। ਯੂ ਪੀ ਏ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਝੂਠੇ ਦੋਸ਼ ਲਾਏ ਗਏ ਸਨ। ਮੋਦੀ ਸਰਕਾਰ ਨੂੰ ਦੇਸ਼ ਦੀ ਜਨਤਾ ਤੋਂ ਵੀ ਮੁਆਫ਼ੀ ਮੰਗਣੀ ਚਾਹੀਦੀ। ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਕਿਹਾ—ਅਜਿਤ ਪਵਾਰ ਗੁੱਟ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਹੋਏ ਗਠਜੋੜ ਕਾਰਨ ਹੀ ਇਹ ਮਾਮਲਾ ਬੰਦ ਕੀਤਾ ਗਿਆ ਹੈ। ਉਨ੍ਹਾ ਕਿਹਾ 2014 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਕਥਿਤ ਘੁਟਾਲੇ ਨੂੰ ਲੈ ਕੇ ਕੈਗ ਦੀ ਰਿਪੋਰਟ ਲੈ ਕੇ ਹਰ ਜਗ੍ਹਾ ਜਾਂਦੇ ਸਨ। ਹੁਣ ਸੀ ਬੀ ਆਈ ਨੇ ਮਾਮਲੇ ਦੀ ਕਲੋਜ਼ਰ ਰਿਪੋਰਟ ਫਾਈਲ ਕਰ ਦਿੱਤੀ, ਕਿਉਂਕਿ ਐੱਨ ਸੀ ਪੀ ਦੇ ਪ੍ਰਫੁੱਲ ਪਟੇਲ ਭਾਜਪਾ ਦੇ ਨਾਲ ਚਲੇ ਗਏ।

ਰਮੇਸ਼ ਨੇ ਕਿਹਾ ਕਿ ਕੈਗ ਰਿਪੋਰਟ ਦੇ ਅਧਾਰ 'ਤੇ ਮਨਮੋਹਨ ਸਿੰਘ ਖਿਲਾਫ਼ ਚਾਰਜਸ਼ੀਟ ਫਾਇਲ ਕੀਤੀ ਗਈ ਸੀ। ਉਨ੍ਹਾ ਮਨਮੋਹਨ ਸਿੰਘ ਸਰਕਾਰ ਦੇ ਕਥਿਤ ਘੁਟਾਲੇ ਦੀ ਜੋ ਲਿਸਟ ਬਣਾਈ, ਪੂਰੀ ਫਰਜ਼ੀ ਸੀ। ਪਟੇਲ ਖਿਲਾਫ਼ ਜਦ ਮਾਮਲਾ ਬੰਦ ਹੋ ਗਿਆ ਤਾਂ ਇਹ ਕੀ ਸਾਬਿਤ ਕਰਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਡਾ. ਮਨਮੋਹਨ ਸਿੰਘ 'ਤੇ ਲਾਏ ਦੋਸ਼ ਫਰਜ਼ੀ ਸਨ। 2017 'ਚ ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਸੀ ਬੀ ਆਈ ਨੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਦੋਸ਼ ਸੀ ਕਿ ਤਤਕਾਲੀਨ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੇ ਆਪਣੇ ਅਹੁਦੇ ਦਾ ਇਸਤੇਮਾਲ ਕਰਦੇ ਹੋਏ ਏਅਰ ਇੰਡੀਆ ਦੇ ਰੂਟਾਂ ਨੂੰ ਦੂਜੀਆਂ ਏਅਰਲਾਈਨਜ਼ ਨੂੰ ਅਲਾਟ ਕਰਵਾ ਦਿੱਤਾ ਸੀ, ਜਿਸ ਨਾਲ ਸਰਕਾਰੀ ਏਅਰਲਾਈਨਜ਼ ਨੂੰ ਘਾਟਾ ਪਿਆ ਸੀ।

## ਅੱਜ-ਨਾਮਾ

ਆਪੋਜ਼ੀਸ਼ਨ ਜਦ ਦਿੱਲੀ ਵਿੱਚ ਕਰੀ ਰੈਲੀ,
ਇੱਕੋ ਜਿਹੀ ਲੀਡਰਾਂ ਨੇ ਰੱਖੀ ਰਾਏ ਬੇਲੀ।
ਮਹਿਬੂਬਾ, ਅਖਿਲੇਸ਼ ਤੇ ਠਾਕਰੇ ਆਣ ਪੁੱਜੇ,
ਫਾਰੂਕ, ਤੇਜੱਸਵੀ, ਸ਼ਰਦ ਸਭ ਆਏ ਬੇਲੀ।
ਕਿਸੇ ਨੇ ਕਿਸੇ ਨੂੰ ਕੋਈ ਨਹੀਂ ਚੋਭ ਲਾਈ,
ਇੱਕੋ ਈ ਦਿਸ਼ਾ ਵੱਲ ਬਾਣ ਚਲਾਏ ਬੇਲੀ।
ਜੋ-ਜੋ ਜ਼ਿਆਦਤੀ ਕੇਂਦਰ ਸਰਕਾਰ ਕਰ'ਤੀ,
ਸਾਰੇ ਉਹ ਕਿੱਸੇ ਸਨ ਖੋਲ੍ਹ ਦਿਖਲਾਏ ਬੇਲੀ।
ਲੋਕਤੰਤਰ ਲਈ ਮੁਸ਼ਕਲ ਜਦ ਕਹੀ ਸਭ ਨੇ,
ਇੱਕ-ਸੁਰ ਕਿਹਾ, ਸੁਖਾਲੀ ਨਹੀਂ ਜੰਗ ਬੇਲੀ।
ਜਿਸ ਦੇ ਨਾਲ ਇਹ ਸਾਰੇ ਹਨ ਲੜਨ ਨਿਕਲੇ,
ਬੜਾ ਉਹ ਲੀਡਰ ਆ ਮੂਹਰੇ ਅੜਬੰਗ ਬੇਲੀ।

-ਤੀਸ ਮਾਰ ਖਾਂ

## 45 ਸਾਲਾਂ 'ਚ ਵਧੀ ਖ਼ਤਰਨਾਕ ਹੀਟ ਵੇਵ



**ਨਵੀਂ ਦਿੱਲੀ** : ਜਲਵਾਯੂ ਬਦਲਣ ਕਾਰਨ ਦੁਨੀਆ ਭਰ 'ਚ ਐਕਸਟ੍ਰੀਮ ਹੀਟ ਵੇਵ ਹੌਲੀ ਚੱਲ ਰਹੀ ਹੈ, ਦੂਜੇ ਸ਼ਬਦਾਂ 'ਚ ਹੁਣ ਉਚ ਤਾਪਮਾਨ ਦੇ ਨਾਲ ਲੋਕਾਂ ਨੂੰ ਲੰਮੇ ਸਮੇਂ ਤੱਕ ਝੁਲਸਾਉਣ ਲੱਗੀ ਹੈ। ਜਿਸ ਤਰ੍ਹਾਂ ਓਵਨ 'ਚ ਲੰਮੇ ਸਮੇਂ ਤੱਕ ਗਰਮ ਰਹਿਣ ਨਾਲ ਚੀਜ਼ਾਂ ਜ਼ਿਆਦਾ ਪੱਕਦੀਆਂ ਹਨ, ਉਸੇ ਤਰ੍ਹਾਂ ਇਸ ਮਾਮਲੇ 'ਚ ਇੱਥੇ ਇਨਸਾਨ ਹਨ, ਜੋ ਝੁਲਸ ਰਹੇ ਹਨ। ਸਾਇੰਸ ਐਡਵਾਂਸਿਜ਼ ਜਰਨਲ 'ਚ ਪ੍ਰਕਾਸ਼ਿਤ ਇੱਕ ਖੋਜ ਅਨੁਸਾਰ 1979 ਤੋਂ ਬਾਅਦ ਗਲੋਬਲ ਹੀਟ ਵੇਵ 20 ਫੀਸਦੀ ਜ਼ਿਆਦਾ ਹੌਲੀ ਚਾਲ ਚੱਲ ਰਹੀ ਹੈ, ਜਿਸ ਦਾ ਅਰਥ ਹੈ ਕਿ ਜਿਆਦਤਰ ਲੋਕ ਵੱਧ ਸਮੇਂ ਤੱਕ ਗਰਮ ਤਾਪਮਾਨ 'ਚ ਰਹਿਣ ਨੂੰ ਮਜਬੂਰ ਹਨ। ਇਸ ਸਥਿਤੀ 'ਚ 67 ਫੀਸਦੀ ਦਾ ਵਾਧਾ ਹੋਇਆ ਹੈ। ਜ਼ਿਆਦਾ ਗਰਮੀ ਦੇ ਦੌਰ 'ਚ ਉਚਤਮ ਤਾਪਮਾਨ ਲਗਭਗ ਚਾਰ ਦਹਾਕਿਆਂ ਦੇ ਪਹਿਲਾਂ ਦੀ ਤੁਲਨਾ 'ਚ ਵੱਧ ਗਰਮ ਹੋ ਗਿਆ ਹੈ। ਵੇਈ ਝਾਂਗ ਅਨੁਸਾਰ ਇਹ ਖੋਜ ਨਾ ਕੇਵਲ ਤਾਪਮਾਨ ਅਤੇ ਖੇਤਰ 'ਤੇ ਧਿਆਨ ਕੇਂਦਰਤ ਕਰਦੀ ਹੈ, ਬਲਕਿ ਵੱਧ ਖ਼ਤਰਨਾਕ ਗਰਮੀ ਕਿੰਨੇ ਸਮੇਂ ਤੱਕ ਰਹਿੰਦੀ ਹੈ ਅਤੇ ਇਹ ਮਹਾਂਦੀਪਾਂ 'ਚ ਕਿਸ ਤਰ੍ਹਾਂ ਫੈਲਦੀ ਹੈ, ਇਸ 'ਤੇ ਵੀ ਨਜ਼ਰ ਰੱਖਦਾ ਹੈ।

ਗਰਮੀ ਦਾ ਸਭ ਤੋਂ ਜ਼ਿਆਦਾ ਯੂਰਪ ਅਤੇ ਏਸ਼ੀਆਈ ਦੇਸ਼ਾਂ 'ਤੇ ਪ੍ਰਭਾਵ ਪਿਆ ਹੈ। ਉਥੇ ਹੀ ਅਫਰੀਕੀ ਦੇਸ਼ਾਂ 'ਚ ਗਰਮੀ ਸਭ ਤੋਂ ਵੱਧ ਹੌਲੀ ਚਾਲ ਚੱਲ ਰਹੀ ਹੈ। ਖੋਜ ਮੌਸਮ ਦੇ ਪੈਟਰਨ 'ਚ ਹੋਣ ਵਾਲੇ ਬਦਲਾਵਾਂ 'ਤੇ ਵੀ ਨਜ਼ਰ ਰੱਖਦੀ ਹੈ, ਜੋ ਗਰਮ ਹਵਾਵਾਂ ਨੂੰ ਫੈਲਾਉਂਦਾ ਹੈ। ਵਾਯੂ ਮੰਡਲੀ ਤਰੰਗਾਂ ਜੋ ਮੌਸਮ ਪ੍ਰਣਾਲੀਆਂ ਨੂੰ ਆਪਣੇ ਨਾਲ ਲੈ ਜਾਂਦੀਆਂ ਹਨ, ਜੈਟ ਸਟ੍ਰੀਮ ਲਗਾਤਾਰ ਕਮਜ਼ੋਰ ਹੋ ਰਿਹਾ ਹੈ, ਇਸ ਲਈ ਗਰਮੀ ਦੀਆਂ ਲਹਿਰਾਂ ਨੂੰ ਓਨੀ ਤੇਜ਼ੀ ਨਾਲ ਨਹੀਂ ਲਿਜਾ ਰਹੀ। ਜੇ ਗ੍ਰੀਨ ਹਾਊਸ ਗੈਸ ਵਧਦੀ ਰਹੀ ਅਤੇ ਕੋਈ ਪ੍ਰਭਾਵੀ ਹੱਲ ਨਾ ਕੀਤਾ ਗਿਆ ਤਾਂ ਲੰਮੇ ਸਮੇਂ ਤੱਕ ਹੌਲੀ ਰਫ਼ਤਾਰ ਨਾਲ ਚੱਲਣ ਵਾਲੀ ਖ਼ਤਰਨਾਕ ਗਰਮੀ ਦੀਆਂ ਲਹਿਰਾਂ ਭਵਿੱਖ 'ਚ ਕੁਦਰਤ ਅਤੇ ਸਮਾਜਕ ਪ੍ਰਣਾਲੀਆਂ 'ਤੇ ਹੋਰ ਵਿਨਾਸ਼ਕਾਰੀ ਪ੍ਰਭਾਵ ਪਾਉਣਗੀਆਂ।

## ਢਿਗਾਂ ਡਿੱਗਣ ਕਾਰਨ ਕੌਮੀ ਮਾਰਗ ਬੰਦ



**ਰਾਮਬਨ** : ਜੰਮੂ-ਸ੍ਰੀਨਗਰ ਕੌਮੀ ਮਾਰਗ-44 'ਤੇ ਕਿਸ਼ਤਵਾੜ 'ਚ ਢਿਗਾਂ ਡਿੱਗ ਗਈਆਂ, ਜਿਸ ਕਾਰਨ ਇਹ ਕੌਮੀ ਮਾਰਗ ਬੰਦ ਹੋ ਗਿਆ। ਇਸ ਮੌਕੇ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ। ਪੁਲਸ ਨੇ ਵਾਹਨਾਂ ਨੂੰ ਬਦਲਵੇਂ ਰਸਤੇ ਲੰਘਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

## ਬਰੇਨੀ ਬਡਜ਼ ਸਕੂਲ 'ਚ ਇਨਾਮ ਵੰਡ ਸਮਾਰੋਹ



**ਜਗਰਾਉਂ (ਸੰਜੀਵ ਅਰੋੜਾ)**-ਬਰੇਨੀ ਬਡਜ਼ ਸਕੂਲ ਦਾ ਤੀਸਰਾ ਸਲਾਨਾ ਇਨਾਮ ਵੰਡ ਸਮਾਗਮ ਹੋਇਆ। ਸਮਾਗਮ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮੱਲ੍ਹਾ, ਸੀਨੀਅਰ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ ਅਤੇ ਪ੍ਰੋ: ਮਹਿੰਦਰ ਸਿੰਘ ਜੱਸਲ ਸਾਬਕਾ ਡਾਇਰੈਕਟਰ ਸਾਇੰਸ ਕਾਲਜ ਜਗਰਾਉਂ ਨੇ ਸ਼ਮੂਲੀਅਤ ਕਰਦਿਆਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਦੌਰਾਨ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਜਤਿੰਦਰਪਾਲ ਸਿੰਘ ਔਲਖ, ਪ੍ਰਿੰ: ਸੁਰਿੰਦਰਪਾਲ ਕੌਰ, ਵਾਈਸ ਪ੍ਰਿੰ: ਗੁਰਮੀਤ ਕੌਰ ਬਾਜਵਾ, ਮੈਡਮ ਰਜਨੀ ਦੇਵੀ, ਸੁਖਵਿੰਦਰ ਕੌਰ, ਦਲਜੀਤ ਕੌਰ ਤੇ ਅਦਿੱਤੀ ਆਦਿ ਹਾਜ਼ਰ ਸਨ।

## ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਚੱਕ ਨਿਧਾਨਾ 'ਚ ਇਕਾਈ ਦਾ ਗਠਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਗੁਰੂ ਹਰਸਹਾਏ-2 ਜ਼ਿਲ੍ਹਾ ਆਗੂ ਬਗੀਚਾ ਸਿੰਘ, ਬਲਾਕ ਪ੍ਰਧਾਨ ਸੁਖਦੇਵ ਢੋਟ, ਮੀਤ ਪ੍ਰਧਾਨ ਮੰਗਲ ਦਾਸ ਤੇ ਜਰਨਲ ਸਕੱਤਰ ਹਰਮੇਸ਼ ਲਾਲ ਦੀ ਅਗਵਾਈ ਵਿੱਚ ਪਿੰਡ ਚੱਕ ਨਿਧਾਨਾ ਵਿੱਚ ਮੀਟਿੰਗ ਕੀਤੀ ਗਈ, ਜਿਸ 'ਚ ਸਤਨਾਮ ਚੰਦ ਪ੍ਰਧਾਨ ਪੰਜੇ ਕੇ, ਬਲਵਿੰਦਰ ਸਿੰਘ, ਬੂੜ ਸਿੰਘ, ਰਮੇਸ਼ ਲਾਲ, ਚਿਮਨ ਲਾਲ ਜੱਟੂ ਰਾਮ ਆਦਿ ਹਾਜ਼ਰ ਸਨ।ਮੀਟਿੰਗ ਵਿੱਚ ਨਵੀਂ ਇਕਾਈ ਦੀ ਸਰਵਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਇਕਾਈ ਪ੍ਰਧਾਨ ਗੁਰਦੇਵ ਸਿੰਘ, ਮੀਤ ਪ੍ਰਧਾਨ ਮਨਦੀਪ ਸਿੰਘ, ਜਨਰਲ ਸਕੱਤਰ ਮੰਗਤ ਰਾਮ, ਪ੍ਰੈੱਸ ਸਕੱਤਰ ਰਾਜ ਕੁਮਾਰ, ਖਜ਼ਾਨਚੀ ਰਜਿੰਦਰ ਕੁਮਾਰ, ਅਮੀਰ ਚੰਦ, ਦਲੀਪ ਸਿੰਘ ਅਜੀਤ ਪਾਲ, ਫੌਜਾ ਰਾਮ, ਪੂਰਨ ਚੰਦ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਹਰਮੇਸ਼ ਲਾਲ, ਹਰਜੀਤ ਸਿੰਘ, ਰਿਸ਼ਾਂਤ ਕੰਬੋਜ, ਸੁਲੱਖਣ ਰਾਮ, ਰਾਜ ਕੁਮਾਰ, ਕਮਲਜੀਤ, ਹਰਬੰਸ ਸਿੰਘ, ਜੰਗੀਰ ਸਿੰਘ, ਬੋਹੜ ਸਿੰਘ, ਹਰਚਰਨ ਸਿੰਘ, ਹਰਵਿੰਦਰ ਸਿੰਘ ਮੈਂਬਰ ਨਿਯੁਕਤ ਕੀਤੇ ਗਏ।ਇਸ ਮੌਕੇ ਗਠਿਤ ਕੀਤੀ ਕਮੇਟੀ ਨੇ ਵਿਸ਼ਵਾਸ ਦਿਵਾਇਆ ਕਿ ਅਸੀਂ ਬੀਕੇਯੂ ਡਕੌਂਦਾ ਦੇ ਸੰਵਿਧਾਨ ਅਨੁਸਾਰ ਕੰਮ ਕਰਾਂਗੇ, ਜਿੱਥੇ ਵੀ ਕਮੇਟੀ ਸਾਡੀ ਡਿਊਟੀ ਲਾਵੇਗੀ, ਅਸੀਂ ਪੂਰੀ ਜ਼ਿੰਮੇਵਾਰੀ ਨਿਭਾਵਾਂਗੇ।

## ਯੂਥ ਅਕਾਲੀ ਦਲ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਨਵੇਂ ਬਣੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਦਾ ਪ੍ਰਧਾਨ ਬਣਨ ਉਪਰੰਤ ਪਹਿਲੀ ਵਾਰ ਪਾਤੜਾ ਆਉਣ ਤੇ ਅਕਾਲੀ ਦਲ ਦੇ ਆਗੂ ਅਜੈਬ ਸਿੰਘ ਮੱਲ੍ਹੀ ਦੇ ਗ੍ਰਹਿ ਵਿਖੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਇੰਚਾਰਜ ਬਾਬੂ ਕਬੀਰ ਦਾਸ ਅਤੇ ਯੂਥ ਵਿੰਗ ਦੇ ਕੋਰ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਦਾ ਸਨਮਾਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਅਤੇ ਯੂਥ ਆਗੂ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਵਿਰੋਧੀ ਪਾਰਟੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵੱਡੇ ਪੱਧਰ ਉੱਤੇ ਕੂੜ ਪ੍ਰਚਾਰ ਕੀਤਾ ਗਿਆ ਪਰ ਸੂਬੇ ਦੇ ਲੋਕ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕੂੜ ਪ੍ਰਚਾਰ ਨੂੰ ਭਲੀਭਾਂਤ ਸਮਝ ਚੁੱਕੇ ਹਨ ਅਤੇ ਲਗਾਤਾਰ ਅਕਾਲੀ ਦਲ ਨਾਲ ਜੁੜ ਰਹੇ ਹਨ। ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਨੇ ਹਲਕਾ ਸ਼ੁਤਰਾਣਾ ਦੀ ਟੀਮ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਨੌਜਵਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਉਤਸ਼ਾਹ ਵਿੱਚ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਗੂ ਅਜੈਬ ਸਿੰਘ ਮੱਲ੍ਹੀ, ਲਖਵਿੰਦਰ ਸਿੰਘ ਮੌਲਵੀਵਾਲਾ ਅਤੇ ਤੇਜਵੀਰ ਸਿੰਘ ਖਾਂਗ ਆਦਿ ਹਾਜ਼ਰ ਸਨ।

## ਢੋਸੀਵਾਲ ਤੇ ਹੋਰਨਾਂ ਨੇ ਦਰਬਾਰ ਸਾਹਿਬ ਵਿਖੇ ਸੀਸ ਝੁਕਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਸਰਬ ਸੰਮਤੀ ਨਾਲ ਦਸਵੀਂ ਵਾਰ ਨਵੇਂ ਚੁਣੇ ਗਏ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਸਥਾਨਕ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਚਰਨਾਂ ਵਿਚ ਸੀਸ ਝੁਕਾਇਆ। ਇਸ ਮੌਕੇ ਉਨ੍ਹਾਂ ਨਾਲ ਮਿਸ਼ਨ ਦੇ ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਸੀਨੀਅਰ ਮੀਤ ਪ੍ਰਧਾਨ ਗੁਰਪਾਲ ਸਿੰਘ ਪਾਲੀ, ਮਿਸ਼ਨ-ਪ੍ਰਸ਼ਾਸਨ ਕੋਆਰਡੀਨੇਟਰ ਰਜਿੰਦਰ ਖੁਰਾਣਾ, ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ ਅਤੇ ਜੁਆਇੰਟ ਸਕੱਤਰ ਮਨੋਹਰ ਲਾਲ ਹਕਲਾ ਆਦਿ ਮੌਜੂਦ ਸਨ। ਮਿਸ਼ਨ ਆਗੂਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਇਲਾਕੇ ਦੀ ਸੁੱਖ ਸ਼ਾਂਤੀ ਅਤੇ ਸਭਨਾਂ ਦੇ ਭਲੇ ਲਈ ਅਰਦਾਸ ਕਰਵਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਹਜ਼ੂਰੀ ਵਿਚ ਮਿਸ਼ਨ ਨੂੰ ਸਮਾਜ ਸੇਵਾ ਦੇ ਕਾਰਜਾਂ ਲਈ ਬਲ ਬਖ਼ਸ਼ਣ ਦੀ ਬੇਨਤੀ ਜੋਦੜੀ ਕੀਤੀ ਗਈ।ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰੇਸ਼ਮ ਸਿੰਘ ਨੇ ਆਪਣੇ ਦਫਤਰ ਵਿਚ ਸਮੂਹ ਮਿਸ਼ਨ ਆਗੂਆਂ ਨੂੰ ਜੀ ਆਇਆਂ ਕਿਹਾ ਅਤੇ ਪ੍ਰਧਾਨ ਢੋਸੀਵਾਲ ਨੂੰ ਸਿਰੋਪਾਓ ਭੇਟ ਕੀਤਾ। ਇਸ ਮੌਕੇ ਮੈਨੇਜਰ ਨੇ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਵੱਖ-ਵੱਖ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੀਤ ਮੈਨੇਜਰ ਸੁਖਦੇਵ ਸਿੰਘ ਅਤੇ ਹੈੱਡ ਗ੍ਰੰਥੀ ਬਲਵਿੰਦਰ ਸਿੰਘ ਤੋਂ ਇਲਾਵਾ ਸਾਬਕਾ ਮੈਨੇਜਰ ਜਰਨੈਲ ਸਿੰਘ ਵੀ ਉਚੇਚੇ ਤੌਰ 'ਤੇ ਮੌਜੂਦ ਸਨ।

## ਸਤੀਸ਼ ਗਰਗ ਪ੍ਰਧਾਨ ਤੇ ਸਤੀਸ਼ ਅਰੋੜਾ ਦੂਜੀ ਵਾਰ ਸੋਸ਼ਲ ਵੈਲਫੇਅਰ ਯੂਨਿਟ ਦੇ ਚੇਅਰਮੈਨ ਨਿਯੁਕਤ



**ਧੂਰੀ (ਸੁਖਦੇਵ ਧੂਰੀ)**-ਧੂਰੀ ਸੋਸ਼ਲ ਵੈਲਫੇਅਰ ਯੂਨਿਟ ਧੂਰੀ ਦੀ ਹੋਈ ਸਲਾਨਾ ਚੋਣ ਡਿਨਰ ਮੀਟਿੰਗ ਐਮ ਜੀ ਐਮ ਵਿੱਚ ਬਣੇ ਨਵੇਂ ਰੈਸਟੋਰੈਂਟ ਚਾਵਲਾ ਵਿਖੇ ਮਲਕੀਤ ਸਿੰਘ ਚੇਅਰਮੈਨ ਤੇ ਪ੍ਰਧਾਨ ਸਤੀਸ਼ ਚੰਦਰ ਅਰੋੜਾ ਨੇ ਮੈਂਬਰਾਂ ਦੇ ਕੀਤੇ ਸਹਿਯੋਗ ਪ੍ਰਤੀ ਅਭਾਰ ਪ੍ਰਗਟ ਕੀਤਾ। ਨਰਿੰਦਰ ਪਾਲ ਸਿੰਗਲਾ ਕੈਸ਼ੀਅਰ ਵਲੋਂ ਸਾਲ ਭਰ ਦਾ ਲੇਖਾ ਜੋਖਾ ਪੇਸ਼ ਕੀਤਾ ਗਿਆ ਜਿਸ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਉਪਰੰਤ ਨਵੀਂ ਚੋਣ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਸਰਬ ਸੰਮਤੀ ਨਾਲ ਦੂਜੀ ਵਾਰ ਸਤੀਸ਼ ਚੰਦਰ ਅਰੋੜਾ ਸੇਵਾ ਮੁਕਤ ਸੀਨੀਅਰ ਲੈਕਚਰਾਰ ਨੂੰ ਚੇਅਰਮੈਨ ਤੇ ਸੇਵਾ ਮੁਕਤ ਕਾਰਜ ਸਾਧਕ ਅਫਸਰ ਸਤੀਸ਼ ਕੁਮਾਰ ਗਰਗ ਨੂੰ ਦੂਜੀ ਵਾਰ ਪ੍ਰਧਾਨ ਚੁਣ ਲਿਆ ਗਿਆ ਜਦ ਕਿ ਮਲਕੀਤ ਸਿੰਘ ਚਾਗਲੀ ਤੇ ਰਵਿੰਦਰ ਸਿੰਘ ਕੋਹਲੀ ਨੂੰ ਦੋਵਾਂ ਨੂੰ ਸਲਾਹਕਾਰ, ਸੰਦੀਪ ਸੇਠ ਨੂੰ ਸਮਾਜ ਭਲਾਈ ਦੇ ਕੰਮ ਲਈ ਪ੍ਰੋਜੈਕਟ ਇੰਚਾਰਜ, ਡਾਕਟਰ ਰਾਕੇਸ਼ ਸਿੰਗਲਾ ਨੂੰ ਸੀਨੀਅਰ ਵਾਇਸ ਪ੍ਰਧਾਨ, ਰਾਜਿੰਦਰ ਕੁਮਾਰ ਬਿੱਲਾ ਨੂੰ ਮੀਤ ਪ੍ਰਧਾਨ ਤੇ ਮਨਜੀਤ ਬਖਸ਼ੀ ਨੂੰ ਪਹਿਲਾਂ ਵਾਂਗ ਜਨਰਲ ਸਕੱਤਰ ਤੇ ਨਰਿੰਦਰ ਪਾਲ ਸਿੰਗਲਾ ਨੂੰ ਕੈਸ਼ੀਅਰ ਹੀ ਰੱਖਿਆ ਗਿਆ। ਕਰਮ ਸਿੰਘ ਸੋਢੀ ਤੇ ਵਿਜੇ ਸੋਫਤ ਸਰਪ੍ਰਸਤ ਬਣਾਏ ਗਏ। ਹੋਰਨਾਂ ਅਹੁਦੇਦਾਰਾਂ ਵਿਚ ਵਿਸ਼ਾਲ ਜੈਨ ਤੇ ਹਰੀਸ਼ ਕੁਮਾਰ ਅਰੋੜਾ ਨੂੰ ਮੁੱਖ ਪ੍ਰਬੰਧਕ, ਡਾਕਟਰ ਜੈਗੋਪਾਲ ਨੂੰ ਕਨਵੀਨਰ ਐਡਵੋਕੇਟ ਰਮਨਜੋਤ ਦੇ ਨਾਲ-ਨਾਲ ਸੁਰਿੰਦਰ ਬਾਂਸਲ ਨੂੰ ਪ੍ਰੈੱਸ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਲ ਪ੍ਰਧਾਨਾਂ ਦੀਆਂ ਨਿਯੁਕਤੀਆਂ



**ਕੋਟਕਪੂਰਾ (ਰਛਪਾਲ ਭੁੱਲਰ)**-ਪਿੰਡ ਸੰਧਵਾਂ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਨਿਯੁਕਤ ਸਰਕਲ ਪ੍ਰਧਾਨਾਂ ਨੂੰ ਹਲਕਾ ਕੋਟਕਪੂਰਾ ਦੇ ਸੀਨੀਅਰ ਪਾਰਟੀ ਵਰਕਰਾਂ ਦੀ ਮੌਜੂਦਗੀ ਵਿੱਚ ਮਨਤਾਰ ਸਿੰਘ ਬਰਾੜ ਮੈਂਬਰ ਕੋਰ ਕਮੇਟੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਫ਼ਰੀਦਕੋਟ ਦਿਹਾਤੀ ਦੇ ਪ੍ਰਧਾਨ ਸ਼ੇਰ ਸਿੰਘ ਮੰਡ ਨੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ, ਜਿਸ ਵਿੱਚ ਸਰਕਲ ਢੁੱਡੀ ਤੋਂ ਕੁਲਦੀਪ ਸਿੰਘ ਢਿੱਲੋਂ ਕੋਟਸੁਖੀਆ, ਸਰਕਲ ਚਹਿਲ ਤੋਂ ਅਮਨਦੀਪ ਸਿੰਘ ਸੰਧੂ ਸਿੱਖਾਂਵਾਲਾ, ਸਰਕਲ ਕੋਟਕਪੂਰਾ ਦਿਹਾਤੀ ਤੋਂ ਨਾਹਰ ਸਿੰਘ ਸੇਖੋਂ ਮਚਾਕੀ ਮੱਲ ਸਿੰਘ, ਸਰਕਲ ਵਾੜਾ ਦਰਾਕਾ ਤੋਂ ਜਤਿੰਦਰ ਸਿੰਘ ਸ਼ਨੀ ਮੌੜ ਤੇ ਸਰਕਲ ਢੀਮਾਂਵਾਲੀ ਤੋਂ ਗੁਰਪਿਆਰ ਸਿੰਘ ਦਿਓਲ ਢੀਮਾਂਵਾਲੀ ਸ਼ਾਮਲ ਸਨ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਮੋਦੀ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬੁਰਜ ਸਾਹਿਬ ਧਾਰੀਵਾਲ (ਜ਼ਿਲ੍ਹਾ ਗੁਰਦਾਸਪੁਰ) ਵੱਲੋਂ ਧਾਰੀਵਾਲ-ਭੁੰਬਲੀ ਸੜਕ ਉਪਰ ਖੁੰਡਾ ਚੌਂਕ ਵਿੱਚ ਪੰਜਾਬ ਸਰਕਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਤੇ ਨਾਅਰੇਬਾਜ਼ੀ ਕੀਤੀ।

ਕਿਸਾਨ ਆਗੂਆਂ ਨੇ ਕਿਹਾ ਕਿ ਵਿਸ਼ਵ ਵਪਾਰ ਸੰਗਠਨ ਅੱਗੇ ਗੋਡੇ ਟੇਕ ਚੁੱਕੀ ਕੇਂਦਰ ਸਰਕਾਰ ਵੱਲੋਂ ਅਪਣਾਈ ਕਿਸਾਨ ਮਜ਼ਦੂਰ ਮਾਰੂ ਨੀਤੀ 'ਤੇ ਚੱਲਦੇ ਹੋਏ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ 15 ਮਾਰਚ ਨੂੰ ਮੰਡੀ ਬੋਰਡ ਦੇ ਬਣੇ ਐਕਟ 1961 ਵਿੱਚ ਸੋਧ ਕਰਕੇ ਪੰਜਾਬ ਦੀਆਂ 26 ਮਾਰਕੀਟ ਕਮੇਟੀਆਂ ਤੋੜ ਕੇ ਦੂਜੇ ਵਿਭਾਗਾਂ ਵਿੱਚ ਰਲੇਵਾਂ ਕਰ ਦਿੱਤਾ ਹੈ ਤੇ ਕਿਸਾਨਾਂ ਦੀਆਂ ਜਿਣਸਾਂ/ਫਸਲਾਂ ਦੀ ਖਰੀਦੋ ਫਰੋਕਤ ਦਾ ਪ੍ਰਬੰਧ ਨਿੱਜੀ ਕੰਪਨੀਆਂ ਅੰਬਾਨੀ, ਅਡਾਨੀ ਦੇ ਬਣੇ 9 ਸਾਇਲੋ ਗੋਦਾਮਾਂ ਨੂੰ ਦੇ ਦਿੱਤਾ ਹੈ। ਪੂਰੇ ਪੰਜਾਬ ਵਿੱਚ 72 ਸਾਇਲੋ ਗੋਦਾਮ ਬਣ ਰਹੇ ਹਨ।

ਕਿਸਾਨ ਆਗੂਆਂ ਕਿਹਾ ਏਸੇ ਤਰ੍ਹਾਂ ਦੇਸ ਵਿੱਚ 42 ਹਜਾਰ ਸਰਕਾਰੀ ਮੰਡੀਆਂ ਬਨਾਉਣ ਦੀ ਬਜਾਏ, ਜੋ ਦੇਸ ਵਿੱਚ 7 ਹਜਾਰ ਤੇ ਪੰਜਾਬ ਵਿੱਚ 1800 ਮੰਡੀਆਂ ਹਨ, ਉਹ ਵੀ ਖੇਤੀ ਕਾਨੂੰਨਾਂ ਦੀ ਨੀਤੀ ਤਹਿਤ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਖੇਤੀ ਕਾਨੂੰਨ ਭਾਵੇਂ ਕਿਸਾਨੀ ਸੰਘਰਸ਼ ਦੇ ਦਬਾਅ ਹੇਠ ਪਾਰਲੀਮੈਂਟ ਵਿੱਚ ਰੱਦ ਕਰ ਦਿੱਤੇ ਗਏ, ਪਰ ਕੇਂਦਰ ਵੱਲੋਂ ਖੇਤੀ ਕਾਨੂੰਨ ਰੱਦ ਦਾ ਨੋਟੀਫਿਕੇਸਨ ਜਾਰੀ ਨਾ ਕਰਨ ਕਰਕੇ ਇਹ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਖੇਤੀ ਕਿੱਤੇ ਤੇ ਕਾਰਪੋਰੇਟ ਘਰਾਣਿਆਂ ਦਾ ਕਬਜਾ ਕਰਵਾਉਣ ਲਈ ਦੇਸ ਦੇ 60 ਕਰੋੜ ਕਿਸਾਨਾਂ ਨੂੰ ਬਾਹਰ ਕਰਨ ਦੀ ਤਿਆਰੀ ਹੈ। ਪੰਜਾਬ ਸਰਕਾਰ ਵੱਲੋਂ 26 ਮਾਰਕੀਟ ਕਮੇਟੀਆਂ ਤੋੜਨ ਦੇ ਫੈਸਲੇ ਦਾ ਸਖਤ ਸ਼ਬਦਾਂ ਵਿੱਚ ਵਿਰੋਧ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਇਹ ਫੈਸਲਾ ਤੁਰੰਤ ਵਾਪਸ ਲਿਆ ਜਾਵੇ। ਦੇਸ ਦੇ ਦੋ ਵੱਡੇ ਫੋਰਮ ਕਿਸਾਨ ਮਜ਼ਦੂਰ ਮੋਰਚਾ ਤੇ ਗੈਰ ਰਾਜਨੀਤਕ ਵੱਲੋਂ ਸੰਭੂ ਬਾਰਡਰ ਅਤੇ ਖਨੌਰੀ ਬਾਰਡਰ 'ਤੇ ਮੋਰਚੇ ਚੱਲ ਰਹੇ ਹਨ, ਉਹ ਗਾਰੰਟੀ ਕਾਨੂੰਨ ਬਨਾਉਣ, ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਾਉਣ, ਕਿਸਾਨਾਂ ਦੀ ਕਰਜਾ ਮੁਕਤੀ ਤੇ ਕਿਸਾਨਾਂ ਮਜ਼ਦੂਰਾਂ ਦੀਆਂ 12 ਮੰਗਾਂ ਲਾਗੂ ਕਰਾਉਣ ਲਈ ਮੋਰਚੇ ਚੱਲ ਰਹੇ ਹਨ। ਆਉਣ ਵਾਲੇ ਦਿਨਾਂ ਵਿੱਚ ਉਥੋਂ ਹੀ ਮਾਰਕੀਟ ਕਮੇਟੀਆਂ ਤੋੜਨ ਦੇ ਵਿਰੋਧ ਵਿੱਚ ਵੱਡੇ ਐਲਾਨ ਕੀਤੇ ਜਾਣਗੇ।

ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾ, ਸਕੱਤਰ ਸਤਨਾਮ ਸਿੰਘ ਖਾਨਮਲੱਕ, ਦਵਿੰਦਰ ਸਿੰਘ ਲਾਡੀ, ਸ਼ਾਮ ਸਿੰਘ ਗਿੱਲਮੰਝ ਸਮੇਤ ਪਿੰਡਾਂ ਦੀਆਂ ਇਕਾਈਆਂ ਦੇ ਆਗੂ ਤੇ ਬੀਬੀਆਂ ਹਾਜ਼ਰ ਸਨ।

# ਪ੍ਰਨੀਤ ਕੌਰ ਨੇ ਚੌਧਰੀ ਅਮਨਦੀਪ ਸਿੰਘ ਦਾ ਭਾਜਪਾ 'ਚ ਕੀਤਾ ਸਵਾਗਤ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪਟਿਆਲਾ ਤੋਂ ਸੰਸਦ ਮੈਂਬਰ ਤੇ ਸਾਬਕਾ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਸ਼ੁਤਰਾਣਾ ਤੋਂ ਯੂਥ ਕਾਂਗਰਸ ਦੇ ਪ੍ਰਧਾਨ ਚੌਧਰੀ ਅਮਨਦੀਪ ਸਿੰਘ ਦਾ ਸਾਥੀਆਂ ਸਮੇਤ ਭਾਰਤੀ ਜਨਤਾ ਪਾਰਟੀ ਵਿੱਚ ਸਵਾਗਤ ਕੀਤਾ।ਪਟਿਆਲਾ ਤੋਂ ਸੰਸਦ ਮੈਂਬਰ ਨੇ ਕਿਹਾ, 'ਮੈਨੂੰ ਸ਼ੁਤਰਾਣਾ ਤੋਂ ਯੂਥ ਕਾਂਗਰਸ ਦੇ ਪ੍ਰਧਾਨ ਚੌਧਰੀ ਅਮਨਦੀਪ ਸਿੰਘ ਦਾ ਪਾਰਟੀ ਵਿੱਚ ਸੁਆਗਤ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ।ਅਜਿਹੇ ਪ੍ਰਤਿਭਾਸ਼ਾਲੀ ਨੌਜਵਾਨ ਆਗੂਆਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਸਰਕਾਰ ਦੀਆਂ ਨੀਤੀਆਂ ਵਿੱਚ ਸਾਡੇ ਨੌਜਵਾਨਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।ਪਾਰਟੀ ਵਿੱਚ ਇਹ ਨਿਯਮਿਤ ਤੌਰ 'ਤੇ ਵਧ ਰਹੇ ਪਰਵਾਰ ਨੇ ਨਾ ਸਿਰਫ਼ ਸਾਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕੀਤਾ ਹੈ, ਸਗੋਂ ਇਨ੍ਹਾਂ ਨੇ ਪਾਰਟੀ ਦੇ ਕਾਡਰ ਨੂੰ ਹੋਰ ਵੀ ਆਤਮ-ਵਿਸ਼ਵਾਸ ਨਾਲ ਭਰਿਆ ਹੈ।ਇਹ ਬਹੁਤ ਸਪੱਸ਼ਟ ਹੈ ਕਿ ਭਾਰਤੀ ਜਨਤਾ ਪਾਰਟੀ ਇੱਕ ਵਾਰ ਫਿਰ ਆਗਾਮੀ ਲੋਕ ਸਭਾ ਵਿੱਚ ਵੱਡੀ ਜਿੱਤ ਦਰਜ ਕਰੇਗੀ ਤੇ ਮੈਨੂੰ ਯਕੀਨ ਹੈ ਕਿ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਭਾਜਪਾ ਨੂੰ ਹੀ ਇੱਕ ਵਿਕਲਪ ਵਜੋਂ ਚੁਣਨਗੇ। ਪ੍ਰਨੀਤ ਕੌਰ ਨੇ ਦੱਸਿਆ ਕਿ ਅਮਨਦੀਪ ਸਿੰਘ ਸ਼ੁਤਰਾਣਾ ਯੂਥ ਕਾਂਗਰਸ ਦੇ ਦੋ ਵਾਰ ਪ੍ਰਧਾਨ ਚੁਣੇ ਗਏ ਹਨ ਤੇ ਉਹ ਯੂਥ ਕਾਂਗਰਸ ਪਟਿਆਲਾ ਜ਼ਿਲ੍ਹਾ ਦੇ ਬੁਲਾਰੇ ਦਾ ਅਹੁਦਾ ਵੀ ਸੰਭਾਲ ਚੁੱਕੇ ਹਨ।

# 20 ਸਾਲ ਸਰਕਾਰੀ ਬੱਸ 'ਤੇ ਡਿਊਟੀ ਨਿਭਾਅ ਕੇ ਖਾਲੀ ਹੱਥ ਘਰ ਪਰਤਿਆ ਪੀ ਆਰ ਟੀ ਸੀ ਦਾ ਡਰਾਈਵਰ

### ਕਿਸੇ ਵੀ ਸਰਕਾਰ ਨੇ ਨਹੀਂ ਲਈ ਕੱਚੇ ਮੁਲਾਜ਼ਮਾਂ ਦੀ ਸਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਡਿਪੂ 'ਚ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਬੱਸ ਚਲਾਉਂਦਾ ਚਲਾਉਂਦਾ ਜਸਵੀਰ ਸਿੰਘ ਨਾਂਅ ਦਾ ਡਰਾਈਵਰ ਕੱਚਾ ਹੀ ਰਿਟਾਇਰਡ ਹੋ ਗਿਆ। 2004 ਵਿੱਚ ਜਸਵੀਰ ਸਿੰਘ ਪੀ ਆਰ ਟੀ ਸੀ ਬਠਿੰਡਾ ਡਿੱਪੂ ਵਿੱਚ ਠੇਕੇਦਾਰੀ ਸਿਸਟਮ ਤਹਿਤ ਭਰਤੀ ਹੋਇਆ ਅਤੇ ਸਰਕਾਰੀ ਬੱਸ ਤੇ ਡਰਾਈਵਰੀ ਕਰਦਾ ਆ ਰਿਹਾ ਸੀ। 2016 ਵਿੱਚ ਜਸਵੀਰ ਸਿੰਘ ਨੂੰ ਪੀ ਆਰ ਟੀ ਸੀ ਵਿੱਚ ਕੰਟਰੈਕਟ 'ਤੇ ਲੈ ਲਿਆ ਗਿਆ ਅਤੇ ਇਸ ਉਮੀਦ ਤੇ ਡਿਊਟੀ ਕਰਦਾ ਰਿਹਾ ਕੇ ਜਲਦੀ ਉਹ ਕੰਟਰੈਕਟ ਤੋਂ ਰੈਗੂਲਰ ਹੋਵੇਗਾ ਤੇ ਆਪਣੇ ਪਰਵਾਰ ਦਾ ਵਧੀਆ ਪਾਲਣ ਪੋਸ਼ਣ ਕਰ ਸਕੇਗਾ।ਪਰ ਬੜੇ ਦੁੱਖ ਦੀ ਗੱਲ ਕੇ ਸਮੂਹ ਪੀ ਆਰ ਟੀ ਸੀ ਮੁਲਾਜ਼ਮਾਂ ਨੇ ਵੱਡੇ ਪੱਧਰ 'ਤੇ ਪ੍ਰਚਾਰ ਕਰਕੇ ਆਮ ਆਦਮੀ ਦੀ ਸਰਕਾਰ ਨੂੰ ਸੱਤਾ ਵਿੱਚ ਲਿਆਂਦਾ ਕੇ ਸ਼ਾਇਦ ਇਹ ਸਰਕਾਰ ਹੀ ਸਾਨੂੰ ਰੈਗੂਲਰ ਕਰੇਗੀ, ਪਰ ਭਗਵੰਤ ਮਾਨ ਦਾ ਹਰਾ ਪੈੱਨ ਸਾਨੂੰ ਸਾਡੇ ਵਿਭਾਗ ਵਿੱਚ ਰੈਗੂਲਰ ਕਰਨ ਲਈ ਨਹੀਂ ਚੱਲਿਆ ਤੇ 31 ਮਾਰਚ ਨੂੰ ਸਾਥੀ ਜਸਵੀਰ ਸਿੰਘ ਨਮ ਅੱਖਾਂ ਨਾਲ ਵੀਹ ਸਾਲਾਂ ਬਾਅਦ ਵੀ ਨਿਰਾਸ਼ ਹੋ ਕੇ ਕੱਚੇ ਰਿਟਾਇਰ ਹੋ ਕੇ ਖ਼ਾਲੀ ਹੱਥ ਘਰ ਜਾਣ ਲਈ ਮਜਬੂਰ ਹੋ ਗਿਆ।ਅਸੀਂ ਸਰਕਾਰ ਤੋਂ ਇਹੋ ਮੰਗ ਕਰਦੇ ਹਾਂ ਕੇ ਪਹਿਲਾਂ ਵੀ ਕਈ ਸਾਥੀ ਕੱਚੇ ਰਿਟਾਇਰ ਹੋ ਚੁੱਕੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਕੱਚੇ ਰਿਟਾਇਰ ਹੋਣ ਜਾ ਰਹੇ ਹਨ ਤੇ ਜਲਦ ਸਰਕਾਰ ਉਨ੍ਹਾਂ ਨੂੰ ਕੋਈ ਪਾਲਿਸੀ ਬਣਾ ਕੇ ਜਾਂ ਪੀ ਆਰ ਟੀ ਸੀ ਦੇ ਆਪਣੇ ਰੂਲਾਂ (1981) ਤਹਿਤ ਰੈਗੂਲਰ ਕਰੇ ਅਤੇ ਬਾਕੀ ਰਹਿੰਦੇ ਵਰਕਰਾਂ ਦੇ ਮਸਲੇ ਹੱਲ ਕਰਦੇ ਹੋਏ ਸਾਰੇ ਵਰਕਰ ਪੱਕੇ ਕੀਤੇ ਜਾਣ। ਇਸ ਮੌਕੇ ਡਿੱਪੂ ਚ ਕੰਮ ਕਰਦੇ ਕੱਚੇ ਅਤੇ ਰੈਗੂਲਰ ਮੁਲਾਜ਼ਮਾਂ ਵੱਲੋਂ ਸਾਥੀ ਜਸਵੀਰ ਸਿੰਘ ਬੀ ਸੀ 05 ਨੂੰ ਆਪਣੇ ਵੱਲੋਂ ਕੁੱਝ ਪੈਸੇ ਦੇ ਕੇ ਉਸਦੀ ਮਾਲੀ ਮਦਦ ਕੀਤੀ ਗਈ ਅਤੇ ਸਮੂਹ ਵਰਕਰਾਂ ਨੇ ਉਸਨੂੰ ਡਿਪੂ ਵਿੱਚ ਵਿਦਾਇਗੀ ਪਾਰਟੀ ਦੇ ਕੇ ਮਾਣ ਸਤਿਕਾਰ ਦਿੱਤਾ ਗਿਆ।ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਵੱਲੋਂ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪੀ ਆਰ ਟੀ ਸੀ ਦੀ ਬੱਸ ਨੂੰ ਫੁੱਲਾਂ ਦੇ ਹਾਰ ਲਾ ਕੇ ਜਸਵੀਰ ਸਿੰਘ ਨੂੰ ਉਸਦੇ ਘਰ ਤੱਕ ਛੱਡ ਕੇ ਆਏ।

# ਡਾ. ਅੰਬੇਡਕਰ ਦੇ ਜਨਮ ਦਿਹਾੜੇ 'ਤੇ ਜਾਗਰੂਕਤਾ ਮਾਰਚ 12 ਨੂੰ



**ਝੁਨੀਰ/ਸਰਦੂਲਗੜ੍ਹ (ਆਤਮਾ ਸਿੰਘ ਪਮਾਰ)**-ਝੂਠ, ਲੁੱਟ ਤੇ ਨਫ਼ਰਤੀ ਵਿਚਾਰਧਾਰਾ ਨੂੰ ਲਾਗੂ ਕਰਦਿਆਂ ਹਿਟਲਰਸ਼ਾਹੀ ਸੋਚ ਰਾਹੀਂ ਸੰਵਿਧਾਨਕ ਸੰਸਥਾਵਾਂ ਦਾ ਘਾਣ ਕਰਕੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨ ਵਾਲੀ ਭਾਜਪਾ ਨੂੰ ਹਰਾਉਣਾ ਸਮੇਂ ਦੀ ਅਣਸਰਦੀ ਲੋੜ ਹੈ।ਹਰ ਵਰਗ ਦੇ ਲੋਕਾਂ ਉੱਪਰ ਤਾਨਾਸ਼ਾਹੀ ਰਵੱਈਏ ਤੇ ਸਹਿਮ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜੋ ਦੇਸ਼ ਦੇ ਭਵਿੱਖ, ਲੋਕਤੰਤਰ ਤੇ ਸੰਵਿਧਾਨ ਲਈ ਬਹੁਤ ਵੱਡਾ ਖਤਰਾ ਬਣਿਆ ਹੋਇਆ ਹੈ।ਦੇਸ਼ ਦੀ ਏਕਤਾ, ਲੋਕਤੰਤਰ ਅਤੇ ਸੰਵਿਧਾਨ ਦੇ ਸਨਮਾਨ ਨੂੰ ਬਹਾਲ ਰੱਖਣ ਲਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਅਤਿ ਜ਼ਰੂਰੀ ਬਣ ਚੁੱਕਾ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਝੁਨੀਰ ਵਿਖੇ ਮਜ਼ਦੂਰਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ।ਸਾਥੀ ਚੌਹਾਨ ਨੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ 133ਵੇਂ ਜਨਮ ਦਿਨ ਮੌਕੇ ਦੇਸ਼ ਦੇ ਲੋਕਾਂ ਨੂੰ ਤਾਨਾਸ਼ਾਹੀ ਸਰਕਾਰ ਨੂੰ ਰੱਦ ਕਰਨ ਤੇ ਭਾਜਪਾ ਭਜਾਓ-ਸੰਵਿਧਾਨ, ਲੋਕਤੰਤਰ ਤੇ ਦੇਸ਼ ਬਚਾਓ ਦੇ ਨਾਅਰੇ ਨੂੰ ਆਮ ਲੋਕਾਂ ਦੀ ਸਮਝ ਦਾ ਹਿੱਸਾ ਬਣਾ ਕੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੀ ਅਪੀਲ ਵੀ ਕੀਤੀ।

ਉਨ੍ਹਾਂ ਕਿਹਾ ਕਿ ਭਾਜਪਾ ਤੇ ਕਾਰਪੋਰੇਟਾਂ ਦੇ ਗੱਠਜੋੜ ਨੂੰ ਜਨਤਕ ਕਰਨ ਲਈ ਮਾਨਯੋਗ ਉੱਚ ਅਦਾਲਤ ਦੀ ਸਖ਼ਤੀ ਦੇ ਫੈਸਲੇ ਦਾ ਸਵਾਗਤ ਕਰਨਾ ਬਣਦਾ ਹੈ।ਭਾਜਪਾ ਵੱਲੋਂ ਲਏ ਇਲੈਕਸ਼ਨ ਬਾਂਡ ਨੂੰ ਜਨਤਕ ਨਾ ਕਰਕੇ ਆਪਣੀ ਭ੍ਰਿਸ਼ਟਤਾ ਦਾ ਸਬੂਤ ਦਿੱਤਾ ਹੈ।ਕ੍ਰਿਸ਼ਨ ਚੌਹਾਨ ਨੇ ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਮੌਕੇ ਲੋਕ ਜਾਗਰੂਕਤਾ ਮਾਰਚ ਵਿੱਚ ਸ਼ਾਮਲ ਹੋਣ ਲਈ ਵੱਡੀ ਗਿਣਤੀ ਵਿੱਚ ਪੁੱਜਣ ਦੀ ਅਪੀਲ ਕੀਤੀ।ਇਸ ਸਮੇਂ ਹਰਪ੍ਰੀਤ ਮਾਨਸਾ, ਕ੍ਰਿਸ਼ਨ ਸਿੰਘ ਝੁਨੀਰ, ਰਜਿੰਦਰ ਸਿੰਘ ਝੁਨੀਰ, ਜੱਗਾ ਸਿੰਘ, ਰਾਜਾ ਰਾਮ ਆਦਿ ਨੇ ਵੀ ਇਕੱਤਰਤਾ ਨੂੰ ਸੰਬੋਧਨ ਕੀਤਾ।

# ਸਰਕਾਰ ਹੱਕ ਮੰਗਦੇ ਠੇਕਾ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਬੰਦ ਕਰਨ ਦੀ ਥਾਂ ਮੰਗਾਂ ਪ੍ਰਵਾਨ ਕਰੇ : ਮੋਰਚਾ ਆਗੂ



**ਜਲਾਲਾਬਾਦ (ਜੀਤ ਕੁਮਾਰ)**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਵਰਿੰਦਰ ਸਿੰਘ ਮੋਮੀ, ਪਵਨਦੀਪ ਸਿੰਘ, ਬਲਿਹਾਰ ਸਿੰਘ, ਜਗਰੂਪ ਸਿੰਘ, ਗੁਰਵਿੰਦਰ ਪੰਨੂੰ, ਸ਼ੇਰ ਸਿੰਘ ਖੰਨਾ, ਸਿਮਰਨਜੀਤ ਨੀਲੋਂ, ਜਸਪ੍ਰੀਤ ਗਗਨ, ਸੁਰਿੰਦਰ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਗੱਲਬਾਤ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ ਦਾ ਸੰਤਾਪ ਭੋਗ ਰਹੇ ਆਊਟਸੋਰਸ/ਇਨਲਿਸਟਮੈਂਟ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਥਾਂ ਜਬਰ ਦੇ ਜ਼ੋਰ ਨਾਲ ਠੇਕ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਚੱਲ ਰਹੇ ਪੁਰਅਮਨ ਸੰਘਰਸ਼ਾਂ ਨੂੰ ਕੁਚਲਣ ਦੇ ਰਾਹ ਪਈ ਹੋਈ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਭਰੋਸੇਯੋਗ ਸੂਤਰਾਂ ਅਧੀਨ ਜਾਣਕਾਰੀ ਮਿਲੀ ਹੈ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਆਗੂਆਂ ਨੂੰ ਚੋਣਾਂ ਤੱਕ ਗ਼ੈਰ ਜ਼ਮਾਨਤੀ ਵਾਰੰਟ ਦੇ ਅਧਾਰ ਤੇ ਥਾਣੇ 'ਚੋਂ ਬੰਦ ਰੱਖਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਕੀਕਤ ਇਹ ਹੈ ਕਿ 2 ਸਾਲਾਂ ਦੇ ਅਰਸੇ ਵਿਚ ਮੋਰਚੇ ਨੂੰ 20 ਵਾਰ ਲਿਖਤੀ ਰੂਪ ਵਿਚ ਮੀਟਿੰਗ ਦਾ ਸਮਾਂ ਦੇ ਕੇ ਗੱਲਬਾਤ ਕਰਨ ਤੋਂ ਇਨਕਾਰ ਕੀਤਾ ਹੋਇਆ ਹੈ। ਹੁਣ ਪਿੰਡਾਂ/ਸ਼ਹਿਰਾਂ ਵਿੱਚ ਆਉਣ ਸਮੇਂ, ਇਨ੍ਹਾਂ ਧੱਕੇਸ਼ਾਹੀਆਂ ਦੇ ਜਵਾਬ ਦੇਣ ਦੇ ਡਰੋਂ, ਆਗੂਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਉਨ੍ਹਾਂ ਦੀ ਅਵਾਜ਼ ਨੂੰ ਬੰਦ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ।

ਪੰਜਾਬ ਸਰਕਾਰ ਦੀਆਂ ਇਨ੍ਹਾਂ ਗੈਰ-ਜਮਹੂਰੀ ਧੱਕੜ ਤੇ ਜਬਰ ਕਰਵਾਈਆਂ ਦੀ ਠੇਕਾ ਮੁਲਾਜਮ ਸੰਘਰਸ਼ ਮੋਰਚਾ ਜੋਰਦਾਰ ਨਿਖੇਧੀ ਕਰਦਾ ਹੈ ਅਤੇ ਸਰਕਾਰ ਨੂੰ ਸੁਣਾਉਣੀ ਕਰਦਾ ਹੈ ਕਿ ਜੇਕਰ ਸਰਕਾਰ ਨੇ ਠੇਕਾ ਮੁਲਾਜਮਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਕਰਨੀਆਂ ਹਨ ਤਾਂ ਸੰਘਰਸ਼ ਕਰਨਾ ਲੋਕਾਂ ਦਾ ਜਮਹੂਰੀ ਅਧਿਕਾਰ ਹੈ, ਉਹ ਸਰਕਾਰ ਦੇ ਜਬਰ ਤੋਂ ਪਰਖੇ ਸੰਘਰਸ਼ ਤੋਂ ਪਿੱਛੇ ਨਹੀਂ ਹੱਟਣਗੇ ਅਤੇ ਸੰਘਰਸ਼ ਨੂੰ ਜੋਰਦਾਰ ਤਰੀਕੇ ਨਾਲ ਲਾਗੂ ਕਰਨਗੇ।

ਆਗੂਆਂ ਵੱਲੋਂ ਸਮੁੱਚੇ ਪੰਜਾਬ ਦੇ ਠੇਕਾ ਮੁਲਾਜ਼ਮਾਂ, ਰੈਗੂਲਰ ਮੁਲਾਜ਼ਮਾਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਜ਼ੋਰਦਾਰ ਅਪੀਲ ਕੀਤੀ ਗਈ ਕਿ ਉਹ ਸਰਕਾਰ ਦੇ ਇਨ੍ਹਾਂ ਜਬਰਾਂ ਦੀ ਜ਼ੋਰਦਾਰ ਨਿਖੇਧੀ ਕਰਨ ਅਤੇ ਪੰਜਾਬ ਵਿਚ ਜਿੱਥੇ ਵੀ ਸਰਕਾਰ ਵਲੋਂ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਹੋਰ ਸਾਰੇ ਕੰਮ ਕਾਰ ਛੱਡ ਕੇ ਇਸ ਜਬਰ ਵਿਰੁੱਧ ਸੰਘਰਸ਼ ਦੇ ਰਾਹ 'ਤੇ ਆਉਣ। ਆਗੂਆਂ ਨੇ ਠੇਕਾ ਮੁਲਾਜ਼ਮਾਂ ਨੂੰ ਜ਼ੋਰਦਾਰ ਸੱਦਾ ਦਿੱਤਾ ਕਿ ਉਹ ਵੀ ਸਰਕਾਰ ਦੀਆਂ ਇਨ੍ਹਾਂ ਗਿੱਦੜ ਧਮਕੀਆਂ ਦਾ ਇਕਜੁੱਟ ਹੋ ਕੇ ਟਾਕਰਾ ਕਰਨ ਜਿੱਥੇ ਵੀ ਸੱਤਾਧਾਰੀ ਦਾ ਲੀਡਰ ਵੋਟਾਂ ਮੰਗਣ ਆਉਣ, ਉਨ੍ਹਾਂ ਨੂੰ ਸਵਾਲ ਕੀਤੇ ਜਾਣ ਅਤੇ ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਮੰਤਰੀਆਂ ਦਾ ਜ਼ੋਰਦਾਰ ਤਰੀਕੇ ਨਾਲ ਵਿਰੋਧ ਕੀਤਾ ਜਾਵੇ।

# ਹੈਰੋਇਨ ਤੇ ਡਰੱਗ ਮਨੀ ਸਮੇਤ ਦੋ ਗ੍ਰਿਫ਼ਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੁੰਨੀ ਕਲਾਂ ਚੌਕੀ ਦੀ ਪੁਲਸ ਵੱਲੋਂ ਦੋ ਕਾਰ ਸਵਾਰ ਵਿਅਕਤੀਆਂ ਨੂੰ ਹੈਰੋਇਨ ਅਤੇ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਚੁੰਨੀ ਕਲਾਂ ਚੌਂਕੀ ਦੀ ਇੱਕ ਪੁਲਿਸ ਪਾਰਟੀ ਵੱਲੋਂ ਅਕਾਲ ਅਕੈਡਮੀ ਚੁੰਨੀ ਕਲਾਂ ਨਜ਼ਦੀਕ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਸਵਿਫਟ ਕਾਰ 'ਚ ਆ ਰਹੇ ਦੋ ਵਿਅਕਤੀਆਂ ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਨ੍ਹਾਂ ਪੁੱਛੇ ਜਾਣ 'ਤੇ ਆਪਣੀ ਪਛਾਣ ਯਾਦਵਿੰਦਰ ਸਿੰਘ ਤੇ ਬਲਵਿੰਦਰ ਸਿੰਘ ਵਾਸੀਆਨ ਪਿੰਡ ਭਮਾਰਸੀ ਬੁਲੰਦ ਵਜੋਂ ਦੱਸੀ।ਚੁੰਨੀ ਕਲਾਂ ਚੌਂਕੀ ਦੇ ਇੰਚਾਰਜ ਥਾਣੇਦਾਰ ਜਗੀਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਕਾਰ ਵਿੱਚੋਂ 18 ਗ੍ਰਾਮ ਹੈਰੋਇਨ ਅਤੇ 15,000 ਦੀ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 21/61/85 ਐਨ. ਡੀ.ਪੀ. ਸੀ. ਐਕਟ ਤਹਿਤ ਦਰਜ ਕਰਵਾਏ ਗਏ ਮੁੱਕਦਮੇ ਚ ਬਲਵਿੰਦਰ ਸਿੰਘ ਤੇ ਯਾਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਚੁੰਨੀ ਕਲਾਂ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ...ਸ.ਫ਼ਾ 1 ਦੇ ਬਾਕੀ

### ਤਾਨਾਸ਼ਾਹੀ ਵਿਰੁੱਧ ਜੰਗ...

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਪ੍ਰਧਾਨ ਮੋਦੀ ਈ ਡੀ ਤੇ ਸੀ ਬੀ ਆਈ ਦਾ ਇਸਤੇਮਾਲ ਕਰਕੇ ਆਪੋਜ਼ੀਸ਼ਨ ਪਾਰਟੀਆਂ ਨੂੰ ਡਰਾ ਰਹੇ ਹਨ। ਉਨ੍ਹਾ ਆਪਣੇ ਨੇਤਾਵਾਂ ਨੂੰ ਈ ਡੀ, ਸੀ ਬੀ ਆਈ ਦਾ ਵੀ ਡਰ ਦਿਖਾਇਆ। ਜੇਕਰ ਮੋਦੀ ਸਰਕਾਰ ਨਾ ਗਈ ਤਾਂ ਇਸ ਦੇਸ਼ 'ਚ ਲੋਕਤੰਤਰ ਨਹੀਂ ਬਚੇਗਾ। ਇੰਡੀਆ ਗਠਜੋੜ ਨੂੰ ਲੈ ਕੇ ਖੜਗੇ ਨੇ ਕਿਹਾ, 'ਇੱਕ ਹੋਣਾ ਸਿੱਖੋ, ਪਹਿਲਾਂ ਸਾਨੂੰ ਇੱਕ ਹੋਣਾ ਹੋਵੇਗਾ, ਇੱਕ-ਦੂਜੇ ਨੂੰ ਤੋੜਨ ਦਾ ਨਾ ਸੋਚੋ, ਅਸੀਂ ਇੱਕ ਹੋ ਕੇ ਭਾਜਪਾ ਨੂੰ ਹਰਾਉਣਾ ਹੈ। ਇੰਡੀਆ ਗਠਜੋੜ ਲਈ ਜੋ ਵੀ ਮੁਸ਼ਕਲਾਂ ਆਉਣਗੀਆਂ, ਅਸੀਂ ਮਿਲ ਕੇ ਉਸ ਨੂੰ ਦੂਰ ਕਰਾਂਗੇ।' ਇਸ ਮੌਕੇ ਉਨ੍ਹਾ ਮੋਦੀ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਹੋਏ ਸ਼ਾਇਰੀ ਪੜ੍ਹੀ, 'ਅਪੀਲ ਵੀ ਤੁਮ ਦਲੀਲ ਵੀ ਤੁਮ, ਗਵਾਹ ਵੀ ਤੁਮ, ਵਕੀਲ ਵੀ ਤੁਮ, ਜਿਸੇ ਵੀ ਚਾਹੋ ਹਰਾਮ ਕਹਿ ਦੋ, ਜਿਸ ਵੀ ਚਾਹੋ ਹਲਾਲ ਕਰ ਦੋ।' ਖੜਗੇ ਨੇ ਕਿਹਾ—ਜਦ ਪ੍ਰਧਾਨ ਮੰਤਰੀ ਨਾਲ ਉਨ੍ਹਾ ਦੀ ਮੁਲਾਕਾਤ ਹੋਈ ਤਾਂ ਉਨ੍ਹਾ ਕਿਹਾ ਕਿ ਦੇਸ਼ 'ਚ ਨਿਰਪੱਖ ਚੋਣਾਂ ਨਹੀਂ ਹੋ ਰਹੀਆਂ ਅਤੇ ਕਾਂਗਰਸ ਦੇ ਖਾਤੇ 'ਚ ਜੋ ਪੈਸਾ ਸੀ, ਉਹ ਪਹਿਲਾਂ ਹੀ ਚੋਰੀ ਹੋ ਗਿਆ। ਖੜਗੇ ਨੇ ਦੱਸਿਆ ਕਿ 3567 ਕਰੋੜ ਰੁਪਏ ਦੀ ਪੈਨਲਟੀ ਸਾਡੇ 'ਤੇ ਲਾਈ ਗਈ ਹੈ।

**ਸਾਡਾ ਮਕਸਦ ਸੰਵਿਧਾਨ ਬਚਾਉਣਾ : ਫਾਰੂਕ ਅਬਦੁੱਲਾ**

ਐੱਨ ਸੀ ਪ੍ਰਮੁੱਖ ਫਾਰੂਕ ਅਬਦੁੱਲਾ ਨੇ ਕਿਹਾ—ਅੱਜ ਸਾਡਾ ਮਕਸਦ ਸਿਰਫ਼ ਇੱਕ ਹੀ ਹੈ ਕਿ ਅਸੀਂ ਸਾਰਿਆਂ ਸੰਵਿਧਾਨ ਨੂੰ ਬਚਾਉਣਾ ਹੈ। ਇਨਸਾਨ ਨੂੰ ਇਨਸਾਨ ਨਾਲ ਲੜਾਇਆ ਜਾ ਰਿਹਾ ਹੈ। ਉਹ ਸਾਰੇ ਨੇਤਾ, ਜਿਨ੍ਹਾਂ ਨੂੰ ਅੱਜ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਹੈ, ਉਹ ਬਾਹਰ ਉਦੋਂ ਹੀ ਆ ਸਕਣਗੇ, ਜਦ ਤੁਸੀਂ ਇੱਕ ਬਟਨ ਦਬਾਉਗੇ। ਉਨ੍ਹਾ ਕਿਹਾ ਕਿ ਤੁਸੀਂ ਇਸ ਹਕੂਮਤ ਨੂੰ ਹਰਾਉਗੇ ਤਾਂ ਤੁਹਾਡੀ ਹਕੂਮਤ ਕਾਇਮ ਹੋਵੇਗੀ।

ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ, 'ਭਾਜਪਾ ਹਟਾਓ, ਦੇਸ਼ ਬਚਾਓ, ਭਾਜਪਾ ਹਟਾਓ, ਲੋਕਤੰਤਰ ਬਚਾਓ' ਇਹ ਸਾਡਾ ਸਾਂਝਾ ਸੰਕਲਪ ਹੈ। ਉਨ੍ਹਾ ਕਿਹਾ ਕਿ ਭਾਜਪਾ ਵਿਰੋਧੀ ਦਲਾਂ ਦਾ ਗਲਾ ਘੁੱਟ ਰਹੀ ਅਤੇ ਡਰਾਉਣ-ਧਮਕਾਉਣ ਲਈ ਸਾਰੀਆਂ ਕੇਂਦਰੀ ਏਜੰਸੀਆਂ ਦਾ ਇਸਤੇਮਾਲ ਕਰ ਰਹੀ ਹੈ। ਦੇਸ਼ ਇੱਕ ਵੱਡੀ ਆਪਦਾ ਦਾ ਸਾਹਮਣਾ ਕਰ ਰਿਹਾ ਹੈ। ਭਾਜਪਾ ਤੇ ਆਰ ਐੱਸ ਐੱਸ ਸਾਡੇ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ। ਮੋਦੀ ਇਸ 'ਚ ਕਦੇ ਵੀ ਸਫ਼ਲ ਨਹੀਂ ਹੋਣਗੇ।

**ਜਨਤਾ ਭਾਜਪਾ ਨੂੰ ਕਰਾਰਾ ਜਵਾਬ ਦੇਵੇਗੀ : ਸੁਨੀਤਾ**

ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਰਾਮਲੀਲ੍ਹਾ ਮੈਦਾਨ ਦੇ ਮੰਚ ਤੋਂ ਪਤੀ ਦੀ ਗ੍ਰਿਫ਼ਤਾਰੀ ਨੂੰ ਭਾਜਪਾ ਦੀ ਸਾਜ਼ਿਸ਼ ਦੱਸਿਆ। ਉਨ੍ਹਾ ਕਿਹਾ ਕਿ ਜਨਤਾ ਭਾਜਪਾ ਨੂੰ ਇਸ ਦਾ ਕਰਾਰਾ ਜਵਾਬ ਦੇਵੇਗੀ। ਸੁਨੀਤਾ ਕੇਜਰੀਵਾਲ ਨੇ ਅਰਵਿੰਦ ਕੇਜਰੀਵਾਲ ਦਾ ਸੰਦੇਸ਼ ਪੜ੍ਹਿਆ। ਉਨ੍ਹਾ ਕਿਹਾ, 'ਕੇਜਰੀਵਾਲ ਨੂੰ ਕੇਂਦਰ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ ਹੈ, ਪਰ ਕੇਜਰੀਵਾਲ ਸ਼ੇਰ ਹਨ। ਉਨ੍ਹਾ ਕਿਹਾ ਕਿ ਮੋਦੀ ਨੇ ਮੇਰੇ ਪਤੀ ਨੂੰ ਜੇਲ੍ਹ 'ਚ ਸੁੱਟ ਦਿੱਤਾ ਹੈ। ਕੀ ਇਹ ਸਹੀ ਕੀਤਾ? ਕੀ ਤੁਸੀਂ ਮੰਨਦੇ ਹੋਏ ਕਿ ਕੇਜਰੀਵਾਲ ਇੱਕ ਸੱਚੇ ਦੇਸ਼ ਭਗਤ ਅਤੇ ਇਮਾਨਦਾਰ ਹਨ। ਭਾਜਪਾ ਕਹਿੰਦੀ ਹੈ ਕਿ ਕੇਜਰੀਵਾਲ ਨੂੰ ਅਸਤੀਫ਼ਾ ਦੇਣਾ ਚਾਹੀਦਾ। ਲੋਕਾਂ ਨੇ ਕਿਹਾ ਕਿ ਉਹਨਾ ਨੂੰ ਅਸਤੀਫਾ ਨਹੀਂ ਦੇਣਾ ਚਾਹੀਦਾ। ਸੁਨੀਤਾ ਨੇ ਕਿਹਾ ਕਿ ਕੇਜਰੀਵਾਲ ਇੱਕ ਸ਼ੇਰ ਹਨ, ਭਾਜਪਾ ਵਾਲੇ ਉਹਨਾ ਨੂੰ ਜ਼ਿਆਦਾ ਦਿਨ ਤੱਕ ਜੇਲ੍ਹ 'ਚ ਨਹੀਂ ਰੱਖ ਸਕਦੇ। ਉਹ ਇੱਕ ਫਰੀਡਮ ਫਾਈਟਰ ਹਨ।

ਸੁਨੀਤਾ ਨੇ ਕੇਜਰੀਵਾਲ ਦੀਆਂ 6 ਗਰੰਟੀਆਂ ਬਾਰੇ ਵੀ ਦੱਸਿਆ। ਮੇਰੇ ਪਿਆਰੇ ਭਾਰਤ ਵਾਸੀਓ, ਮੈਂ ਤੁਹਾਡੇ ਤੋਂ ਵੋਟ ਨਹੀਂ, ਕਿਸੇ ਨੂੰ ਜਿਤਾਉਣ ਜਾਂ ਹਰਾਉਣ ਲਈ ਨਹੀਂ ਕਹਿ ਰਿਹਾ। ਮੈਂ ਇੱਕ ਨਵਾਂ ਭਾਰਤ ਬਣਾਉਣ ਦਾ ਸੰਕਲਪ ਲੈਣਾ ਚਾਹੁੰਦਾ ਹਾਂ। ਸਭ ਕੁਝ ਹੈ ਭਾਰਤ ਦੇ ਕੋਲ, ਫਿਰ ਵੀ ਸਾਡਾ ਦੇਸ਼ ਗਰੀਬ ਕਿਉਂ ਹੈ। ਅੱਜ ਮੈਂ ਜੇਲ੍ਹ 'ਚ ਹਾਂ, ਭਾਰਤ ਮਾਤਾ ਦੁੱਖ-ਤਕਲੀਫ਼ 'ਚ ਹੈ। ਜਦ ਲੋਕਾਂ ਨੂੰ ਰੋਟੀ ਨਹੀਂ ਮਿਲਦੀ, ਚੰਗੀ ਸਿੱਖਿਆ ਨਹੀਂ ਮਿਲਦੀ ਤਾਂ ਬਿਨਾਂ ਇਲਾਜ ਲੋਕ ਮਰ ਜਾਂਦੇ ਹਨ ਤਾਂ ਭਾਰਤ ਮਾਤਾ ਦੁਖੀ ਹੁੰਦੀ ਹੈ। 75 ਸਾਲ ਬਾਅਦ ਵੀ ਸੜਕਾਂ ਟੁੱਟੀਆਂ ਹਨ, ਉਸ ਸਮੇਂ ਕੁਝ ਨੇਤਾ ਲੱਛੇਦਾਰ ਭਾਸ਼ਣ ਦਿੰਦੇ ਹਨ। ਦੋਸਤਾਂ ਦੇ ਨਾਲ ਦੇਸ਼ ਨੂੰ ਲੁੱਟਣ 'ਚ ਲੱਗੇ ਹੋਏ ਹਨ। ਆਓ, ਮਿਲ ਕੇ ਨਵਾਂ ਭਾਰਤ ਬਣਾਉਂਦੇ ਹਾਂ। ਇੱਕ ਇਸ ਤਰ੍ਹਾਂ ਦਾ ਭਾਰਤ, ਜਿੱਥੇ ਹਰ ਹੱਥ ਨੂੰ ਕੰਮ ਮਿਲੇਗਾ, ਜਿੱਥੇ ਕੋਈ ਗਰੀਬ ਨਹੀਂ ਹੋਵੇਗਾ। ਹਰ ਬੱਚੇ ਨੂੰ ਚੰਗੀ ਸਿੱਖਿਆ ਮਿਲੇਗੀ, ਹਰ ਕਿਸੇ ਨੂੰ ਚੰਗਾ ਇਲਾਜ ਮਿਲੇਗਾ। ਦੇਸ਼ ਦੇ ਹਰ ਪਿੰਡ 'ਚ ਸ਼ਾਨਦਾਰ ਸੜਕਾਂ ਹੋਣਗੀਆਂ, ਜਿੱਥੇ ਦੁਨੀਆ ਭਰ ਦੇ ਨੌਜਵਾਨ ਪੜ੍ਹਨ ਆਉਣਗੇ। ਅੱਜ ਮੈਂ ਦੇਸ਼ ਦੇ 140 ਕਰੋੜ ਲੋਕਾਂ ਨੂੰ ਸੱਦਾ ਦੇਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਇੰਡੀਆ ਗਠਜੋੜ ਨੂੰ ਮੌਕਾ ਦਿੰਦੇ ਹੋ ਤਾਂ ਅਸੀਂ ਮਹਾਨ ਭਾਰਤ ਬਣਾਵਾਂਗੇ। ਸਿਰਫ਼ ਨਾਂਅ ਨਾਲ ਇੰਡੀਆ ਗਠਜੋੜ ਨਹੀਂ, ਦਿਲ 'ਚ ਇੰਡੀਆ ਹੋਵੇਗਾ। ਉਨ੍ਹਾ ਕਿਹਾ ਕਿ ਕੇਜਰੀਵਾਲ ਨੇ ਆਪਣੇ ਸੰਦੇਸ਼ 'ਚ ਲਿਖਿਆ ਹੈ ਕਿ ਤੁਹਾਡੀਆਂ ਦੁਆਵਾਂ ਮੇਰੇ ਨਾਲ ਹਨ। ਮੈਂ ਠੀਕ ਹਾਂ। ਭਾਰਤ 'ਚ ਤਾਨਾਸ਼ਾਹੀ ਨਹੀਂ ਚੱਲੇਗੀ, ਅਸੀਂ ਲੜਾਂਗੇ ਅਤੇ ਜਿੱਤਾਂਗੇ।

**ਸੰਵਿਧਾਨ ਖ਼ਤਮ ਕੀਤਾ ਜਾ ਰਿਹੈ : ਕਲਪਨਾ**

ਉਥੇ ਹੀ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਜੋ ਇੱਥੇ ਜਨ ਸੈਲਾਬ ਆਇਆ ਹੈ, ਇਹ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ ਕਿ ਲੋਕਤੰਤਰ ਨੂੰ ਖ਼ਤਮ ਕਰਨ ਲਈ ਜਿਸ ਤਰੀਕੇ ਨਾਲ ਤਾਨਾਸ਼ਾਹ ਤਾਕਤਾਂ ਨੇ ਆਪਣੇ ਕਦਮ ਵਧਾਏ ਹਨ, ਉਹਨਾਂ ਦਾ ਅੰਤ ਜਨਤਾ ਇਨ੍ਹਾਂ ਚੋਣਾਂ 'ਚ ਕਰ ਦੇਵੇਗੀ। ਕਲਪਨਾ ਨੇ ਕਿਹਾ ਕਿ ਜਿਸ ਢੰਗ ਨਾਲ ਦੇਸ਼ 'ਚ ਬੇਰੁਜ਼ਗਾਰੀ, ਮਹਿੰਗਾਈ ਸੱਤਵੇਂ ਅਸਮਾਨ 'ਤੇ ਹੈ ਅਤੇ ਨਫ਼ਰਤ ਦੀ ਅੱਗ ਫੈਲਾਈ ਜਾ ਰਹੀ ਹੈ, ਹਰ ਜਾਤੀ, ਵਰਗ ਦੀ ਰੱਖਿਆ ਲਈ ਵੀ ਇੱਥੇ ਕੋਈ ਖੜ੍ਹਾ ਨਹੀਂ ਹੋਇਆ। ਭਾਰਤ ਦੀ ਜਨਤਾ ਸਭ ਤੋਂ ਵੱਡੀ ਹੈ। ਕੋਈ ਵੀ ਦਲ 140 ਕਰੋੜ ਦੀ ਜਨਤਾ ਤੋਂ ਸ਼ਕਤੀਸ਼ਾਲੀ ਅਤੇ ਤਾਕਤਾਵਰ ਨਹੀਂ ਹੋ ਸਕਦਾ। ਇਸ ਲਈ ਤੁਹਾਨੂੰ ਆਉਣ ਵਾਲੀਆਂ ਚੋਣਾਂ 'ਚ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਕੇ ਇੰਡੀਆ ਗਠਜੋੜ ਨੂੰ ਜਿੱਤ ਦਿਵਾਉਣੀ ਹੋਵੇਗੀ।

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਇੱਕ ਦੇਸ਼ ਅਤੇ ਇੱਕ ਵਿਅਕਤੀ ਦੀ ਸਰਕਾਰ ਦੇਸ਼ ਲਈ ਮੁਸ਼ਕਲ ਬਣ ਜਾਵੇਗੀ। ਇਹ ਦੇਸ਼ ਤਾਨਾਸ਼ਾਹੀ ਵੱਲ ਵਧ ਰਿਹਾ ਹੈ, ਇਹ ਸਿਰਫ਼ ਸ਼ੱਕ ਨਹੀਂ, ਬਲਕਿ ਸੱਚਾਈ ਹੈ। ਉਨ੍ਹਾ ਕਿਹਾ ਕਿ ਜੇਕਰ ਦੋ ਭੈਣਾਂ ਹਿੰਮਤ ਨਾਲ ਲੜ ਰਹੀਆਂ ਹਨ ਤਾਂ ਭਰਾ ਕਿਸ ਤਰ੍ਹਾਂ ਪਿੱਛੇ ਰਹਿਣਗੇ। ਉਨ੍ਹਾ ਇਹ ਗੱਲ ਸੁਨੀਤਾ ਕੇਜਰੀਵਾਲ ਅਤੇ ਕਲਪਨਾ ਸੋਰੇਨ ਨੂੰ ਸੰਬੋਧਨ ਕਰਦੇ ਹੋਏ ਕਹੀ। ਉਹਨਾ 'ਅਬਕੀ ਬਾਰ, ਭਾਜਪਾ ਤੜੀਪਾਰ' ਦੇ ਨਾਅਰੇ ਲਾਏ। ਠਾਕਰੇ ਨੇ ਕਿਹਾ, 'ਮੈਂ ਸੁਨੀਤਾ ਕੇਜਰੀਵਾਲ ਅਤੇ ਕਲਪਨਾ ਸੋਰੇਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਤੁਹਾਡੇ ਨਾਲ ਖੜੇ ਹਾਂ।' ਇਸੇ ਦੌਰਾਨ ਉਨ੍ਹਾ ਕਿਹਾ—ਹੁਣ ਭਾਰਤ 'ਚ ਗਠਜੋੜ ਸਰਕਾਰ ਲਿਆਉਣ ਦਾ ਸਮਾਂ ਆ ਗਿਆ ਹੈ। ਅਸੀਂ ਇੱਥੇ ਲੋਕਤੰਤਰ ਦੀ ਰੱਖਿਆ ਲਈ ਇਕੱਠੇ ਹੋਏ ਹਾਂ।

ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ, 'ਨਾ ਵਕੀਲ, ਨਾ ਦਲੀਲ, ਨਾ ਕਾਰਵਾਈ, ਸਿੱਧਾ ਜੇਲ੍ਹ 'ਚ ਸੁੱਟ ਦਿੱਤਾ ਜਾਂਦਾ ਹੈ।' ਉਨ੍ਹਾ ਮੰਚ ਤੋਂ ਉਮਰ ਖਾਲਿਦ ਦਾ ਜਿਕਰ ਕੀਤਾ ਅਤੇ ਦੱਸਿਆ ਕਿ ਉਹ ਦੋ ਸਾਲ ਤੋਂ ਜੇਲ੍ਹ 'ਚ ਹੈ। ਜੰਮੂ-ਕਸ਼ਮੀਰ ਅੱਜ ਲੈਬਾਰਟਰੀ ਬਣ ਗਿਆ ਹੈ। ਹੇਮੰਤ, ਕੇਜਰੀਵਾਲ ਦਾ ਕੀ ਕਸੂਰ? ਮਹਿਬੂਬਾ ਮੁਫ਼ਤੀ ਨੇ ਕਿਹਾ, 'ਇਨ੍ਹਾਂ ਨੂੰ ਇੱਕ ਪਰਵਾਰ ਤੋਂ ਬਹੁਤ ਸ਼ਿਕਾਇਤ ਹੈ। ਮਹਿਬੂਬਾ ਮੁਫਤੀ ਨੇ ਕਿਹਾ ਕਿ ਉਹ ਕੇਜਰੀਵਾਲ ਦੀ ਗ੍ਰਿਫ਼ਤਾਰੀ ਲਈ ਨਹੀਂ, ਬਲਕਿ ਦੇਸ਼ ਦਾ ਸੰਵਿਧਾਨ ਬਚਾਉਣ ਲਈ ਰਾਮਲੀਲ੍ਹਾ ਮੈਦਾਨ 'ਚ ਪਹੁੰਚੇ ਹਨ।' ਉਨ੍ਹਾ ਕਿਹਾ, ਹੇਮੰਤ ਸੋਰੇਨ ਅਤੇ ਕੇਜਰੀਵਾਲ ਇਸ ਲਈ ਜੇਲ੍ਹ 'ਚ ਹਨ, ਕਿਉਂਕਿ ਉਹ ਸੰਵਿਧਾਨ ਬਚਾਉਣ ਦੀ ਲੜਾਈ ਲੜ ਰਹੇ ਸਨ।

ਕਾਂਗਰਸ ਸਾਂਸਦ ਦਪਿੰਦਰ ਹੁੱਡਾ ਨੇ ਕਿਹਾ, 'ਇਹ ਲੜਾਈ ਦੇਸ਼, ਲੋਕਤੰਤਰ, ਸੰਵਿਧਾਨ, ਦੇਸ਼ ਦੇ ਭਵਿੱਖ, ਨੌਜਵਾਨਾਂ, ਕਿਸਾਨਾਂ ਅਤੇ ਮਹਿਲਾਵਾਂ ਦੀ ਰੱਖਿਆ ਲਈ ਹੈ। ਇਹ ਲੜਾਈ ਨਿਆਏ ਅਤੇ ਸੱਚਾਈ ਲਈ ਹੈ। ਸਾਨੂੰ ਵਿਸ਼ਵਾਸ਼ ਹੈ ਕਿ ਪੂਰਾ ਦੇਸ਼ ਇਸ ਲੜਾਈ 'ਚ ਇੰਡੀਆ ਗਠਜੋੜ ਦੇ ਨਾਲ ਹੋਵੇਗਾ। ਹਰ ਕੋਈ ਇਕਜੁੱਟ ਹੋ ਕੇ ਇਸ ਲੜਾਈ ਨੂੰ ਲੜੇਗਾ।'

**'ਤੁਮ ਤੋਂ ਧੋਖੇਬਾਜ਼ ਹੋ, ਵਾਅਦਾ ਕਰਕੇ ਭੂਲ ਜਾਤੇ ਹੋ : ਤੇਜਸਵੀ ਯਾਦਵ**

ਤੇਜਸਵੀ ਯਾਦਵ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ, 'ਦਿੱਲੀ ਦੀ ਭੀੜ ਦੱਸ ਰਹੀ ਹੈ ਕਿ ਮੋਦੀ ਜਿਸ ਹਨੇਰੀ ਦੀ ਤਰ੍ਹਾਂ ਆਏ ਸਨ, ਉਸੇ ਤੂਫ਼ਾਨ ਦੀ ਤਰ੍ਹਾਂ ਚਲੇ ਜਾਣਗੇ। ਤੇਜਸਵੀ ਨੇ ਮੋਦੀ 'ਤੇ ਹਮਲਾ ਬੋਲਦੇ ਹੋਏ ਕਿਹਾ, ਪ੍ਰਧਾਨ ਮੰਤਰੀ ਮੋਦੀ ਦੀਆਂ ਰੈਲੀਆਂ ਵੀ ਉਸੇ ਤਰ੍ਹਾਂ ਦੀਆਂ ਹਨ, ਜਿਸ ਤਰ੍ਹਾਂ ਦਾ ਚਾਈਨਾ ਦਾ ਸਮਾਨ। ਉਨ੍ਹਾ ਕਿਹਾ ਕਿ ਲੋਕਤੰਤਰ ਤੇ ਸੰਵਿਧਾਨ ਲਈ ਅਸੀਂ ਇੱਥੇ ਇਕੱਠੇ ਹੋਏ ਹਾਂ। ਦੇਸ਼ 'ਚ ਭਰਾ ਨੂੰ ਭਰਾ ਨਾਲ ਲੜਾਇਆ ਜਾ ਰਿਹਾ ਹੈ। ਨਫ਼ਰਤ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਤੇਜਸਵੀ ਨੇ ਕਿਹਾ, 'ਮੋਦੀ ਤੁਮ ਤੋਂ ਧੋਖੇਬਾਜ਼ ਹੋ, ਵਾਅਦਾ ਕਰਕੇ ਭੂਲ ਜਾਂਦੇ ਹੋ।' ਉਨ੍ਹਾ ਕਿਹਾ, 'ਰੋਜ਼ ਰੋਜ਼ ਮੋਦੀ ਜੀ ਤੁਮ ਐਸਾ ਕਰੋਗੇ, ਜਨਤਾ ਰੂਠ ਜਾਏਗੀ ਤੋ ਹਾਥ ਮਲਦੇ ਰਹਿ ਜਾਓਗੇ।'

**ਅਖਿਲੇਸ਼ ਯਾਦਵ ਨੇ ਕਿਹਾ**—ਭਾਜਪਾ ਨੇ ਚੁਣੇ ਹੋਏ ਮੁੱਖ ਮੰਤਰੀਆਂ ਨੂੰ ਜੇਲ੍ਹ ਭੇਜ ਦਿੱਤਾ ਹੈ। ਇਸ ਹਰਕਤ ਲਈ ਭਾਰਤ ਦੇ ਲੋਕ ਹੀ ਨਹੀਂ, ਬਲਕਿ ਦੁਨੀਆ ਦੇ ਲੋਕ ਵੀ ਭਾਜਪਾ 'ਤੇ ਥੁੱਕ ਰਹੇ ਹਨ। ਜਿਸ ਲੋਕਤੰਤਰ ਲਈ ਭਾਰਤ ਦਾ ਸਨਮਾਨ ਹੁੰਦਾ ਸੀ, ਅੱਜ ਭਾਜਪਾ ਨੇ ਦੁਨੀਆ 'ਚ ਇਸ ਦੀ ਥੂ-ਥੂ ਕਰਵਾ ਦਿੱਤੀ ਹੈ। ਭਾਜਪਾ ਕਹਿੰਦੀ ਹੈ ਕਿ ਉਹ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਹੈ, ਪਰ ਇਨ੍ਹਾਂ ਦੇ 10 ਸਾਲਾਂ ਦਾ ਕਾਰਜਕਾਲ ਦੇਖਣ 'ਤੇ ਪਤਾ ਚੱਲਦਾ ਹੈ ਕਿ ਇਹ ਸਭ ਤੋਂ ਵੱਡੀ ਝੂਠੀ ਪਾਰਟੀ ਹੈ। ਸਪਾ ਪ੍ਰਮੁੱਖ ਨੇ ਕਿਹਾ— ਭਾਜਪਾ ਈ ਡੀ, ਸੀ ਬੀ ਆਈ ਅਤੇ ਇਨਕਮ ਟੈਕਸ ਨੂੰ ਅੱਗੇ ਕਰ ਰਹੀ ਹੈ। ਸੱਤਾ ਨੂੰ ਬਚਾਉਣ ਲਈ ਭਾਜਪਾ ਏਜੰਸੀਆਂ ਨੂੰ ਅੱਗੇ ਕਰ ਰਹੀ ਹੈ। ਇਸ ਦਾ ਮਤਲਬ ਹੋਇਆ ਕਿ ਇਹ ਲੋਕ 400 ਪਾਰ ਨਹੀਂ, 400 ਸੀਟਾਂ ਹਾਰ ਰਹੇ ਹਨ। ਦੇਸ਼ ਦੇ ਹਾਲਾਤ ਭਾਜਪਾ ਦੇ ਨਾਲ ਨਹੀਂ ਹਨ। ਦੇਸ਼ ਜਾਣ ਚੁੱਕਾ ਹੈ ਕਿ ਏਜੰਸੀਆਂ ਦਾ ਡਰ ਦਿਖਾ ਕੇ ਭਾਜਪਾ ਕਿੰਨਾ ਚੰਦਾ ਇਕੱਠਾ ਕਰ ਰਹੀ ਹੈ। ਇਸ ਮੁੱਦੇ ਨੂੰ ਦਬਾਉਣ ਲਈ ਵਿਰੋਧੀ ਨੇਤਾਵਾਂ 'ਤੇ ਝੂਠੇ ਕੇਸ ਕੀਤੇ ਜਾ ਰਹੇ ਹਨ।

**ਰੈਲੀ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ**—ਲੋਕਤੰਤਰ ਖਤਰੇ 'ਚ ਹੈ। ਮੋਦੀ ਸਰਕਾਰ ਨੂੰ ਲੱਗਦਾ ਹੈ ਕਿ ਦੇਸ਼ ਨੂੰ ਡੰਡੇ ਨਾਲ ਚਲਾ ਲਵਾਂਗੇ। ਇਹ ਦੇਸ਼ ਕਿਸੇ ਦੇ 'ਬਾਪ ਦੀ ਜਗੀਰ' ਨਹੀ, ਇਹ ਦੇਸ਼ 140 ਕਰੋੜ ਲੋਕਾਂ ਦਾ ਹੈ। ਇਹ ਆਜ਼ਾਦੀ ਸਾਨੂੰ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗੇ ਸੂਰਬੀਰਾਂ ਨੇ ਦਿਵਾਈ ਹੈ। ਇਹ ਕੀ ਸਮਝਦੇ ਹਨ ਕਿ ਕਿਸੇ ਨੂੰ ਵੀ ਅੰਦਰ ਕਰ ਦਿਓ, ਉਸ ਨੂੰ ਵੀ ਅੰਦਰ ਕਰ ਦਿਓ, ਕਿਸੇ ਦੇ ਖਾਤੇ ਫਰੀਜ਼ ਕਰ ਦਿਓ, ਕਿਸੇ ਪਾਰਟੀ ਦੇ ਨੇਤਾ ਜੇਲ੍ਹ 'ਚ ਸੁੱਟ ਦਿਓ। ਅਸੀਂ ਸ਼ਾਖ ਦੇ ਪੱਤੇ ਨਹੀਂ, ਜੋ ਸ਼ਾਖ ਨਾਲੋਂ ਟੁੱਟ ਕੇ ਡਿੱਗ ਜਾਵਾਂਗੇ। ਹਵਾਵਾਂ ਨੂੰ ਕਹਿ ਦਿਓ ਕਿ ਉਹ ਆਪਣੀ ਔਕਾਤ 'ਚ ਰਹੇ। ਅਰਵਿੰਦ ਕੇਜਰੀਵਾਲ ਨੂੰ ਅੰਦਰ ਕਰ ਦਿਓ, ਹੇਮੰਤ ਸੋਰੇਨ ਨੂੰ ਅੰਦਰ ਕਰ ਦਿਓ। ਇਸ ਦੇ ਘਰ ਈ ਡੀ ਭੇਜ ਦਿਓ, ਉਸ ਦੇ ਘਰ ਸੀ ਬੀ ਆਈ ਭੇਜ ਦਿਓ। ਇਹ ਗਲਤਫਹਿਮੀ ਹੈ, ਹਕੂਮਤ ਉਹ ਕਰਦੇ ਹਨ, ਜਿਨ੍ਹਾਂ ਦਾ ਲੋਕਾਂ ਦੇ ਦਿਲਾਂ 'ਤੇ ਰਾਜ ਹੁੰਦਾ ਹੈ, ਕਹਿਣ ਨੂੰ ਤਾਂ ਮੁਰਗੇ ਦੇ ਸਿਰ 'ਤੇ ਵੀ ਤਾਜ ਹੁੰਦਾ ਹੈ। ਅੱਜ ਸੁਨੀਤਾ ਕੇਜਰੀਵਾਲ ਅਤੇ ਕਲਪਨਾ ਸੋਰੇਨ ਵੀ ਇੱਥੇ ਮੌਜੂਦ ਹਨ। ਮੈਂ ਇਨ੍ਹਾਂ ਨੂੰ ਨਮਨ ਕਰਦਾ ਹਾਂ ਕਿ ਇਨ੍ਹਾਂ ਕੀ-ਕੀ ਦੁੱਖ ਝੱਲੇ। ਭਾਜਪਾ ਦੇਸ਼ ਦੇ ਟੁਕੜੇ ਕਰਨਾ ਚਾਹੁੰਦੀ ਹੈ। ਇਹ ਦੇਸ਼ ਨੂੰ ਨਫ਼ਰਤ ਦੀ ਹਨੇਰੀ 'ਚ ਧੱਕ ਰਹੇ ਹਨ। ਇਹ ਸੀ ਏ ਏ ਲੈ ਕੇ ਆਏ। ਮੈਂ ਪਾਰਲੀਮੈਂਟ 'ਚ ਸੀ। ਮੈਂ ਕਿਹਾ, ਮੈਨੂੰ 30 ਸੈਕਿੰਡ ਬੋਲਣ ਦਿਓ, ਮੈਨੂੰ ਕਿਹਾ ਗਿਆ ਨਹੀਂ। ਫਿਰ ਮੈਂ ਕਿਹਾ 20 ਸੈਕਿੰਡ ਬੋਲਣ ਦਿਓ। ਉਨ੍ਹਾਂ ਕਿਹਾ—ਏਨੇ ਸਮੇਂ 'ਚ ਕੀ ਬੋਲੋਗੇ। ਮੈਂ ਕਿਹਾ, 'ਲੰਬੇ ਸਫ਼ਰ ਕੋ ਮੀਲੋਂ ਮੇਂ ਮਤ ਬਾਂਟੀਏ.. ਕੌਮ ਕੋ ਕਬੀਲੋਂ ਮੇਂ ਮਤ ਬਾਂਟੀਏ.. ਏਕ ਬਹਿਤਾ ਦਰਿਆ ਹੈ ਮੇਰਾ ਭਾਰਤ ਦੇਸ਼.. ਇਸ ਕੋ ਝੀਲੋਂ ਮੇਂ ਮਤ ਬਾਂਟੀਏ।'

ਰੈਲੀ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ 'ਚ ਲਿਖਿਆ—ਨਰੇਂਦਰ ਮੋਦੀ ਲੋਕਤੰਤਰ ਦਾ ਗਲਾ ਦਬਾ ਕੇ ਜਨਤਾ ਨੂੰ ਆਪਣੀ ਪਸੰਦ ਦੀ ਸਰਕਾਰ ਚੁਣਨ ਦਾ ਵਿਕਲਪ ਖੋਹ ਲੈਣਾ ਚਾਹੁੰਦੇ ਹਨ। ਇੱਕ ਪਾਸੇ ਜਿੱਥੇ 'ਚੰਦੇ ਦਾ ਧੰਦਾ' ਕਰ ਰਹੀ ਭਾਜਪਾ ਦੇਸ਼ 'ਚ 'ਵਸੂਲੀ ਸਰਕਾਰ' ਚਲਾ ਰਹੀ ਹੈ, ਉਥੇ ਦੂਜੇ ਪਾਸੇ ਪ੍ਰਮੁੱਖ ਆਪੋਜ਼ੀਸ਼ਨ ਦਲ ਦਾ ਅਕਾਊਂਟ ਫਰੀਜ਼ ਕਰ, ਮੁੱਖ ਮੰਤਰੀਆਂ ਨੂੰ ਜੇਲ੍ਹ 'ਚ ਸੁੱਟ ਕੇ ਅਤੇ ਆਜ਼ਾਦ ਆਵਾਜ਼ ਨੂੰ ਦਬਾ ਕੇ ਉਹ ਆਪੋਜ਼ੀਸ਼ਨ ਨੂੰ ਜਾਇਜ ਢੰਗ ਨਾਲ ਚੋਣ ਤੱਕ ਨਹੀਂ ਲੜਨ ਦੇਣਾ ਚਾਹੁੰਦੀ।

ਜੋ ਭਾਜਪਾ ਦੇ ਨਾਲ ਨਹੀਂ-ਉਸ ਨੂੰ ਜੇਲ੍ਹ
ਜੋ ਭਾਜਪਾ ਨੂੰ ਚੰਦਾ ਦੇਵੇ- ਉਸ ਨੂੰ ਬੇਲ
ਪ੍ਰਮੁੱਖ ਆਪੋਜ਼ੀਸ਼ਨ ਦਲ ਦੇ ਨਾਲ-ਨੋਟਿਸ ਦਾ ਖੇਲ
ਇਲੈਕਟ੍ਰੋਲ ਬਾਂਡ ਲਈ-ਬਲੈਕਮੇਲ

ਉਨ੍ਹਾ ਲਿਖਿਆ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਦੇਸ਼ 'ਚ ਸਰਕਾਰ ਨਹੀਂ, ਕੋਈ ਅਪਰਾਧਿਕ ਗੈਂਗ ਸਰਕਾਰ ਚਲਾ ਰਿਹਾ ਹੋਵੇ। ਇਸ ਝੂਠੀ, ਹੰਕਾਰੀ ਅਤੇ ਭ੍ਰਿਸ਼ਟ ਸਰਕਾਰ ਦਾ ਸੱਚ ਦੱਸਣ ਲਈ 'ਇੰਡੀਆ' ਗਠਜੋੜ ਦੀ ਦਿੱਲੀ 'ਚ ਇਹ ਰੈਲੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੁੰਡਾਗਰਦੀ ਦੌਰਾਨ ਤਿੰਨ ਘਰਾਂ ਦਾ ਸਾਮਾਨ ਤੋੜਿਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਤਰਨਤਾਰਨ ਦੇ ਸਰਹੱਦੀ ਕਸਬੇ ਦੇ ਲੋਕ ਪਹਿਲਾਂ ਹੀ ਲੁੱਟ-ਖੋਹ ਦੀਆਂ ਵਾਰਦਾਤਾਂ ਤੋਂ ਪ੍ਰੇਸ਼ਾਨ ਹਨ ਪਰ ਕੁੱਝ ਦਿਨਾਂ ਤੋਂ ਕੁੱਝ ਨੌਜੁਆਨਾਂ ਵੱਲੋਂ ਇੱਕ ਦੂਜੇ ਦੀ ਮਦਦ ਕਰਨ ਦੇ ਚੱਕਰਾਂ ਵਿੱਚ ਪਹਿਲਾਂ ਝਬਾਲ ਅਤੇ ਬੀਤੇ ਦਿਨ ਸਰਹੱਦੀ ਪਿੰਡ ਭੁੱਚਰ ਵਿਖੇ ਤਿੰਨ ਘਰਾਂ ਵਿੱਚ ਦਾਖਿਲ ਹੋ ਕੇ ਘਰੇਲੂ ਸਾਮਾਨ ਦੀ ਭੰਨਤੋੜ ਕੀਤੀ ਗਈ ਜਿਸ ਵਿੱਚ ਵਾਸ਼ਿੰਗ ਮਸ਼ੀਨ, ਬੈੱਡ, ਫਰਿੱਜ, ਵਾਸ਼ ਵੇਸਿਨ, ਪਾਣੀ ਵਾਲੀ ਟੈਂਕੀ, ਕੁਰਸੀਆਂ ਇੱਥੋਂ ਤੱਕ ਕਿ ਰਸੋਈ ਗੈਸ ਤੇ ਭਾਂਡੇ ਵੀ ਤੋੜ ਦਿੱਤੇ ਗਏ ਹਨ।ਇਸ ਘਟਨਾ ਨਾਲ ਪਿੰਡ ਵਿੱਚ ਤਾਂ ਕੀ ਸਾਰੇ ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।ਇਸ ਸਬੰਧੀ ਪ੍ਰਸ਼ਾਸਨ ਕੋਲੋਂ ਮੰਗ ਕਰਦਿਆਂ ਪਿੰਡ ਭੁੱਚਰ ਵਾਸੀ ਭਾਈ ਸਰੂਪ ਸਿੰਘ ਭੁੱਚਰ, ਗੁਰਸੇਵਕ ਸਿੰਘ ਸ਼ਾਹ, ਗੁਰਵੇਲ ਸਿੰਘ, ਬਿੱਟੂ ਯੂਕੇ, ਗੁਰਭੇਜ ਸਿੰਘ ਆਦਿ ਨੇ ਕਿਹਾ ਕਿ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਬੰਦ ਕੀਤਾ ਜਾਵੇ ਤਾਂ ਜੋ ਲੋਕ ਆਪਣੇ ਘਰਾਂ ਵਿੱਚ ਸੁੱਖ ਦੀ ਨੀਂਦ ਸੌਂ ਸਕਣ।ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕੇ ਵਿੱਚ ਪਹਿਲਾਂ ਹੀ ਲੋਕ ਲੁੱਟ ਖੋਹ, ਚੋਰੀਆਂ ਵਰਗੀਆਂ ਵਾਰਦਾਤਾਂ ਕਾਰਨ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ਤੇ ਹੁਣ ਇਹ ਗੁੰਡਾਗਰਦੀ ਦੀਆਂ ਘਟਨਾਵਾਂ ਕਾਰਨ ਲੋਕਾਂ ਵਿੱਚ ਹੋਰ ਵੀ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।ਇਸ ਸਬੰਧੀ ਥਾਣਾ ਮੁਖੀ ਝਬਾਲ ਇੰਸ. ਕਸ਼ਮੀਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਘਟਨਾ ਉਨ੍ਹਾਂ ਦੇ ਧਿਆਨ 'ਚ ਹੈ। ਜਿਹੜਾ ਵੀ ਦੋਸ਼ੀ ਪਾਇਆ ਗਿਆ ਉਸ ਉਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਸਾਰੇ ਦੋਸ਼ੀ ਜਲਦ ਸਲਾਖਾਂ ਪਿੱਛੇ ਹੋਣਗੇ।



# ਚੀਫ਼ ਖ਼ਾਲਸਾ ਦੀਵਾਨ ਵੱਲੋਂ 169 ਕਰੋੜ 83 ਲੱਖ ਰੁਪਏ ਦਾ ਬਜਟ ਪਾਸ

## * ਦੀਵਾਨ ਦੇ ਅਹੁਦੇਦਾਰਾਂ ਵੱਲੋਂ ਚੈਰੀਟੇਬਲ ਐਜੂਕੇਸ਼ਨਲ ਟਰੱਸਟ ਦੀ ਵੀ ਹੋਈ ਸ਼ੁਰੂਆਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਚੀਫ਼ ਖ਼ਾਲਸਾ ਦੀਵਾਨ ਅਧੀਨ ਆਉਂਦੇ ਸਮੂਹ ਸਕੂਲਾਂ, ਕਾਲਜਾਂ, ਅਦਾਰਿਆਂ ਦਾ ਸਾਲ 2024-25 ਦਾ ਬਜਟ ਪੇਸ਼ ਕਰਨ ਅਤੇ ਹੋਰ ਏਜੰਡੇ ਵਿਚਾਰਨ ਅਤੇ ਪ੍ਰਵਾਨ ਕਰਵਾਉਣ ਸੰਬੰਧੀ ਪਹਿਲਾਂ ਕਾਰਜ ਸਾਧਕ ਕਮੇਟੀ ਉਪਰੰਤ ਜਨਰਲ ਹਾਊਸ ਦਾ ਅਜਲਾਸ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕੀਤੀ।ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਪੜ੍ਹੇ ਗਏ ਏਜੰਡਿਆਂ ਤਹਿਤ ਪਹਿਲਾਂ ਕਾਰਜ ਸਾਧਕ ਕਮੇਟੀ ਵਿਚ ਬਜਟ ਅਤੇ ਹੋਰ ਏਜੰਡੇ ਪਾਸ ਕਰਵਾਉਣ ਉਪਰੰਤ ਜਨਰਲ ਬਾਡੀ ਦੀ ਇਕੱਤਰਤਾ ਦੌਰਾਨ ਡਾ. ਇੰਦਰਬੀਰ ਸਿੰਘ ਨੇ ਬਜਟ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਾਰ ਚੀਫ਼ ਖ਼ਾਲਸਾ ਦੀਵਾਨ ਦਾ ਸਾਲ 2024-25 ਲਈ ਅਨੁਮਾਨਤ ਬਜਟ 169 ਕਰੋੜ 83 ਲੱਖ ਰੁਪਏ ਰੱਖਿਆ ਗਿਆ ਹੈ।ਇਸ ਸਾਲ ਚੀਫ਼ ਖ਼ਾਲਸਾ ਦੀਵਾਨ ਦੀ ਕੁੱਲ ਆਮਦਨ ਵਿਚ 21 ਪ੍ਰਤੀਸ਼ਤ ਵਾਧਾ ਹੋਇਆ ਹੈ ਜਦਕਿ ਖਰਚਿਆਂ ਦੇ ਹਿਸਾਬ ਨਾਲ ਇਸ ਸਾਲ ਪਿਛਲੇ ਸਾਲ ਨਾਲੋਂ 26 ਪ੍ਰਤੀਸ਼ਤ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ।ਚੀਫ਼ ਖ਼ਾਲਸਾ ਦੀਵਾਨ ਦੀ ਫਾਇਨਾਂਸ ਕਮੇਟੀ ਦੇ ਮੈਂਬਰ ਅਤੇ ਚਾਰਟਰਡ ਅਕਾਊਂਟੈਂਟ ਇੰਸਚੀਟਿਊਟ ਦੇ ਅੰਮ੍ਰਿਤਸਰ ਦੇ ਸਾਬਕਾ ਚੇਅਰਪਰਸਨ ਅਜੀਤਪਾਲ ਸਿੰਘ ਅਨੇਜਾ ਨੇ ਬਜਟ ਦੀ ਵਿਸਥਾਰਤ ਜਾਣਕਾਰੀ ਦਿੱਤੀ। ਮੀਟਿੰਗ ਵਿਚ ਸਮੂਹ ਮੈਂਬਰ ਸਾਹਿਬਾਨ ਨੇ ਬੋਲੇ-ਸੋ-ਨਿਹਾਲ ਦੀ ਗੂੰਜ ਵਿਚ ਬਜਟ ਨੂੰ ਪ੍ਰਵਾਨਗੀ ਦਿੱਤੀ।

ਮੀਟਿੰਗ ਦੌਰਾਨ ਦੀਵਾਨ ਅਹੁਦੇਦਾਰਾਂ ਵੱਲੋਂ ਸੀਕੇਡੀ ਚੈਰੀਟੇਬਲ ਸਕੂਲਾਂ ਦੇ ਵਿਦਿਆਰਥੀਆਂ ਦੀ ਮੁਫਤ ਕਿਤਾਬਾਂ, ਵਰਦੀਆਂ ਅਤੇ ਹੋਰਨਾਂ ਖਰਚਿਆਂ ਲਈ ਇਕ ਚੈਰੀਟੇਬਲ ਟਰੱਸਟ ਦੀ ਸ਼ੁਰੂਆਤ ਕੀਤੀ ਗਈ ਜਿਸ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ 1 ਲੱਖ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਵੱਲੋਂ 1 ਲੱਖ, ਮੀਤ ਪ੍ਰਧਾਨ ਜਗਜੀਤ ਸਿੰਘ ਵੱਲੋਂ 50 ਹਜ਼ਾਰ, ਐਡੀ. ਆਨਰੇਰੀ ਸਕੱਤਰ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ ਵੱਲੋਂ 50 ਹਜ਼ਾਰ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਵੱਲੋਂ 50 ਹਜ਼ਾਰ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਵੱਲੋਂ 50 ਹਜ਼ਾਰ, ਭਗਵੰਤਪਾਲ ਸਿੰਘ ਸੱਚਰ ਵੱਲੋਂ 50 ਹਜ਼ਾਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ ਵੱਲੋਂ 21 ਹਜ਼ਾਰ ਦੀ ਨਿੱਜੀ ਤੌਰ ਤੇ ਸੇਵਾ ਪਾ ਕੇ ਯੋਗਦਾਨ ਦਿੱਤਾ ਗਿਆ।ਇਸ ਦੇ ਨਾਲ ਹੀ ਹੋਰਨਾਂ ਦੀਵਾਨ ਮੈਂਬਰ ਸਾਹਿਬਾਨ ਨੇ ਵੀ ਇਸ ਟਰੱਸਟ ਵਿਚ ਵੱਡੀ ਰਾਸ਼ੀ ਦੀ ਸੇਵਾ ਪਾ ਕੇ ਕੁੱਲ 10 ਲੱਖ ਰੁਪਏ ਦੇ ਕਰੀਬ ਰਕਮ ਨਾਲ ਟਰੱਸਟ ਦੀ ਸ਼ੁਰੂਆਤ ਕੀਤੀ ਗਈ।ਮੀਟਿੰਗ ਦੌਰਾਨ ਮੀਤ ਪ੍ਰਧਾਨ ਜਗਜੀਤ ਸਿੰਘ ਨੇ ਚੀਫ਼ ਖ਼ਾਲਸਾ ਦੀਵਾਨ ਪ੍ਰਤੀ ਕੂੜ ਪ੍ਰਚਾਰ ਕਰਨ ਵਾਲੇ ਅਮਰਜੀਤ ਸਿੰਘ ਭਾਟੀਆ, ਜੋ ਕਿ ਆਪਣੀਆਂ ਭੇਜੀਆਂ ਪੋਸਟਾਂ ਵਿਚ ਆਪਣੇ ਆਪ ਨੂੰ 'ਸ. ਅਮਰਜੀਤ ਸਿੰਘ ਭਾਟੀਆ ਕੂੜ ਪ੍ਰਚਾਰ ਵਾਲੇ' ਲਿਖਦੇ ਹਨ, ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਮਤਾ ਲਿਆਦਾ ਜਿਸ ਦੀ ਭਗਵੰਤਪਾਲ ਸਿੰਘ ਸੱਚਰ ਵੱਲੋਂ ਪ੍ਰੋੜਤਾ ਕਰਦਿਆਂ ਸੋਸ਼ਲ ਮੀਡੀਆ ਤੇ ਦੀਵਾਨ ਵਿਰੁੱਧ ਕੀਤੇ ਗਏ ਕੂੜ ਪ੍ਰਚਾਰ ਸਬੰਧੀ ਸਖਤ ਸ਼ਬਦਾਂ ਵਿਚ ਨਿਖੇਧੀ ਦਾ ਮਤਾ ਲਿਆਦਾ ਗਿਆ ਜਿਸ ਪ੍ਰਤੀ ਹਾਊਸ ਨੇ ਸਹਿਮਤੀ ਪ੍ਰਗਟਾਈ।

ਮੀਟਿੰਗ ਵਿਚ ਦੀਵਾਨ ਮੈਂਬਰ ਸਾਹਿਬਾਨ ਵੱਲੋਂ ਦੀਵਾਨ ਦੇ ਹਰ ਪੱਖੋਂ ਵਿਕਾਸ ਤੇ ਵਿਸਥਾਰ ਲਈ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਸਰਪ੍ਰਸਤ ਰਾਜਮਹਿੰਦਰ ਸਿੰਘ ਮਜੀਠਾ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਰਮਨੀਕ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਜੁਆਇੰਟ ਸਕੱਤਰ ਇੰਜੀ. ਜਸਪਾਲ ਸਿੰਘ ਆਦਿ 125 ਦੇ ਕਰੀਬ ਮੈਂਬਰ ਸਾਹਿਬਾਨ ਮੀਟਿੰਗ ਵਿਚ ਹਾਜ਼ਰ ਹੋਏ।



# ਜਣੇਪੇ ਦੌਰਾਨ ਔਰਤ ਦੀ ਮੌਤ, ਪਰਿਵਾਰ ਨੇ ਡਾਕਟਰ ਤੇ ਸਟਾਫ ਨੂੰ ਠਹਿਰਾਇਆ ਜ਼ਿੰਮੇਵਾਰ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**-ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿੱਚ ਜਣੇਪੇ ਲਈ ਆਈ ਔਰਤ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਮ੍ਰਿਤਕ ਔਰਤ ਦੀ ਪਛਾਣ ਸੰਦੀਪ ਕੌਰ (32) ਪਤਨੀ ਹਰਪ੍ਰੀਤ ਸਿੰਘ ਵਾਸੀ ਨਾਰਲੀ ਵਜੋਂ ਹੋਈ ਹੈ।ਦੱਸ ਦਈਏ ਕਿ ਮ੍ਰਿਤਕ ਔਰਤ ਦੇ ਪਤੀ ਤੇ ਪਰਿਵਾਰਿਕ ਮੈਂਬਰਾਂ ਨੇ ਸੰਦੀਪ ਕੌਰ ਦੀ ਮੌਤ ਲਈ ਹਸਪਤਾਲ ਦੇ ਸਟਾਫ਼ ਤੇ ਡਾਕਟਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਥਾਣਾ ਭਿੱਖੀਵਿੰਡ 'ਚ ਦਰਜ ਕਰਵਾਈ ਦਰਖ਼ਾਸਤ 'ਚ ਮ੍ਰਿਤਕ ਸੰਦੀਪ ਕੌਰ ਦੇ ਪਤੀ ਹਰਪ੍ਰੀਤ ਸਿੰਘ ਉਰਫ਼ ਹੰਸ ਪੁੱਤਰ ਪਰਮਜੀਤ ਸਿੰਘ ਹੰਸ ਨੇ ਦੱਸਿਆ ਕਿ ਉਸ ਨੇ ਮਿਤੀ 28 ਮਾਰਚ ਨੂੰ ਆਪਣੀ ਪਤਨੀ ਨੂੰ ਪ੍ਰਸੂਤੀ ਪੀੜਾਂ ਹੋਣ ਮਗਰੋਂ ਜਣੇਪੇ ਲਈ ਧਵਨ ਨਰਸਿੰਗ ਹੋਮ ਭਿੱਖੀਵਿੰਡ ਵਿੱਚ ਦਾਖਲ ਕਰਵਾਇਆ ਸੀ।ਮ੍ਰਿਤਕ ਔਰਤ ਦੇ ਪਤੀ ਨੇ ਦੱਸਿਆ ਕਿ ਮਿਤੀ 29 ਮਾਰਚ ਨੂੰ ਸਮਾਂ ਕਰੀਬ ਢਾਈ ਕੁ ਵਜੇ ਉਸ ਦੀ ਪਤਨੀ ਦੀ ਡਲਿਵਰੀ ਹੋਈ ਅਤੇ ਉਸਦੇ ਘਰ ਲੜਕੀ ਨੇ ਜਨਮ ਲਿਆ। ਹਰਪ੍ਰੀਤ ਨੇ ਦੱਸਿਆ ਕਿ ਜਦੋਂ ਜਣੇਪੇ ਤੋਂ 15 ਮਿੰਟਾਂ ਬਾਅਦ ਉਸ ਦੀ ਪਤਨੀ ਤੇਜ਼ ਪੀੜ ਹੋਣ ਕਾਰਨ ਤੜਫਣ ਲੱਗ ਪਈ ਤਾਂ ਡਾਕਟਰਾਂ ਵੱਲੋਂ ਉਸ ਨੂੰ ਦਿਲਾਸਾ ਦਿੱਤਾ ਗਿਆ ਕਿ ਉਸ ਦੀ ਪਤਨੀ ਬਿਲਕੁਲ ਠੀਕ-ਠਾਕ ਹੈ ਤੇ ਡਾਕਟਰਾਂ ਨੇ ਉਸ ਦੀ ਪਤਨੀ ਨੂੰ ਵੈਨਟੀਲੇਟਰ 'ਤੇ ਪਾ ਦਿੱਤਾ।

ਜਦੋਂ ਕੁਝ ਘੰਟੇ ਬੀਤ ਜਾਣ ਦੇ ਬਾਵਜੂਦ ਉਸ ਦੀ ਪਤਨੀ ਨੂੰ ਕੋਈ ਵੀ ਹੋਸ਼ ਨਾ ਆਈ ਤਾਂ ਡਾਕਟਰਾਂ ਨੇ ਉਸ ਦੀ ਪਤਨੀ ਨੂੰ ਆਪਣੀ ਨਿੱਜੀ ਐਂਬੂਲੈਂਸ ਦੇ ਕੇ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ 'ਚ ਭੇਜ ਦਿੱਤਾ, ਜਿੱਥੇ ਸੰਦੀਪ ਕੌਰ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਐਲਾਨ ਕਰ ਦਿੱਤਾ ਗਿਆ।ਹਰਪ੍ਰੀਤ ਸਿੰਘ ਨੇ ਕਿਹਾ ਕਿ ਹਸਪਤਾਲ ਦੇ ਡਾਕਟਰ ਤੇ ਸਟਾਫ ਵੱਲੋਂ ਵਰਤੀ ਗਈ ਅਣਗਹਿਲੀ ਕਾਰਨ ਉਸ ਦੀ ਪਤਨੀ ਦੀ ਮੌਤ ਹੋਈ ਹੈ।ਇਸ ਮੌਕੇ ਹਰਪ੍ਰੀਤ ਸਿੰਘ ਨੇ ਥਾਣਾ ਮੁਖੀ ਭਿੱਖੀਵਿੰਡ ਤੇ ਡੀਐੱਸਪੀ ਭਿੱਖੀਵਿੰਡ ਪਾਸੋਂ ਹਸਪਤਾਲ ਦੇ ਡਾਕਟਰ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਉਧਰ ਇਸ ਮਾਮਲੇ ਸੰਬੰਧੀ ਜਦੋਂ ਧਵਨ ਨਰਸਿੰਗ ਹੋਮ ਭਿੱਖੀਵਿੰਡ ਦੇ ਡਾਕਟਰ ਵਿਜੇ ਧਵਨ ਦਾ ਪੱਖ ਲੈਣ ਲਈ ਪੱਤਰਕਾਰਾਂ ਦੀ ਟੀਮ ਹਸਪਤਾਲ ਪਹੁੰਚੀ ਤਾਂ ਡਾਕਟਰ ਆਪਣੇ ਕਮਰੇ ਵਿੱਚ ਹਾਜ਼ਰ ਨਹੀਂ ਸਨ।

ਜਦੋਂ ਡਾਕਟਰ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਆਪਣਾ ਪੱਖ ਦੇਣ ਦੀ ਬਜਾਏ ਡਾਕਟਰ ਸਾਹਬ ਨੇ ਆਪਣੇ ਆਫ਼ਿਸ ਆ ਕੇ ਸਾਰੀ ਜਾਣਕਾਰੀ ਦੇਣ ਦੀ ਗੱਲ ਕਹਿ ਕੇ ਫੋਨ ਕੱਟ ਦਿੱਤਾ।

ਇਸ ਮਾਮਲੇ ਸੰਬੰਧੀ ਜਦੋਂ ਥਾਣਾ ਮੁਖੀ ਭਿੱਖੀਵਿੰਡ ਮੋਹਿਤ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮ੍ਰਿਤਕ ਔਰਤ ਸੰਦੀਪ ਕੌਰ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਡੈੱਡ ਹਾਊਸ ਵਿੱਚ ਭੇਜ ਦਿੱਤਾ ਗਿਆ ਹੈ।ਐੱਸਐੱਚਓ ਨੇ ਦੱਸਿਆ ਕਿ ਮ੍ਰਿਤਕ ਔਰਤ ਦੇ ਪਰਿਵਾਰ ਦੇ ਬਿਆਨ ਦਰਜ ਕਰਨ ਉਪਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਸਹੁਰਿਆਂ ਤੋਂ ਤੰਗ ਆ ਕੇ ਜਵਾਈ ਵੱਲੋਂ ਖ਼ੁਦਕੁਸ਼ੀ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੁਲਸ ਜ਼ਿਲ੍ਹਾ ਦਿਹਾਤੀ ਅਧੀਨ ਪੈਂਦੇ ਥਾਣਾ ਕੱਥੂਨੰਗਲ ਦੇ ਪਿੰਡ ਅਜਾਇਬਵਾਲੀ ਦੇ ਨੌਜਵਾਨ ਵੱਲੋਂ ਬੀਤੀ ਰਾਤ ਫਾਹਾ ਲੈ ਕੇ ਆਤਮਹੱਤਿਆ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਜਗਰੂਪ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਪਿੰਡ ਅਜਾਇਬਵਾਲੀ ਜਿਸਦਾ 4 ਮਹੀਨੇ ਪਹਿਲਾਂ ਲਵਲੀਨ ਕੌਰ ਪੁੱਤਰੀ ਬਲਦੇਵ ਸਿੰਘ ਵਾਸੀ ਪਿੰਡ ਬਾਬੋਵਾਲ ਥਾਣਾ ਕੱਥੂਨੰਗਲ ਨਾਲ ਵਿਆਹ ਹੋਇਆ ਸੀ, ਵਿਆਹ ਤੋਂ ਬਾਅਦ ਪਤੀ-ਪਤਨੀ ਵਿਚਕਾਰ ਤਕਰਾਰ ਰਹਿੰਦਾ ਸੀ ਜਿਸ ਦੌਰਾਨ ਲਵਲੀਨ ਕੌਰ ਆਪਣੇ ਪੇਕੇ ਘਰ ਚਲੀ ਗਈ ਜਿਸ ਦੌਰਾਨ ਜਗਰੂਪ ਸਿੰਘ ਵੱਲੋਂ ਆਪਣੀ ਪਤਨੀ ਤੇ ਸਾਲ਼ੇ ਤੋਂ ਤੰਗ ਆ ਕੇ ਲਾਈਵ ਹੋਣ ਉਪਰੰਤ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਗਈ।ਥਾਣਾ ਕੱਥੂਨੰਗਲ ਦੀ ਪੁਲਸ ਵੱਲੋਂ ਖੁਦਕੁਸ਼ੀ ਲਈ ਮਜਬੂਰ ਕਰਨ ਵਾਲੀ ਲਵਲੀਨ ਕੌਰ ਅਤੇ ਉਸਦੇ ਭਰਾ ਲਵਕਰਨ ਸਿੰਘ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ



# ਸਾਹਿਤਕ ਸੰਸਥਾਵਾਂ ਵੱਲੋਂ ਵਿਰਸਾ ਵਿਹਾਰ ਵਿਖੇ ਕਵੀ ਦਰਬਾਰ ਆਯੋਜਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਮੇਲਾ ਰੂਹਾਂ ਦਾ ਸਾਹਿਤਕ ਪਰਿਵਾਰ ਮੁੰਬਈ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ, ਵਿਰਸਾ ਵਿਹਾਰ ਸੁਸਾਇਟੀ, ਪੰਜਾਬੀ ਸਾਹਿਤ ਸਭਾ ਚੋਗਾਵਾਂ ਅਤੇ ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਕਵੀ ਦਰਬਾਰ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਨਿਰਮਲ ਅਰਪਨ, ਡਾ. ਕਰਨੈਲ ਸ਼ੇਰਗਿੱਲ (ਇੰਗਲੈਂਡ), ਮਨਪ੍ਰੀਤ ਸੰਧੂ (ਮੁੰਬਈ) ਏਕਮ ਦੇ ਸੰਪਾਦਕ ਅਰਤਿੰਦਰ ਸੰਧੂ, ਪ੍ਰੋ. ਨਿਰਵੈਰ ਸਿੰਘ (ਅਮੈਰਿਕਾ) ਅਤੇ ਭੁਪਿੰਦਰ ਸਿੰਘ ਸੰਧੂ ਨੇ ਸਾਂਝੇ ਰੂਪ ਵਿੱਚ ਕੀਤੀ। ਮੰਚ ਸੰਚਾਲਕ ਦੇ ਫਰਜ਼ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ ਨੇ ਬਾਖੂਬੀ ਨਿਭਾਉਂਦੇ ਹੋਏ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕੀਤਾ।ਸਭ ਤੋਂ ਪਹਿਲਾਂ ਵਿਰਸਾ ਵਿਹਾਰ ਸੁਸਾਇਟੀ ਦੇ ਜਨਰਲ ਸਕੱਤਰ ਰਮੇਸ਼ ਯਾਦਵ ਨੇ ਆਈਆਂ ਹੋਈਆਂ ਹਸਤੀਆਂ ਨੂੰ ਸਵਾਗਤੀ ਬੋਲਾਂ ਨਾਲ ਜੀ ਆਇਆਂ ਨੂੰ ਕਿਹਾ।ਕਵੀ ਦਰਬਾਰ ਵਿੱਚ ਪ੍ਰਿੰ. ਡਾ. ਗਿਆਨ ਸਿੰਘ ਘਈ, ਸੁਰਿੰਦਰ ਸਿੰਘ ਚੋਹਕਾ, ਬਰਕਤ ਸਿੰਘ ਵੋਹਰਾ, ਕਮਲ ਗਿੱਲ, ਸੁਖਵੰਤ ਚੇਤਨਪੁਰੀ, ਸੁਲਤਾਨ ਭਾਰਤੀ, ਗੁਰਭੈ ਸਿੰਘ ਭਲਾਈਆਣਾ, ਸੁਰਿੰਦਰ ਕੌਰ ਸਰਾਏ, ਕੁਲਵੰਤ ਸਿੰਘ ਕੰਤ, ਰਮੇਸ਼ ਕੁਮਾਰ ਜਾਨੂੰ, ਕੁਲਦੀਪ ਸਿੰਘ ਦਰਾਜਕੇ, ਜਸਵੰਤ ਧਾਪ, ਸੁਰਿੰਦਰ ਸਾਗਰ, ਐੱਸ. ਪਰਸ਼ੋਤਮ, ਭਗਤ ਨਰਾਇਣ, ਨਵਜੋਤ ਕੌਰ ਨਵੂ ਭੁੱਲਰ, ਜਸਵਿੰਦਰ ਸਿੰਘ ਕਿਰਨ, ਗੁਰਪ੍ਰੀਤ ਸਿੰਘ ਕੱਦਗਿੱਲ, ਜਗਰੂਪ ਸਿੰਘ ਐਮਾਂ, ਗੁਰਜੀਤ ਕੌਰ ਅਜਨਾਲਾ, ਨਿਰੰਜਣ ਸਿੰਘ ਗਿੱਲ, ਮੱਖਣ ਭੈਣੀਵਾਲਾ, ਡਾ. ਵਿਕਰਮਜੀਤ, ਹਰਮੀਤ ਆਰਟਿਸਟ, ਕੰਵਲਪ੍ਰੀਤ ਕੌਰ ਥਿੰਦ, ਵਜੀਰ ਸਿੰਘ ਮੂਧਲ, ਜਸਵਿੰਦਰ ਕੌਰ ਜੱਸੀ, ਰਿਤੂ ਵਰਮਾ, ਅਰਤਿੰਦਰ ਸੰਧੂ, ਨਿਰਮਲ ਅਰਪਨ ਆਦਿ ਸ਼ਾਇਰਾਂ ਨੇ ਕਲਾਮ ਪੇਸ਼ ਕੀਤਾ ਅਤੇ ਅਖੀਰ ਵਿੱਚ ਭੂਪਿੰਦਰ ਸਿੰਘ ਸੰਧੂ ਵੱਲੋਂ ਆਏ ਹੋਏ ਅਦੀਬਾਂ ਦਾ ਧੰਨਵਾਦ ਕਰਦੇ ਹੋਏ ਸਾਰੀਆਂ ਸਭਾਵਾਂ ਨੂੰ ਆਪਣੇ ਸਮਾਗਮ ਵਿਰਸਾ ਵਿਹਾਰ ਵਿੱਚ ਕਰਵਾਉਣ ਦਾ ਸੱਦਾ ਦਿੱਤਾ।ਇਸ ਮੌਕੇ ਪਹੁੰਚੇ ਰਾਜਪਾਲ ਸ਼ਰਮਾ, ਪਰਗਟ ਸਿੰਘ ਸੰਧੂ, ਹਰੀਸ਼ ਸਾਬਰੀ, ਗੋਬਿੰਦ ਕੁਮਾਰ ਨੇ ਸਮਾਰੋਹ ਨੂੰ ਭਰਪੂਰਤਾ ਬਖਸ਼ੀ।ਮੇਲਾ ਰੂਹਾਂ ਦਾ ਸਾਹਿਤਕ ਪਰਿਵਾਰ ਮੁੰਬਈ ਵੱਲੋਂ ਸਮੂਹ ਸ਼ਾਇਰਾਂ ਨੂੰ ਸਨਮਾਨਿਤ ਕੀਤਾ ਗਿਆ।



# ਜ਼ਿਲਾ ਭਾਜਪਾ ਪ੍ਰਧਾਨ ਹਰਜੀਤ ਸੰਧੂ ਨੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਡਿਊਟੀਆਂ ਸੌਂਪੀਆਂ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਤਰਨਤਾਰਨ ਮੁੱਖ ਦਫਤਰ ਵਿਖੇ ਜ਼ਿਲਾ ਤਰਨਤਾਰਨ ਵਿੱਚ ਹੋਣ ਜਾ ਰਹੇ ਬੂਥ ਸੰਮੇਲਨਾਂ ਸੰਬੰਧੀ ਹੋਈ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕੀਤਾ।ਉਨ੍ਹਾਂ ਸਮੂਹ ਪਾਰਟੀ ਵਰਕਰਾਂ ਦੀ ਡਿਊਟੀਆਂ ਲਗਾਉਂਦਿਆਂ ਕਿਹਾ ਕਿ ਜਿਸ ਤਰਾਂ ਭਾਰਤੀ ਜਨਤਾ ਪਾਰਟੀ ਆਪਣੇ ਸੰਗਠਨਾਤਮਿਕ ਤਰੀਕੇ ਨਾਲ ਪੂਰੇ ਦੇਸ਼ ਵਿੱਚ ਹਰ ਵਰਕਰ ਨੂੰ ਲਾਮਬੰਦ ਕਰ ਚੁੱਕੀ ਹੈ ਇਸ ਵਾਰ ਪੰਜਾਬ ਵਿੱਚ ਵੀ ਸੰਗਠਨ ਦੀ ਮਜ਼ਬੂਤੀ ਲਈ ਹਰ ਵਰਕਰ ਦਿਨ-ਰਾਤ ਮਿਹਨਤ ਕਰ ਰਿਹਾ ਹੈ ਜਿਸ ਦਾ ਇਤਿਹਾਸਕ ਨਤੀਜਾ ਭਾਰੀ ਬਹੁਮਤ ਨਾਲ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਆ ਰਿਹਾ ਹੈ।

ਹਰਜੀਤ ਸਿੰਘ ਸੰਧੂ ਅਤੇ ਜ਼ਿਲਾ ਟੀਮ ਨੂੰ ਸਮੁੱਚੇ ਅਹੁਦੇਦਾਰਾਂ ਅਤੇ ਆਗੂਆਂ ਨੇ ਵਿਸ਼ਵਾਸ ਦੁਆਇਆ ਕਿ ਉਹ ਚੋਣਾਂ ਲੜਨ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਲੋਕ ਭਾਰਤੀ ਜਨਤਾ ਪਾਰਟੀ ਨਾਲ ਚਟਾਨ ਵਾਂਗ ਖੜ ਗਏ ਹਨ। ਇਸ ਮੌਕੇ ਜ਼ਿਲਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ, ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ, ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ, ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ, ਮੀਤ ਪ੍ਰਧਾਨ ਅਤੁਲ ਜੈਨ, ਮੀਤ ਪ੍ਰਧਾਨ ਅਮਰਪਾਲ ਸਿੰਘ ਖਹਿਰਾ, ਮੀਤ ਪ੍ਰਧਾਨ ਡਾ. ਰਿਤੇਸ਼ ਚੋਪੜਾ, ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਸਕੱਤਰ ਗੌਰਵ ਚੋਪੜਾ, ਸਕੱਤਰ ਰੋਹਿਤ ਵੇਦੀ, ਸਕੱਤਰ ਸੁਖਵੰਤ ਸਿੰਘ, ਸਕੱਤਰ ਹਰਮਨਜੀਤ ਸਿੰਘ, ਸਕੱਤਰ ਸਵਿੰਦਰ ਸਿੰਘ ਪੰਨੂ, ਐਸਸੀ ਮੋਰਚਾ ਜਿਲਾ ਪ੍ਰਧਾਨ ਗੁਲਜਾਰ ਸਿੰਘ ਜਹਾਂਗੀਰ, ਯੁਵਾ ਮੋਰਚਾ ਜਿਲਾ ਪ੍ਰਧਾਨ ਦਿਨੇਸ਼ ਜੋਸ਼ੀ, ਕਿਸਾਨ ਮੋਰਚਾ ਜਿਲਾ ਪ੍ਰਧਾਨ ਗੁਰਸਾਹਿਬ ਸਿੰਘ, ਐੱਸਸੀ ਮੋਰਚਾ ਜਨਰਲ ਸਕੱਤਰ ਹਰਜਿੰਦਰ ਸਿੰਘ ਠੱਕਰਪੁਰਾ, ਐੱਸਸੀ ਮੋਰਚਾ ਜਨਰਲ ਸਕੱਤਰ ਅਵਤਾਰ ਸਿੰਘ ਬੰਟੀ, ਐਸਸੀ ਮੋਰਚਾ ਜਨਰਲ ਸਕੱਤਰ ਹਰਜੀਤ ਸਿੰਘ ਕੰਗ, ਜ਼ਿਲਾ ਪ੍ਰਵਕਤਾ ਰਾਜਵੀਰ ਸਿੰਘ ਕੰਗ, ਯੁਵਾ ਮੋਰਚਾ ਜਨਰਲ ਸਕੱਤਰ ਅਮਨ ਅਰੋੜਾ, ਕਿਸਾਨ ਮੋਰਚਾ ਜਨਰਲ ਸਕੱਤਰ ਡਾ. ਅਵਤਾਰ ਸਿੰਘ ਵੇਈਂਪੂਈਂ, ਕਿਸਾਨ ਮੋਰਚਾ ਜਨਰਲ ਸਕੱਤਰ ਕੁਲਵੰਤ ਸਿੰਘ ਭੈਲ, ਮੰਡਲ ਪ੍ਰਧਾਨ ਪਵਨ ਕੁੰਦਰਾ, ਮੰਡਲ ਪ੍ਰਧਾਨ ਪਵਨ ਦੇਵਗਨ, ਮੰਡਲ ਪ੍ਰਧਾਨ ਗੌਰਵ ਦੇਵਗਨ, ਮੰਡਲ ਪ੍ਰਧਾਨ ਡਾ. ਦਵਿੰਦਰ ਕੁਮਾਰ, ਮੰਡਲ ਪ੍ਰਧਾਨ ਕਾਰਜ ਸਿੰਘ ਸ਼ਾਹ, ਮੰਡਲ ਪ੍ਰਧਾਨ ਮੇਹਰ ਸਿੰਘ ਬਾਣੀਆ, ਮੰਡਲ ਪ੍ਰਧਾਨ ਕੁਲਦੀਪ ਸਿੰਘ, ਮੰਡਲ ਪ੍ਰਧਾਨ ਨਰਿੰਦਰ ਸਿੰਘ, ਬਲਵਿੰਦਰ ਸਿੰਘ ਓਬੀਸੀ ਮੋਰਚਾ, ਬੁੱਧੀਜੀਵੀ ਸੈੱਲ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਐੱਸਸੀ ਮੋਰਚਾ ਐਗਜ਼ੈਕਟਿਵ ਮੈਂਬਰ ਸੁਰਜੀਤ ਸਿੰਘ ਮਾਹਲ, ਵਪਾਰ ਸੈੱਲ ਦੇ ਜਿਲਾ ਪ੍ਰਧਾਨ ਮੇਜਰ ਸਿੰਘ ਗਿੱਲ, ਨਵਦੀਪ ਸ਼ਰਮਾ, ਹਰਪ੍ਰੀਤ ਸਿੰਘ, ਸੋਨੀ ਵਾਰਡ ਨੰਬਰ 19, ਕਾਰਤਿਕ ਚੋਪੜਾ, ਜਗਮੋਹਨ ਗੁਪਤਾ, ਮੁਨੀਸ਼ ਕੁਮਾਰ, ਅਰਵਿੰਦਰ ਮਰਵਾਹਾ, ਗੁਰਪ੍ਰੀਤ ਸਿੰਘ, ਅਜੇ, ਬਾਬਾ ਮਨਜੀਤ ਸਿੰਘ, ਪਰਮਜੀਤ ਸਿੰਘ, ਗੁਰਬਿੰਦਰ ਸਿੰਘ, ਬੰਟੀ ਪੰਡਿਤ, ਲਲਿਤ ਸ਼ਰਮਾ, ਪੰਡਿਤ ਸ਼ਿਸ਼ਪਾਲ, ਹਰਸ਼ਾਨ ਸਿੰਘ, ਯੁਵਾ ਮੋਰਚਾ ਪ੍ਰਧਾਨ ਜਸਕਰਨ ਨਈਅਰ, ਐੱਸਸੀ ਮੋਰਚਾ ਪ੍ਰਧਾਨ ਅਮੋਲਕ ਸਿੰਘ, ਮੰਡਲ ਜਨਰਲ ਸਕੱਤਰ ਲੱਖਾ ਸਿੰਘ, ਮੰਡਲ ਜਨਰਲ ਸਕੱਤਰ ਜੁਗਰਾਜ ਸਿੰਘ, ਰਾਮ ਸਿੰਘ, ਗੋਰਾ ਸਿੰਘ, ਅਵਤਾਰ ਸਿੰਘ, ਹਰਦਿਆਲ ਸਿੰਘ, ਪ੍ਰਤਾਪ ਸਿੰਘ, ਗੁਰਜੀਤ ਸ਼ਾਹ, ਅਵਤਾਰ ਸਿੰਘ ਲਾਲੀ, ਨਿਰਮਲ ਸਿੰਘ ਨੰਦਪੁਰ, ਹਰਦੇਵ ਸਿੰਘ ਨੰਦਪੁਰ, ਨਰਿੰਦਰ ਸਿੰਘ, ਕਸ਼ਮੀਰ ਸਿੰਘ, ਕੰਵਲਜੀਤ ਸਿੰਘ, ਦਵਿੰਦਰ ਸਿੰਘ, ਮੰਗਲ ਸਿੰਘ, ਸੋਨੂ ਖਵਾਸਪੁਰ, ਨਛੱਤਰ ਸਿੰਘ, ਜਸਬੀਰ ਸਿੰਘ ਮੁਗਲਚੱਕ, ਗੁਰਸੇਵਕ ਸਿੰਘ, ਕਾਬਲ ਸਿੰਘ ਸੇਖਚੱਕ, ਰਣਜੀਤ ਸਿੰਘ, ਮੁਖਤਾਰ ਸਿੰਘ ਕੱਲਾ ਤੋਂ ਇਲਾਵਾ ਜਿਲੇ ਭਰ 'ਚੋਂ ਸੈਂਕੜੇ ਪਾਰਟੀ ਵਰਕਰ ਅਤੇ ਆਗੂ ਹਾਜ਼ਰ ਸਨ।



# ਯੂਨੀਵਰਸਿਟੀ ਕਾਲਜ ਕਲਾਨੌਰ ਵਿਖੇ ਸਾਲਾਨਾ ਦੋ ਰੋਜ਼ਾ ਖੇਡ ਸਮਾਰੋਹ ਕਰਵਾਇਆ

**ਕਲਾਨੌਰ (ਮਨਦੀਪ ਕੋਹਲੀ)**-ਸ਼ਹੀਦ ਲੱਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਕਲਾਨੌਰ ਵਿਖੇ ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਦੀ ਅਗਵਾਈ ਹੇਠ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋ. ਜੁਝਾਰ ਸਿੰਘ ਬਾਜਵਾ ਦੇ ਯਤਨਾਂ ਸਦਕਾ ਦੂਸਰਾ ਸਾਲਾਨਾ ਦੋ ਰੋਜ਼ਾ ਖੇਡ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।ਇਸ ਖੇਡ ਸਮਾਰੋਹ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਬਾਬਾ ਰਜਿੰਦਰ ਸਿੰਘ ਬੇਦੀ, ਡਾ. ਵੀ. ਕੇ. ਸਿੰਘ (ਓਐੱਸਡੀ ਬਾਬਾ ਨਾਮਦੇਵ ਸਿੰਘ ਯੂਨੀਵਰਸਿਟੀ ਕਾਲਜ ਕਿਸ਼ਨਕੋਟ), ਡਾ. ਪਰਮਿੰਦਰ ਸਿੰਘ ਅਸਿਸਟੈਂਟ ਪ੍ਰੋਫੈਸਰ ਸਰੀਰਕ ਸਿੱਖਿਆ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਦਿਲਪ੍ਰੀਤ ਸਿੰਘ ਆਈਪੀਐਸ ਥਾਣਾ ਮੁਖੀ ਕਲਾਨੌਰ, ਬਰਿੰਜਦਰਾ ਸਿੰਘ ਐਡਵੋਕੇਟ ਪਹੁੰਚੇ।ਗੁਬਾਰੇ ਛੱਡਣ ਦੀ ਰਸਮ ਨਾਲ ਇਸ ਸਮਾਰੋਹ ਦਾ ਆਗਾਜ਼ ਹੋਇਆ।ਪ੍ਰੋਗਰਾਮ ਦੀ ਸ਼ੁਰੂਆਤ ਵਿਚ ਕਾਲਜ ਦੇ ਪ੍ਰਿੰ. ਡਾ. ਕਮਲ ਕਿਸ਼ੋਰ ਅੱਤਰੀ ਨੇ ਆਏ ਹੋਏ ਮਹਿਮਾਨਾਂ ਲਈ ਸਵਾਗਤੀ ਸ਼ਬਦ ਆਖਦਿਆਂ ਕਿਹਾ ਕਿ ਬਾਬਾ ਰਜਿੰਦਰ ਸਿੰਘ ਬੇਦੀ ਇਕ ਨੇਕ ਦਿਲ, ਦਾਨਿਸ਼ਮੰਦ, ਲੋਕ ਸੁਨੇਹੀ ਅਤੇ ਨਿਮਰਤਾ ਦੇ ਧਾਰਨੀ ਇਨਸਾਨ ਹਨ। ਇਸ ਮੌਕੇ ਸਮਾਰੋਹ ਦੇ ਮੁੱਖ ਮਹਿਮਾਨ ਬਾਬਾ ਰਜਿੰਦਰ ਸਿੰਘ ਬੇਦੀ ਨੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦਿਆਂ ਹੋਇਆਂ ਕਿਹਾ ਕਿ ਖੇਡਾਂ ਵਿਦਿਆਰਥੀ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਤਾਂ ਕਿ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ।ਖੇਡ ਸਮਾਰੋਹ ਵਿਚ ਵਾਲੀਬਾਲ, ਖੋ-ਖੋ, ਰੱਸਾ ਕੱਸੀ, ਸੌ ਮੀਟਰ ਦੌੜ (ਲੜਕੇ, ਲੜਕੀਆਂ), ਗੋਲਾ ਸੁੱਟਣਾ (ਲੜਕੇ, ਲੜਕੀਆਂ), ਲੌਂਗ ਜੰਪ (ਲੜਕੇ, ਲੜਕੀਆਂ), ਆਬਸਟੈਕਲ, ਲੈਮਨ ਓਨ ਸਪੂਨ, ਥ੍ਰੀ ਲੈੱਗ ਰੇਸ, ਸੈਕ ਰੇਸ, ਰੱਸੀ ਟੱਪਣਾ ਮੁਕਾਬਲੇ ਕਰਵਾਏ ਗਏ।ਜੇਤੂ ਵਿਦਿਆਰਥੀਆਂ ਨੂੰ ਮੈਡਲ, ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਖੇਡਾਂ ਵਤਨ ਪੰਜਾਬ ਦੀਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਅਭੀ ਜੋਸ਼ੀ, ਪੂਜਾ ਅਤੇ ਗੁਰਵਿੰਦਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਸ਼ਰਨ ਸਿੰਘ ਪੁਰੇਵਾਲ, ਰੋਹਿਤ ਭਾਰਦਵਾਜ, ਸੁੱਚਾ ਸਿੰਘ ਸੈਕਟਰੀ, ਗਗਨਦੀਪ ਸਿੰਘ ਕੋਚ, ਅੰਮ੍ਰਿਤਪਾਲ ਸਿੰਘ ਔਲਖ ਕੋਚ, ਪ੍ਰੋ. ਰਾਜਵਿੰਦਰ ਸਿੰਘ ਰਿਆੜ, ਹਰਪ੍ਰੀਤ ਸਿੰਘ ਸੈਕਟਰੀ, ਹਰਦੀਪ ਸਿੰਘ ਮਠਾਰੂ, ਰਮੇਸ਼ ਕੁਮਾਰ ਪੱਤਰਕਾਰ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ਼ ਤੇ ਕਲਰਕ ਹਰਜੰਤ ਸਿੰਘ ਮੌਜੂਦ ਸਨ।ਮੰਚ ਦਾ ਸੰਚਾਲਨ ਪ੍ਰੋ. ਸੰਦੀਪ ਚੰਚਲ ਅਤੇ ਪ੍ਰੋ. ਸਤਿੰਦਰ ਕੌਰ ਨੇ ਨਿਭਾਇਆ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਲੜਾ ਦਾ ਸਾਲਾਨਾ ਨਤੀਜਾ ਰਿਹਾ ਸ਼ਾਨਦਾਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਾਲੜਾ ਦਾ ਸਲਾਨਾ ਨਤੀਜਾ ਸ਼ਾਨਦਾਰ ਰਿਹਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਹਰਜੀਤ ਸਿੰਘ ਨੇ ਕਿਹਾ ਕਿ ਛੇਵੀ ਕਲਾਸ ਵਿੱਚੋਂ ਦਮਨਪ੍ਰੀਤ ਸਿੰਘ ਭਾਟੀਆ ਪੁੱਤਰ ਹਰਵਿੰਦਰ ਸਿੰਘ ਪਹਿਲੇ ਸਥਾਨ 'ਤੇ ਗੁਰਸ਼ਾਨ ਸਿੰਘ ਦੂਜਾ, ਅਰਮਾਨਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ ਜਦਕਿ ਸੱਤਵੀ ਕਲਾਸ ਦੇ ਨਤੀਜੇ ਵਿੱਚ ਹਰਪ੍ਰੀਤ ਸਿੰਘ ਨੇ ਪਹਿਲਾ ਐਸ਼ਪ੍ਰੀਤ ਸਿੰਘ ਦੂਜਾ ਅਤੇ ਗੁਰਤਾਜਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਨੌਵੀਂ ਕਲਾਸ ਵਿੱਚੋਂ ਗੁਰਲਾਲ ਸਿੰਘ ਨੇ ਪਹਿਲਾ, ਹਰਪ੍ਰੀਤ ਸਿੰਘ ਦੂਜਾ, ਲਵਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਗਿਆਰਵੀਂ ਕਲਾਸ ਦੇ ਨਤੀਜਿਆਂ ਵਿੱਚੋਂ ਜਗਦੀਪ ਸਿੰਘ ਨੇ ਪਹਿਲਾ, ਅਰਸ਼ਦੀਪ ਸਿੰਘ ਨੇ ਦੂਜਾ ਅਤੇ ਹਰਮਨਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਹਰਜੀਤ ਸਿੰਘ ਨੇ ਅੱਵਲ ਆਏ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਪ੍ਰਿੰ. ਨੇ ਦੱਸਿਆ ਕਿ ਸਰਕਾਰੀ ਸਕੂਲ ਕਿਸੇ ਪੱਖੋਂ ਵੀ ਘੱਟ ਨਹੀ ਹਨ।ਇਥੇ ਪੜ੍ਹਦੇ ਬੱਚਿਆ ਨੂੰ ਸਰਕਾਰ ਵੱਲੋਂ ਫ੍ਰੀ ਖਾਣਾ, ਵਰਦੀਆਂ, ਫ੍ਰੀ ਕਿਤਾਬਾਂ ਦੀ ਸਹੂਲਤ ਦਿੱਤੀ ਜਾਂਦੀ ਹੈ।ਇਸ ਲਈ ਸਰਕਾਰੀ ਸਕੂਲ ਕਿਸੇ ਪੱਖੋਂ ਵੀ ਪ੍ਰਾਈਵੇਟ ਸਕੂਲਾਂ ਨਾਲੋਂ ਘੱਟ ਨਹੀਂ ਹਨ।ਪ੍ਰਿੰ. ਹਰਜੀਤ ਸਿੰਘ ਨੇ ਪੜ੍ਹਾਈ ਵਿੱਚੋਂ ਅੱਵਲ ਆਏ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅੱਗੇ ਹੋਰ ਮਿਹਨਤ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਅਧਿਆਪਕ ਪ੍ਰਦੀਪ ਕੁਮਾਰ, ਸੰਦੀਪ ਧਵਨ, ਜਗਜੀਤ ਸਿੰਘ ਰਮਨਦੀਪ, ਸੁਖਪਾਲ ਸਿੰਘ, ਅਕਾਸ਼ਦੀਪ, ਰਾਕੇਸ਼ ਕੁਮਾਰ, ਪ੍ਰਵੀਨ ਕੁਮਾਰ, ਜਗਜੀਤ ਕੌਰ, ਸਰੋਜ ਰਾਣੀ, ਕੰਵਲਜੀਤ ਕੌਰ, ਕੁਲਦੀਪ ਸਿੰਘ, ਮਹਾਂਬੀਰ ਸਿੰਘ, ਗੁਰਸੇਵਕ ਸਿੰਘ ਅਤੇ ਮੈਡਮ ਬਲਜੀਤ ਕੌਰ ਆਦਿ ਹਾਜ਼ਰ ਸਨ।



# ਪ੍ਰਾਪਰਟੀ ਟੈਕਸ ਵਸੂਲਣ 'ਚ ਪਿਛਲੇ ਸਾਲ ਦਾ ਰਿਕਾਰਡ ਟੁੱਟਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਗਰ ਨਿਗਮ ਦੇ ਪ੍ਰਾਪਰਟੀ ਟੈਕਸ ਵਿਭਾਗ ਨੇ ਪਿਛਲੇ ਸਾਲ ਦਾ ਰਿਕਾਰਡ ਤੋੜ ਦਿੱਤਾ ਹੈ।ਨਿਗਮ ਕਮਿਸ਼ਨਰ ਹਰਪ੍ਰੀਤ ਸਿੰਘ ਦੇ ਯਤਨਾਂ ਸਦਕਾ ਲਗਾਤਾਰ ਟੈਕਸ ਵਸੂਲੇ ਜਾ ਰਹੇ ਹਨ।ਨਿਗਮ ਨੇ ਹੁਣ ਤੱਕ ਸਭ ਤੋਂ ਵੱਧ 37.30 ਕਰੋੜ ਰੁਪਏ ਦਾ ਪ੍ਰਾਪਰਟੀ ਟੈਕਸ ਵਸੂਲਿਆ ਹੈ।ਇੰਨਾ ਪ੍ਰਾਪਰਟੀ ਟੈਕਸ ਪਹਿਲਾਂ ਕਦੇ ਨਹੀਂ ਵਸੂਲਿਆ ਗਿਆ। ਜਦਕਿ ਪਿਛਲੇ ਸਾਲ ਕੁੱਲ 33.56 ਕਰੋੜ ਰੁਪਏ ਦਾ ਪ੍ਰਾਪਰਟੀ ਟੈਕਸ ਵਸੂਲਿਆ ਗਿਆ ਸੀ।ਕਾਰਪੋਰੇਸ਼ਨ ਕਮਿਸ਼ਨਰ ਹਰਪ੍ਰੀਤ ਸਿੰਘ ਦੇ ਹੁਕਮਾਂ 'ਤੇ 29, 30 ਅਤੇ 31 ਮਾਰਚ ਨੂੰ ਸਰਕਾਰੀ ਛੁੱਟੀ ਹੋਣ ਦੇ ਬਾਵਜੂਦ ਨਗਰ ਨਿਗਮ ਦੇ ਮੁੱਖ ਦਫ਼ਤਰ ਰਣਜੀਤ ਐਵੀਨਿਊ ਵਿਖੇ ਸੀ. ਐਫ. ਸੀ. ਸੈਂਟਰ ਅਤੇ ਕਾਰਪੋਰੇਸ਼ਨ ਦੇ ਸਾਰੇ ਜ਼ੋਨ ਦਫ਼ਤਰਾਂ ਤੇ ਪ੍ਰਾਪਰਟੀ ਟੈਕਸ ਦੀ ਵਸੂਲੀ ਕੀਤੀ ਗਈ ਜਾ ਰਹੀ ਹੈ।ਇਸ ਦੇ ਨਾਲ ਪ੍ਰਾਪਰਟੀ ਟੈਕਸ ਆਨਲਾਈਨ ਜਮ੍ਹਾ ਕੀਤਾ ਜਾ ਰਿਹਾ ਹੈ।ਨਿਗਮ ਨੇ 29 ਅਤੇ 30 ਮਾਰਚ ਨੂੰ ਕਰੀਬ 1 ਕਰੋੜ ਰੁਪਏ ਦਾ ਪ੍ਰਾਪਰਟੀ ਟੈਕਸ ਵਸੂਲਿਆ ਹੈ।ਹਰਪ੍ਰੀਤ ਸਿੰਘ ਨੇ ਦੱਸਿਆ ਕਿ 31 ਮਾਰਚ ਤੋਂ ਬਾਅਦ ਸਾਲ 2023-24 ਲਈ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਵਾਲਿਆਂ ਨੂੰ 20 ਫੀਸਦੀ ਜੁਰਮਾਨਾ ਅਤੇ ਡੇਢ ਫੀਸਦੀ ਵਿਆਜ (ਪ੍ਰਤੀ ਮਹੀਨਾ) ਦੇਣਾ ਪਵੇਗਾ।ਉਨ੍ਹਾਂ ਦੱਸਿਆ ਕਿ ਐਤਵਾਰ ਨੂੰ ਵੀ ਲੋਕ ਨਿਗਮ ਦੇ ਮੁੱਖ ਦਫ਼ਤਰ ਰਣਜੀਤ ਐਵੀਨਿਊ ਵਿਖੇ ਸਥਿਤ ਸੀਐੱਫਸੀ ਸੈਂਟਰ ਅਤੇ ਨਿਗਮ ਦੇ ਸਾਰੇ ਜ਼ੋਨ ਦਫ਼ਤਰਾਂ ਵਿੱਚ ਟੈਕਸ ਜਮ੍ਹਾ ਕਰਵਾ ਸਕਦੇ ਹਨ।

# ਖ਼ਾਲਸਾ ਕਾਲਜ ਫਾਰ ਵੂਮੈਨ ਵਿਖੇ ਕਰਵਾਇਆ ਕਾਰਨੀਵਾਲ-2024

## * ਵਿਦਿਆਰਥੀਆਂ ਵੱਲੋਂ ਹੱਥੀਂ ਬਣਾਈਆਂ ਵਸਤੂਆਂ ਰਹੀਆਂ ਖਿੱਚ ਦਾ ਕੇਂਦਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਰੰਗਾਰੰਗ ਕਾਰਨੀਵਾਲ-2024 ਪ੍ਰੋਗਰਾਮ ਦਾ ਆਯੋਜਨ ਕਰਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸਕਿੱਲ ਹਾਸਲ ਕਰਕੇ ਕਮਾਈ ਦੇ ਸਾਧਨ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ।

ਪ੍ਰਿੰ. ਡਾ. ਸੁਰਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਮੌਕੇ ਲਿਟਲ ਫਲਾਵਰ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਤਜਿੰਦਰ ਕੌਰ ਛੀਨਾ ਨੇ ਮੁੱਖ ਮਹਿਮਾਨ ਅਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਮੈਂਬਰ ਅਤੇ ਕਾਲਜ ਦੇ ਸਾਬਕਾ ਪ੍ਰਿੰ. ਡਾ. ਸੁਖਬੀਰ ਕੌਰ ਮਾਹਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸ਼੍ਰੀਮਤੀ ਛੀਨਾ ਨੇ ਪ੍ਰਿੰ: ਡਾ. ਸੁਰਿੰਦਰ ਕੌਰ ਨੂੰ ਉਨ੍ਹਾਂ ਦੇ ਇਸ ਉਪਰਾਲੇ 'ਤੇ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਜਿੱਥੇ ਵਿਦਿਆਰਥੀਆਂ ਨੂੰ ਆਪਣੀ ਸੱਭਿਅਤਾ ਦੇ ਰੁਬਰੂ ਕਰਵਾਉਂਦੇ ਹਨ, ਉਥੇ ਉਨ੍ਹਾਂ ਦੁਆਰਾ ਹੱਥੀਂ ਦਸਤਕਾਰੀ ਦੇ ਨਮੂਨੇ ਪੇਂਟਿੰਗ, ਫੁੱਲਕਾਰੀ, ਵੇਸਟ ਵਸਤੂਆਂ ਤੋਂ ਰਾਹੀਂ ਤਿਆਰ ਕੀਤੇ ਡਿਜ਼ਾਈਨ ਅਤੇ ਹੋਰ ਸਾਜ਼ੋ-ਸਾਮਾਨ ਆਦਿ ਪ੍ਰਦਰਸ਼ਿਤ ਕਰ ਕੇ ਆਮਦਨ ਦਾ ਇਕ ਵਧੀਆ ਜ਼ਰੀਆ ਬਣਦੇ ਹਨ.। ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਉਕਤ ਮੇਲੇ ਦਾ ਮਕਸਦ ਵਿਦਿਆਰਥੀਆਂ 'ਚ ਉੱਦਮੀ ਭਾਵਨਾ ਪੈਦਾ ਕਰਨਾ ਹੈ ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਮੰਚ ਪ੍ਰਦਾਨ ਕਰਨਾ ਸੀ। ਇਸ ਮੌਕੇ ਵਿਦਿਆਰਥਣਾਂ ਨੇ ਗੀਤ ਅਤੇ ਡਾਂਸ ਨਾਲ ਜਿੱਥੇ ਆਪਣੀ ਪ੍ਰਤਿਭਾ ਦਾ ਮੁਜ਼ਾਹਰਾ ਕੀਤਾ, ਉਥੇ ਆਕਰਸ਼ਨ ਬਣੇ ਜੁੜਵਾਂ ਬੱਚਿਆਂ ਦੇ ਭੰਗੜੇ ਦੀ ਪੇਸ਼ਕਸ਼ ਨੇ ਸਭ ਨੂੰ ਥਿਰਕਣ 'ਤੇ ਮਜਬੂਰ ਕਰ ਦਿੱਤਾ।

ਗਾਇਕ ਦਲਵਿੰਦਰ ਦਿਆਲਪੁਰੀ, ਡੀ. ਹਾਰਪ, ਹੁਸਨ ਸੰਧੂ, ਤੇਜਬੀਰ ਸਿੱਧੂ, ਗੁਰਪ੍ਰੀਤ ਗਿੱਲ ਅਤੇ ਜੋਬਨ ਸਿੱਧੂ ਨੇ ਆਪਣੀ ਜਾਦੂ ਭਰੀ ਆਵਾਜ਼ ਨਾਲ ਸਰੋਤਿਆਂ ਨੂੰ ਕੀਲਿਆ। ਇਸ ਮੌਕੇ ਲੱਕੀ ਡਰਾਅ ਵੀ ਕੱਢਿਆ ਗਿਆ। ਮੇਲੇ 'ਚ ਕਾਲਜ ਦੇ ਐਲੂਮਨੀ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸਨ, ਜਿਨ੍ਹਾਂ ਨੇ ਉਕਤ ਮੇਲੇ ਦਾ ਖੂਬ ਆਨੰਦ ਮਾਣਿਆ। ਡਾ. ਚੰਚਲ ਬਾਲਾ ਨੇ ਆਏ ਮਹਿਮਾਨਾਂ, ਪ੍ਰਿੰਸੀਪਲ ਦਾ ਧੰਨਵਾਦ ਕੀਤਾ।



# ਕਿਸਾਨਾਂ ਦੇ ਮੱਥੇ 'ਤੇ ਪ੍ਰੇਸ਼ਾਨੀ ਦੀਆਂ ਉੱਕਰੀਆਂ ਲਕੀਰਾਂ, ਫਸਲਾਂ ਦੇ ਝਾੜ ਘੱਟਣ ਦਾ ਖਦਸ਼ਾ

ਗੁਰਦਾਸਪੁਰ (ਦਿਨੇਸ਼ ਕੁਮਾਰ)-ਬੀਤੀ ਅੱਧੀ ਰਾਤ ਨੂੰ ਅਚਾਨਕ ਤੇਜ਼ ਹਨੇਰੀ-ਝੱਖੜ ਅਤੇ ਬੇਮੌਸਮੀ ਬਾਰਿਸ਼ ਨੇ ਕਿਸਾਨਾਂ ਦੇ ਮੱਥੇ 'ਤੇ ਇਕ ਵਾਰ ਮੁੜ ਪ੍ਰੇਸ਼ਾਨੀ ਦੀਆਂ ਲਕੀਰਾਂ ਖਿੱਚ ਦਿੱਤੀਆਂ ਹਨ। ਬਾਰਿਸ਼ ਅਤੇ ਤੇਜ਼ ਝੱਖੜ ਦੇ ਨਾਲ ਗੁਰਦਾਸਪੁਰ ਇਲਾਕੇ ਸਮੇਤ ਨੇੜਲੇ ਪਿੰਡਾਂ ਵਿੱਚ ਫਸਲਾਂ ਦੀ ਭਾਰੀ ਬਰਬਾਦੀ ਹੋਈ ਹੈ ਅਤੇ ਫਸਲਾਂ ਜ਼ਮੀਨ ਉੱਪਰ ਵਿਛ ਗਈਆਂ ਹਨ ਅਤੇ ਜੇਕਰ ਇਸੇ ਤਰ੍ਹਾਂ ਬਾਰਿਸ਼ ਨੇ ਜ਼ੋਰ ਫੜੀ ਰੱਖਿਆ ਤਾਂ ਕਿਸਾਨਾਂ ਨੂੰ ਕਾਫੀ ਮਾਲੀ ਨੁਕਸਾਨ ਹੋ ਸਕਦਾ ਹੈ।ਇਸ ਸੰਬੰਧੀ ਗੱਲਬਾਤ ਕਰਦੇ ਕਿਸਾਨ ਆਗੂ ਗੁਰਵਿੰਦਰ ਸਿੰਘ ਕਠਿਆਲੀ, ਅਮਨਦੀਪ ਸਿੰਘ, ਪਵਨ ਠਾਕੁਰ ਆਦਿ ਨੇ ਦੱਸਿਆ ਕਿ ਤੇਜ਼ ਹਵਾਵਾਂ ਅਤੇ ਬੇਮੌਸਮੀ ਬਾਰਿਸ਼ ਕਹਿਰ ਬਣ ਕੇ ਆਈ। ਬਹੁਤ ਸਾਰੇ ਕਿਸਾਨਾਂ ਨੇ ਠੇਕੇ ਤੇ ਜ਼ਮੀਨਾਂ ਲੈ ਕੇ ਕਣਕ ਦੀ ਬਿਜਾਈ ਕੀਤੀ ਹੋਈ ਹੈ ਪਰ ਮੌਸਮ ਵਿਭਾਗ ਦੀ ਚਿਤਾਵਨੀ ਨੇ ਕਿਸਾਨਾਂ ਨੂੰ ਚਿੰਤਾ 'ਚ ਡੁਬੋ ਦਿੱਤਾ ਹੈ। ਕਿਸਾਨੀ ਵਰਗ ਨੂੰ ਆਰਥਿਕ ਕੰਗਾਲੀ ਦਾ ਮੁੜ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ ਹੀ ਕਈ ਕਿਸਾਨਾਂ ਦੀ ਸਰ੍ਹੋਂ ਦੀ ਫਸਲ ਪੱਕ ਕੇ ਤਿਆਰ ਹੋ ਚੁੱਕੀ ਹੈ। ਉਹ ਵੀ ਇਸ ਕੁਦਰਤੀ ਮਾਰ ਹੇਠਾਂ ਆ ਰਹੀ ਹੈ। ਕਿਸਾਨਾਂ ਨੇ ਦੱਸਿਆ ਕਿ ਬੇਮੌਸਮੀ ਬਾਰਿਸ਼ ਕਾਰਨ ਗੰਨੇ, ਮੱਕੀ ਅਤੇ ਪਸ਼ੂਆਂ ਲਈ ਚਾਰੇ ਦੀ ਫਸਲ ਵੀ ਲੇਟ ਹੋ ਰਹੀ ਹੈ ਜਿਸ ਕਾਰਨ ਕਿਸਾਨ ਵਰਗ ਨੂੰ ਦੋਹਰੀ ਮਾਰ ਪੈ ਰਹੀ ਹੈ। ਸਮੂਹ ਕਿਸਾਨਾਂ ਨੇ ਕਿਹਾ ਕਿ ਇਸ ਹਨੇਰੀ ਕਾਰਨ ਕਣਕ ਦੀ ਫਸਲ ਵੱਡੀ ਮਾਤਰਾ ਵਿਚ ਜ਼ਮੀਨ ਤੇ ਵਿਛ ਗਈ ਹੈ ਜਿਸ ਕਾਰਨ ਕਣਕ ਦੇ ਝਾੜ 'ਤੇ ਵੱਡਾ ਫਰਕ ਪੈ ਸਕਦਾ ਹੈ। ਕਿਸਾਨ ਨੇ ਦੱਸਿਆ ਕਿ ਜੇਕਰ ਆਉਣ ਵਾਲੇ ਦਿਨਾਂ ਵਿਚ ਮੌਸਮ ਸਾਫ ਹੋ ਜਾਂਦਾ ਹੈ ਤਾਂ ਕਿਸਾਨ ਵਰਗ ਕੁਦਰਤੀ ਮਾਰ ਤੋਂ ਬਚ ਸਕਦਾ ਹੈ, ਨਹੀਂ ਤਾਂ ਕਿਸਾਨਾਂ ਨੂੰ ਮੁੜ ਆਰਥਿਕ ਪੱਖੋਂ ਸ਼ਿਕਾਰ ਹੋਣਾ ਪੈ ਸਕਦਾ ਹੈ।



# ਚੋਣਾਂ ਨੂੰ ਲੈ ਕੇ ਐੱਸ ਪੀ ਹੈੱਡਕੁਆਰਟਰ ਮੈਡਮ ਜਸਵੰਤ ਕੌਰ ਦੀ ਮੋਹਤਬਰਾਂ ਨਾਲ ਮੀਟਿੰਗ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੁਲਸ ਜ਼ਿਲਾ ਬਟਾਲਾ ਦੇ ਐੱਸਪੀ ਹੈੱਡਕੁਆਟਰ ਮੈਡਮ ਜਸਵੰਤ ਕੌਰ ਵੱਲੋਂ ਐੱਸਐੱਸਓ ਡੇਰਾ ਬਾਬਾ ਨਾਨਕ ਜਸਪਾਲ ਸਿੰਘ ਦੀ ਅਗਵਾਈ ਹੇਠ ਸਰਹੱਦੀ ਪਿੰਡ ਧਰਮਕੋਟ ਰੰਧਾਵਾ ਦੀ ਪੁਲਸ ਚੌਕੀ ਵਿਖੇ ਪਿੰਡਾਂ ਦੇ ਮੋਹਤਬਰ ਆਗੂਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਮੀਟਿੰਗ ਦੌਰਾਨ ਐੱਸਪੀ ਹੈੱਡਕੁਆਰਟਰ ਨੇ ਸਰਹੱਦੀ ਇਲਾਕੇ ਦੇ ਲੋਕਾਂ ਕੋਲੋਂ ਨਸ਼ੇ ਦੇ ਸੌਦਾਗਰਾਂ ਅਤੇ ਭੈੜੇ ਅਨਸਰਾ ਨੂੰ ਨੱਥ ਪਾਉਣ ਲਈ ਸਹਿਯੋਗ ਮੰਗਿਆ ਅਤੇ ਸਮਾਜ ਵਿੱਚ ਹੋਰ ਫੈਲੀਆਂ ਕੁਰੀਤੀਆਂ ਨੂੰ ਖਤਮ ਕਰਨ ਲਈ ਸੁਝਾਅ ਲਏ। ਇਲਾਕੇ ਦੇ ਲੋਕਾਂ ਨੇ ਪੁਲਸ ਦੇ ਇਸ ਸ਼ਲਾਘਾਯੋਗ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਕਰਨ ਨਾਲ ਇਲਾਕੇ ਵਿੱਚ ਅਪਰਾਧ ਘਟੇਗਾ ਅਤੇ ਜੋ ਨੌਜਵਾਨ ਕੁਰਾਹੇ ਪਏ ਹਨ, ਉਹ ਸਿੱਧੇ ਰਸਤੇ 'ਤੇ ਪੈਣਗੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਜਸਵੰਤ ਕੌਰ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਉਪਰ ਜ਼ਿਲ੍ਹੇ ਦੇ ਵੱਖ-ਵੱਖ ਥਾਨਿਆਂ ਅੰਦਰ ਪੈਂਦੇ ਵੱਖ-ਵੱਖ ਪਿੰਡਾਂ ਵਿੱਚ ਦਿਹਾਤੀ ਦੌਰੇ ਦੌਰਾਨ ਉਥੋਂ ਦੇ ਮੋਹਤਬਰ ਆਗੂਆਂ ਨਾਲ ਮੀਟਿੰਗ ਕਰਕੇ ਮਾੜੇ ਅਨਸਰਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਜਾਂਦੀ ਹੈ ਤੇ ਜੇ ਕੋਈ ਉਨ੍ਹਾਂ ਨੂੰ ਕੋਈ ਮੁਸ਼ਕਿਲ ਹੁੰਦੀ ਹੈ ਤਾਂ ਉਸ ਦਾ ਤੁਰੰਤ ਹੱਲ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਹੁਣ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਿਨ੍ਹਾਂ ਲੋਕਾਂ ਕੋਲ ਲਾਇਸੰਸੀ ਹਥਿਆਰ ਹਨ ਉਨ੍ਹਾਂ ਨੂੰ ਜਮ੍ਹਾ ਕਰਾਉਣ ਸਬੰਧੀ ਅਤੇ ਜਾਂ ਕੋਈ ਨਸ਼ਾ ਕਰਦਾ ਜਾਂ ਵੇਚਦਾ ਹੈ ਉਸ ਸਬੰਧੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਪੁਲਸ ਚੌਕੀ ਧਰਮਕੋਟ ਰੰਧਾਵਾ ਦੇ ਇੰਚਾਰਜ ਅੰਗਰੇਜ਼ ਸਿੰਘ, ਮੁਨਸ਼ੀ ਗੁਰਪ੍ਰੀਤ ਸਿੰਘ, ਮੁਨਸ਼ੀ ਰਣਜੋਤ ਸਿੰਘ, ਚੇਅਰਮੈਨ ਅਸ਼ੋਕ ਕੁਮਾਰ ਗੋਗੀ, ਮਨਪ੍ਰੀਤ ਮੰਨਾ ਬਲਾਕ ਪ੍ਰਧਾਨ, ਮੋਹਨ ਸਿੰਘ ਸਰਪੰਚ ਮੇਘਾ, ਬੌਬੀ ਰੰਧਾਵਾ ਧਰਮਕੋਟ, ਬਿਕਰਮਜੀਤ ਸਿੰਘ ਆਦਿ ਤੋਂ ਇਲਾਵਾ ਇਲਾਕੇ ਦੇ ਹੋਰ ਮੋਹਤਬਰ ਆਗੂ ਹਾਜ਼ਰ ਸਨ।



# ਬਿਜਲੀ ਕਾਮਿਆਂ ਵੱਲੋਂ ਰਾਮਗੜ੍ਹੀਆ ਬੁੰਗੇ 'ਚ ਕਨਵੈਨਸ਼ਨ ਭਲਕੇ

**ਤਰਨ ਤਾਰਨ (ਨਜ਼ਸ)**-ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋ ਮੁਲਾਜ਼ਮ ਮੰਗਾਂ ਪ੍ਰਤੀ ਆਪਣਾਏ ਨਾਂਹ ਪੱਖੀ ਰਵੱਈਏ ਖਿਲਾਫ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾ ਪੱਧਰੀ ਸੱਦੇ ਤੇ 27 ਮਾਰਚ ਤੋਂ ਸਰਕਲਾਂ ਦੀਆਂ ਹੋ ਰਹੀਆਂ ਕਨਵੈਨਸ਼ਨਾਂ ਦੀ ਕੜੀ ਵਜੋਂ 2 ਅਪਰੈਲ ਨੂੰ ਸਥਾਨਿਕ ਸਰਕਲ ਦੀ ਰਾਮਗੜ੍ਹੀਆ ਬੁੰਗੇ ਵਿੱਚ ਹੋ ਰਹੀ ਕਨਵੈਨਸ਼ਨ ਦੀ ਕਾਮਯਾਬੀ ਲਈ ਬਿਜਲੀ ਕਾਮਿਆਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਦੀ ਭਰਵੀਂ ਮੀਟਿੰਗ ਗਾਂਧੀ ਪਾਰਕ ਵਿੱਚ ਮੇਜਰ ਸਿੰਘ ਮੱਲ੍ਹੀਆਂ ਅਤੇ ਅਵਤਾਰ ਸਿੰਘ ਕੈਰੋਂ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਾਜ਼ਰ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜੁਆਇੰਟ ਫੋਰਮ ਦੇ ਆਗੂ ਲਖਵੰਤ ਸਿੰਘ ਦਿਉਲ ਤੋਂ ਇਲਾਵਾ ਸੂਬਾਈ ਆਗੂ ਗੁਰਭੇਜ ਸਿੰਘ ਢਿੱਲੋਂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਦਾ ਮੁਲਾਜ਼ਮ ਮੰਗਾਂ ਪ੍ਰਤੀ ਰਵੱਈਆ ਬਿਲਕੁਲ ਨਾਂਹ ਪੱਖੀ ਅਤੇ ਲਗਾਤਾਰ ਟਾਲ-ਮਟੋਲ ਕਰਨ ਵਾਲਾ ਰਿਹਾ ਹੈ। ਮੈਨੇਜਮੈਂਟ ਵਾਰ-ਵਾਰ ਮੀਟਿੰਗ ਦੇ ਕੇ ਆਨੇ ਬਹਾਨੇ ਜਾਂ ਤਾਂ ਰੱਦ ਕਰਦੀ ਆ ਰਹੀ ਹੈ ਜਾਂ ਮੀਟਿੰਗਾਂ ਮੌਕੇ ਗੈਰ-ਜ਼ਿੰਮੇਵਾਰਾਨਾ ਤਰੀਕਾ ਅਪਣਾ ਕੇ ਡੰਗ ਟਪਾਊ ਨੀਤੀ ਤਹਿਤ ਮੁਲਾਜ਼ਮ ਮਸਲਿਆਂ ਦੀ ਅਣਦੇਖੀ ਕਰ ਰਹੀ ਹੈ।ਆਗੂਆਂ ਨੇ ਕਿਹਾ ਕਿ ਇਸੇ ਤਰਜ਼ 'ਤੇ ਹੀ ਬਿਜਲੀ ਮੰਤਰੀ ਵੀ ਲਗਾਤਾਰ ਮੁਲਾਜ਼ਮ ਜਥੇਬੰਦੀਆਂ ਨਾਲ ਟੇਬਲ ਤੇ ਬੈਠ ਕੇ ਮਸਲੇ ਹੱਲ ਕਰਨ ਦੀ ਬਜਾਏ ਆਨਾਕਾਨੀ ਕਰ ਰਹੇ ਹਨ, ਜਿਸ ਦੇ ਖਿਲਾਫ ਸਾਂਝਾ ਫੋਰਮ ਅਤੇ ਏਕਤਾ ਮੰਚ ਪੂਰੇ ਪੰਜਾਬ ਵਿੱਚ ਕਨਵੈਨਸ਼ਨਾਂ ਕਰਨ ਉਪਰੰਤ ਬਿਜਲੀ ਕਾਮਿਆਂ ਨੂੰ ਲਾਮਬੰਦ ਕਰਕੇ ਲੋਕ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰਾਂ ਵਿਰੁੱਧ ਪਿੰਡਾਂ/ਕਸਬਿਆਂ/ਸ਼ਹਿਰਾਂ ਵਿੱਚ ਝੰਡਾ ਮਾਰਚ ਕਰਕੇ ਸਰਕਾਰ ਦੀ ਮੁਲਾਜ਼ਮ ਵਿਰੋਧੀ ਨੀਤੀ ਦਾ ਡਟ ਕੇ ਵਿਰੋਧ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਮੁਲਾਜ਼ਮ ਆਗੂਆਂ ਪੂਰਨ ਦਾਸ, ਕੁਲਵਿੰਦਰ ਸਿੰਘ ਬਾਗੜੀਆਂ, ਗੁਰਭੇਜ ਸਿੰਘ ਵਡਾਲਾ, ਮੇਜਰ ਸਿੰਘ ਨਾਗੋਕੇ, ਬਲਕਾਰ ਸਿੰਘ ਜੰਡੋਕੇ, ਲਖਵਿੰਦਰ ਸਿੰਘ ਬਹਿਲਾ, ਤਰਜੀਤ ਸਿੰਘ ਨਾਗੋਕੇ, ਸੇਠੀ ਸਾਹਿਬ, ਸਤਨਾਮ ਸਿੰਘ ਮਹਿਤਾ ਚੌਕ, ਗੁਰਮੁੱਖ ਸਿੰਘ ਰਈਆ, ਸਰਬਜੀਤ ਸਿੰਘ ਜਵੰਦਾ ਆਦਿ ਨੇ 2 ਅਪਰੈਲ ਨੂੰ ਹੋ ਰਹੀ ਕਨਵੈਨਸ਼ਨ ਨੂੰ ਕਾਮਯਾਬ ਕਰਨ ਦਾ ਅਹਿਦ ਲਿਆ।



1-Aril-PAGE-4.qxd 3/31/2024 10:26 PM Page 1

ਨਵਾਂ ਜ਼ਮਾਨਾ
ਸੋਮਵਾਰ, 1 ਅਪ੍ਰੈਲ 2024

# ਜਨਤਾ ਸਿਰ ਵੱਡੀ ਜ਼ਿੰਮੇਵਾਰੀ

*ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ ਵੋਟਾਂ ਪੈਣ ਵਿੱਚ ਤਿੰਨ ਹਫ਼ਤਿਆਂ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਨਰਿੰਦਰ ਮੋਦੀ ਪਿਛਲੇ 10 ਸਾਲਾਂ ਤੋਂ ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਬਿਰਾਜਮਾਨ ਹਨ। ਇਨ੍ਹਾਂ 10 ਸਾਲਾਂ ਦੌਰਾਨ ਉਹ ਆਪਣੇ ਵੱਲੋਂ ਕੀਤੇ ਗਏ ਵਾਅਦੇ ਪੂਰੇ ਕਰਨ ਵਿੱਚ ਨਾਕਾਮ ਰਹੇ ਹਨ। ਇਸ ਸਮੇਂ ਦੇਸ਼ ਘੋਰ ਬੇਰੁਜ਼ਗਾਰੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਲੋਕਤੰਤਰ ਦੀ ਰੂਹ ਪ੍ਰਗਟਾਵੇ ਦੀ ਅਜ਼ਾਦੀ ਨੂੰ ਗ੍ਰਹਿਣ ਲੱਗ ਚੁੱਕਾ ਹੈ। ਗਰੀਬੀ-ਅਮੀਰੀ ਦਾ ਪਾੜਾ ਸਿਖਰ ਉੱਤੇ ਪਹੁੰਚ ਚੁੱਕਾ ਹੈ। ਦੇਸ਼ ਦਾ ਹਰ ਵਰਗ ਕੁਰਲਾ ਰਿਹਾ ਹੈ। ਇਸ ਵਾਰ 400 ਪਾਰ ਦਾ ਨਾਅਰਾ ਦੇਣ ਵਾਲੀ ਭਾਜਪਾ 272 ਦੇ ਜਾਦੂਮਈ ਅੰਕੜੇ ਤੱਕ ਪੁੱਜਣ ਲਈ ਤਰਲੋਮੱਛੀ ਹੋ ਰਹੀ ਹੈ।*

*ਇਸੇ ਡਰ ਕਾਰਨ ਹਾਕਮ ਦੇਸ਼ ਦੀਆਂ ਸਭ ਲੋਕਤੰਤਰੀ ਸੰਸਥਾਵਾਂ ਨੂੰ ਬੇਸ਼ਰਮੀ ਦੀ ਹੱਦ ਤੱਕ ਵਰਤਣ ਦੇ ਰਾਹ ਪਏ ਹੋਏ ਹਨ। ਈ ਡੀ, ਆਮਦਨ ਕਰ ਵਿਭਾਗ ਤੇ ਸੀ ਬੀ ਆਈ ਦੀ ਵਰਤੋਂ ਕਰਕੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ 'ਆਤਮ ਸਮਰਪਣ' ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਚੋਣਾਂ ਦੇ ਐਨ ਮੌਕੇ ਉੱਤੇ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਬੈਂਕ ਖਾਤੇ ਜਾਮ ਕਰ ਦਿੱਤੇ ਗਏ ਹਨ। ਇੱਕ 30 ਸਾਲ ਪੁਰਾਣੇ ਕੇਸ ਵਿੱਚ ਆਮਦਨ ਕਰ ਵਿਭਾਗ ਵੱਲੋਂ ਨੋਟਿਸ ਜਾਰੀ ਕੀਤਾ ਗਿਆ ਹੈ। ਕਾਂਗਰਸ ਨੂੰ ਭੇਜੇ ਗਏ ਨੋਟਿਸਾਂ ਵਿੱਚ ਬਕਾਏ ਤੇ ਜੁਰਮਾਨੇ ਦੀ ਰਕਮ 1823 ਕਰੋੜ ਪਾਈ ਗਈ ਹੈ। ਅਜਿਹੇ ਹੀ ਨੋਟਿਸ ਟੀ ਐੱਮ ਸੀ, ਸੀ ਪੀ ਆਈ ਤੇ ਸੀ ਪੀ ਐੱਮ ਨੂੰ ਭੇਜੇ ਗਏ ਹਨ।*

*ਇਹੋ ਨਹੀਂ 'ਇੰਡੀਆ' ਗੱਠਜੋੜ ਦੇ ਹਿੱਸੇਦਾਰ ਆਗੂਆਂ ਨੂੰ ਚੁਣ-ਚੁਣ ਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਝਾਰਖੰਡ ਦੇ ਮੁੱਖ ਮੰਤਰੀ ਰਹੇ ਹੇਮੰਤ ਸੋਰੇਨ ਜੇਲ੍ਹ ਵਿੱਚ ਹਨ। ਉਨ੍ਹਾ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈ ਡੀ ਵੱਲੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਟੀ ਐੱਮ ਸੀ ਉਮੀਦਵਾਰ ਮਹੂਆ ਮੋਇਤਰਾ ਉਤੇ ਸੀ ਬੀ ਆਈ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ।*

*ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਨਿਰਪੱਖ ਚੋਣਾਂ ਕਰਾਵੇ, ਪਰ ਉਸ ਨੇ ਇਸ ਸਾਰੇ ਘਟਨਾਕ੍ਰਮ ਉੱਤੇ ਚੁੱਪ ਵੱਟ ਕੇ ਆਪਣੀ ਨਿਰਪੱਖਤਾ ਦਾ ਜਨਾਜ਼ਾ ਕੱਢ ਦਿੱਤਾ ਹੈ। ਚੋਣਾਂ ਦੇ ਐਲਾਨ ਤੋਂ ਬਾਅਦ ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ 'ਕੰਮ ਚਲਾਊ ਸਰਕਾਰਾਂ' ਹੋ ਜਾਂਦੀਆਂ ਹਨ। ਸਾਰੀ ਸਰਕਾਰੀ ਮਸ਼ੀਨਰੀ ਚੋਣ ਕਮਿਸ਼ਨ ਦੇ ਅਧੀਨ ਹੋ ਜਾਂਦੀ ਹੈ। ਇਹ ਇਸ ਲਈ ਹੁੰਦਾ ਹੈ ਤਾਂ ਜੋ ਚੋਣਾਂ ਨਿਰਪੱਖ ਹੋ ਸਕਣ। ਚੋਣ ਕਮਿਸ਼ਨ ਜਿਸ ਵੀ ਅਧਿਕਾਰੀ ਨੂੰ ਚਾਹੇ ਬਦਲ ਸਕਦਾ ਹੈ। ਇਹੋ ਨਹੀਂ ਉਹ ਚੋਣਾਂ ਮੁਕੰਮਲ ਹੋਣ ਤੱਕ ਕਿਸੇ ਵੀ ਅਧਿਕਾਰੀ ਨੂੰ ਉਸ ਦੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਕਰ ਸਕਦਾ ਹੈ।*

*ਚੋਣ ਕਮਿਸ਼ਨ ਦਾ ਫਰਜ਼ ਬਣਦਾ ਸੀ ਕਿ ਉਹ ਚੋਣਾਂ ਮੁਕੰਮਲ ਹੋਣ ਤੱਕ ਈ ਡੀ, ਆਮਦਨ ਕਰ ਵਿਭਾਗ ਤੇ ਸੀ ਬੀ ਆਈ ਦੇ ਅਧਿਕਾਰੀਆਂ ਨੂੰ ਵਿਰੋਧੀ ਪਾਰਟੀਆਂ ਨੂੰ ਨਿਸ਼ਾਨਾ ਬਣਾਉਣ ਤੋਂ ਰੋਕ ਦਿੰਦਾ। ਉਹ ਪਾਰਟੀਆਂ ਨੂੰ ਟੈਕਸ ਬਕਾਇਆਂ ਉਤੇ ਭੇਜੇ ਨੋਟਿਸਾਂ ਬਾਰੇ ਹੁਕਮ ਦਿੰਦਾ ਕਿ ਚੋਣਾਂ ਤੱਕ ਇਨ੍ਹਾਂ ਕਾਰਵਾਈਆਂ ਉੱਤੇ ਰੋਕ ਰਹੇਗੀ। ਚੋਣ ਕਮਿਸ਼ਨ ਨੂੰ ਪੁੱਛਣਾ ਚਾਹੀਦਾ ਸੀ ਕਿ ਇਹ ਨੋਟਿਸ ਚੋਣ ਜ਼ਾਬਤਾ ਲਾਗੂ ਹੋਣ ਮੌਕੇ ਹੀ ਕਿਉਂ ਭੇਜੇ ਜਾ ਰਹੇ ਹਨ?*

*ਇਸ ਵੇਲੇ ਦੁਨੀਆ ਭਰ ਦੀਆਂ ਨਜ਼ਰਾਂ ਭਾਰਤ ਦੀਆਂ ਚੋਣਾਂ ਉਤੇ ਹਨ। ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਕਾਂਗਰਸ ਦੇ ਬੈਂਕ ਖਾਤੇ ਜਾਮ ਕਰਨ ਦੀਆਂ ਕਾਰਵਾਈਆਂ ਬਾਰੇ ਅਮਰੀਕਾ, ਜਰਮਨੀ ਤੇ ਸੰਯੁਕਤ ਰਾਸ਼ਟਰ ਨੇ ਦੱਬਵੀਂ ਅਵਾਜ਼ ਵਿੱਚ ਨਾਖੁਸ਼ੀ ਦਾ ਇਜ਼ਹਾਰ ਕੀਤਾ ਹੈ। ਇਸ ਗੱਲ ਦਾ ਚੋਣ ਕਮਿਸ਼ਨ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਹ ਉਸ ਦੇ ਚੋਣਾਂ ਨਿਰਪੱਖ ਢੰਗ ਨਾਲ ਕਰਾਏ ਜਾਣ ਉੱਤੇ ਉਂਗਲ ਚੁੱਕਣ ਦੇ ਬਰਾਬਰ ਹੈ। ਇਸ ਸਮੇਂ ਜਦੋਂ ਚੋਣ ਕਮਿਸ਼ਨ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਕੰਨੀ ਕਤਰਾ ਰਿਹਾ ਹੈ ਤਾਂ ਨਿਆਂ ਪਾਲਿਕਾ ਨੂੰ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਭਾਰਤ ਇਸ ਸਮੇਂ ਰਾਜਵਾੜਾਸ਼ਾਹੀ ਵਰਗੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਭਾਰਤ ਸਾਹਮਣੇ ਤਾਨਾਸ਼ਾਹੀ ਦਾ ਖਤਰਾ ਮੂੰਹ ਅੱਡੀ ਖੜ੍ਹਾ ਹੈ। ਇਸ ਸਮੇਂ ਜਦੋਂ ਲੋਕਤੰਤਰੀ ਸੰਸਥਾਵਾਂ ਹਾਕਮਾਂ ਸਾਹਮਣੇ ਆਤਮ ਸਮਰਪਣ ਕਰ ਚੁੱਕੀਆਂ ਹਨ, ਤਾਂ ਸਾਰੀ ਜ਼ਿੰਮੇਵਾਰੀ ਜਨਤਾ ਦੇ ਸਿਰ ਆ ਚੁੱਕੀ ਹੈ। ਜਨਤਾ ਨੂੰ ਤੈਅ ਕਰਨਾ ਪਵੇਗਾ ਕਿ ਉਹ ਮੁੱਠੀ-ਭਰ ਰਿਆਇਤਾਂ ਲਈ ਤਾਨਾਸ਼ਾਹੀ ਨੂੰ ਗਲੇ ਲਾਉਂਦੀ ਹੈ ਜਾਂ ਇੱਕ ਅਜ਼ਾਦ ਤੇ ਸੰਵਿਧਾਨਕ ਨਾਗਰਿਕ ਵਜੋਂ ਲੋਕਤੰਤਰ ਦਾ ਝੰਡਾ ਬੁਲੰਦ ਕਰਦੀ ਹੈ।*

**-ਚੰਦ ਫਤਿਹਪੁਰੀ**

# ਚੋਣ ਬਾਂਡ ਦਾ ਮੁੱਦਾ ਛੇਤੀ ਦਫਨਾਇਆ ਨਹੀਂ ਜਾਣਾ



ਵਿਸ਼ਵਾ ਮਿੱਤਰ

ਅਰੁਣ ਜੇਤਲੀ ਜਦੋਂ ਵਿੱਤ ਮੰਤਰੀ ਸਨ ਤਾਂ 2017-18 ਵਿਚ ਇੱਕ ਵਿੱਤ ਬਿੱਲ ਤਿਆਰ ਕੀਤਾ ਗਿਆ, ਪਰ ਇਸ ਬਿੱਲ ਨੂੰ ਪਾਸ ਕਰਵਾਉਣ ਲਈ ਇਸ ਦੇ ਜਨਮ ਸਮੇਂ ਹੀ ਇੱਕ ਬੇਈਮਾਨੀ ਕੀਤੀ ਗਈ। ਵਿੱਤ ਬਿੱਲ ਨੂੰ ਲੋਕ ਸਭਾ ਵਿੱਚੋਂ ਪਾਸ ਕਰਵਾਉਣ ਤੋਂ ਪਹਿਲਾਂ ਸੰਵਿਧਾਨ ਦੇ ਆਰਟੀਕਲ 110 ਅਨੁਸਾਰ ਇਸ ਨੂੰ ਰਾਜ ਸਭਾ ਵਿਚ ਭੇਜਣਾ ਪੈਂਦਾ ਹੈ। ਰਾਜ ਸਭਾ ਵਿਚ ਇਸ ਨੂੰ ਨਾ ਭੇਜਣਾ ਪਵੇ, ਇਸ ਲਈ ਇਸ ਬਿੱਲ ਦਾ ਨਾਂਅ ਵਿੱਤ ਬਿੱਲ ਦੀ ਬਜਾਏ ਮਨੀ ਬਿੱਲ ਜਾਂ ਧਨ ਬਿੱਲ ਰੱਖ ਦਿੱਤਾ ਗਿਆ। ਇਸ ਦੇ ਨਾਲ ਹੀ ਜੇਤਲੀ ਨੇ ਸੁਝਾਓ ਦਿੱਤਾ ਕਿ ਐੱਸ ਬੀ ਆਈ ਐਕਟ ਵਿਚ ਸੋਧ ਕੀਤੀ ਜਾਵੇ ਤਾਂ ਕਿ ਸਿਆਸੀ ਪਾਰਟੀਆਂ ਨੂੰ ਫੰਡ ਮਿਲ ਸਕੇ। ਚੋਣ ਬਾਂਡ ਸੰਬੰਧੀ ਵਿੱਤ ਬਿੱਲ ਭਾਵੇਂ 2017-18 ਦੇ ਸ਼ੁਰੂਆਤੀ ਮਹੀਨੇ ਹੀ ਪਾਸ ਹੋਇਆ, ਪਰ ਇਸ ਦੀ ਗਜ਼ਟ ਨੋਟੀਫਿਕੇਸ਼ਨ 2 ਜਨਵਰੀ 2018 ਵਾਲੇ ਦਿਨ ਹੋਈ।

ਚੋਣ ਬਾਂਡ ਵੈਸੇ ਤਾਂ ਆਮ ਬਾਂਡ ਵਰਗੇ ਬਾਂਡ ਹੀ ਹਨ, ਪਰ ਇੱਕ ਫਰਕ ਇਹ ਹੈ ਕਿ ਇਹਨਾਂ ਉੱਪਰ ਨਾ ਤਾਂ ਨੰਬਰ ਹੁੰਦਾ ਹੈ ਅਤੇ ਨਾ ਹੀ ਖਰੀਦਣ ਵਾਲੇ ਦਾ ਨਾਂਅ ਹੁੰਦਾ ਹੈ ਅਤੇ ਨਾ ਹੀ ਜਿਸ ਨੇ ਕੈਸ਼ ਕਰਵਾਉਣੇ ਹਨ, ਉਸ ਵਿਅਕਤੀ ਜਾਂ ਪਾਰਟੀ ਦਾ ਨਾਂਅ ਹੁੰਦਾ ਹੈ। ਮਤਲਬ ਕਿ ਪੂਰੀ ਹਨੇਰਗਰਦੀ, ਕਿਹੜਾ ਕਿਸ ਨੂੰ ਧਨ ਦੇ ਗਿਆ, ਕਿਉਂ ਦੇ ਗਿਆ, ਪਤਾ ਹੀ ਨਾ ਚਲੇ। ਕੇਵਲ ਤਰੀਕ ਹੁੰਦੀ ਹੈ, ਜਿਸ ਤਰੀਕ 'ਤੇ ਬਾਂਡ ਜਾਰੀ ਕੀਤਾ ਗਿਆ ਜਾਂ ਉਹ ਰਕਮ ਹੁੰਦੀ ਹੈ, ਜਿੰਨੇ ਦਾ ਚੋਣ ਬਾਂਡ ਜਾਰੀ ਹੋਇਆ ਹੈ, ਪਰ ਇਥੇ ਬੈਂਕ ਨੂੰ ਇੱਕ ਫਿਕਰ ਪੈ ਗਿਆ ਕਿ ਕਿਤੇ ਚੋਰਾਂ ਨੂੰ ਮੋਰ ਨਾ ਪੈ ਜਾਣ, ਮਤਲਬ ਜੇਕਰ ਚੋਣ ਬਾਂਡ ਨੰਬਰਾਂ ਤੋਂ ਬਿਨਾ ਜਾਰੀ ਹੋਣੇ ਹਨ ਤਾਂ ਕੋਈ ਵੀ ਵਿਅਕਤੀ ਹੂ-ਬ-ਹੂ ਉਸ ਤਰ੍ਹਾਂ ਦੇ ਬਾਂਡ ਛਪਵਾ ਕੇ ਬੈਂਕ ਤੋਂ ਕੈਸ਼ ਲੈ ਸਕਦਾ ਹੈ, ਜਦਕਿ ਨਾ ਉਹ ਬਾਂਡ ਕਿਸੇ ਨੇ ਖਰੀਦਿਆ ਹੋਵੇ ਅਤੇ ਨਾ ਹੀ ਬੈਂਕ ਕੋਲ ਪੈਸੇ ਜਮ੍ਹਾਂ ਹੋਏ ਹੋਣ, ਮਤਲਬ ਕਿ ਬੈਂਕ ਨੂੰ ਕੋਈ ਵੀ ਚੂਨਾ ਲਗਾ ਸਕਦਾ ਹੈ। ਜਦੋਂ ਇਹ ਖਦਸ਼ਾ ਸਰਕਾਰ ਨਾਲ ਸਾਂਝਾ ਕੀਤਾ ਗਿਆ ਤਾਂ ਸਰਕਾਰ ਨੇ ਸਟੇਟ ਬੈਂਕ ਨੂੰ ਇੱਕ ਪੱਤਰ ਜਾਰੀ ਕੀਤਾ ਕਿ ਚੋਣ ਬਾਂਡ ਦੇ ਸਾਰੇ ਵੇਰਵੇ ਜੇਕਰ ਕੋਈ ਜਾਂਚ ਏਜੰਸੀ ਮੰਗੇ ਤਾਂ ਉਸ ਨੂੰ ਦੇਣੇ ਪੈਣਗੇ ਕਿ ਕਿਸ ਨੇ ਖਰੀਦੇ ਅਤੇ ਕਿਸ ਪਾਰਟੀ ਨੇ ਕੈਸ਼ ਕਰਵਾਏ ਆਦਿ। ਸਟੇਟ ਬੈਂਕ ਇਸ ਦਾ ਪ੍ਰਬੰਧ ਕਰ ਰੱਖੇ। ਇਸ ਨਾਲ ਬੈਂਕ ਕਿਸੇ ਵਿਅਕਤੀ ਵੱਲੋਂ ਜਾਲ੍ਹੀ ਚੋਣ ਬਾਂਡ ਛਪਵਾ ਕੇ ਕੈਸ਼ ਕਰਵਾਉਣ ਵਾਲੀ ਜਾਲ੍ਹਸਾਜ਼ੀ ਤੋਂ ਵੀ ਬਚ ਜਾਵੇਗਾ। ਇਸ ਲਈ ਬੈਂਕ ਨੇ ਹਰ ਜਾਰੀ ਕੀਤੇ ਬਾਂਡ ਵਿਚ ਇੱਕ ਗੁਪਤ ਨੰਬਰ ਰੱਖ ਲਿਆ। ਇਸ ਤੋਂ ਇਲਾਵਾ ਬੈਂਕ ਕੋਲ ਹਰ ਬਾਂਡ ਖਰੀਦਣ ਵਾਲੇ ਅਤੇ ਕੈਸ਼ ਕਰਵਾਉਣ ਵਾਲੇ ਦਾ (ਆਪਣੇ ਗਾਹਕ ਨੂੰ ਜਾਣੋ) ਹੁੰਦਾ ਹੈ। ਗੁਪਤ ਨੰਬਰਾਂ ਅਤੇ ਕੇ ਵਾਈ ਸੀ ਨਾਲ ਬੈਂਕ ਕੋਲ ਸਾਰੇ ਅੰਕੜੇ ਆ ਜਾਂਦੇ ਹਨ, ਜਿਸ ਨਾਲ ਜੇਕਰ ਈ ਡੀ, ਚੋਣ ਕਮਿਸ਼ਨ ਜਾਂ ਕੋਰਟ ਸਾਰੇ ਵੇਰਵੇ ਮੰਗੇ ਤਾਂ ਤੁਰੰਤ ਦਿੱਤੇ ਜਾ ਸਕਣ।

ਗੁਪਤ ਨੰਬਰਾਂ ਦਾ ਕਿਸੇ ਨੂੰ ਪਤਾ ਨਹੀਂ ਲੱਗਣਾ ਸੀ। ਇੱਕ ਪੱਤਰਕਾਰ ਪੂਨਮ ਅੱਗਰਵਾਲ ਨੇ ਇੱਕ-ਇੱਕ ਹਜ਼ਾਰ ਰੁਪਏ ਦੇ ਦੋ ਬਾਂਡ 5 ਅਪ੍ਰੈਲ ਅਤੇ 9 ਅਪ੍ਰੈਲ 2018 ਵਾਲੇ ਦਿਨ ਖਰੀਦੇ। ਜਦੋਂ ਇਹ ਬਾਂਡ ਜਾਂਚ ਲਈ ਫੋਰੈਂਸਿਕ ਲੈਬ ਨੂੰ ਭੇਜੇ ਗਏ ਤਾਂ ਪਤਾ ਲੱਗਾ ਕਿ ਹਰ ਬਾਂਡ ਦਾ ਇੱਕ ਗੁਪਤ ਨੰਬਰ ਹੈ, ਜਿਹੜਾ ਕਿ ਅਲਟਰਾ ਵਾਇਲੇਟ ਰੌਸ਼ਨੀ ਵਿਚ ਸਾਫ ਵਿਖਾਈ ਦੇਂਦਾ ਹੈ। ਸੁਪਰੀਮ ਕੋਰਟ ਨੇ ਜਦੋਂ ਸਟੇਟ ਬੈਂਕ ਤੋਂ ਸਾਰੇ ਵੇਰਵੇ ਮੰਗੇ ਕਿ ਦੱਸਿਆ ਜਾਵੇ ਕਿ ਕਿਹੜੇ ਸਰਮਾਏਦਾਰ ਜਾਂ ਕਾਰਪੋਰੇਟ ਘਰਾਣੇ ਨੇ ਕਿੰਨੀ ਰਕਮ ਦੇ ਬਾਂਡ ਖਰੀਦੇ ਅਤੇ ਉਹ ਬਾਂਡ ਕਿਹੜੀ-ਕਿਹੜੀ ਪਾਰਟੀ ਨੇ ਕੈਸ਼ ਕਰਵਾਏ ਤਾਂ ਬੈਂਕ ਨੇ ਇੱਕ ਬਹਾਨਾ ਲਗਾਇਆ ਕਿ ਅਸੀਂ ਆਪਣੇ ਗਾਹਕਾਂ ਦਾ ਲੈਣ-ਦੇਣ ਗੁਪਤ ਰੱਖਣ ਲਈ ਪਾਬੰਦ ਹਾਂ, ਇਸ ਲਈ ਇਹ ਵੇਰਵੇ ਨਹੀਂ ਦਿੱਤੇ ਜਾ ਸਕਦੇ। ਸੁਪਰੀਮ ਕੋਰਟ ਨੇ ਜਦੋਂ ਕਿਹਾ ਕਿ ਬੈਂਕ ਦਾ ਇਹ ਨਿਯਮ ਆਰ ਟੀ ਆਈ ਕਾਨੂੰਨ ਦੀ ਉਲੰਘਣਾ ਹੈ, ਜਿਸ ਨਾਲ ਪਬਲਿਕ ਨੂੰ ਜਾਨਣ ਦਾ ਹੱਕ ਹੈ, ਕਿਸ ਵੱਲੋਂ ਕਿਸ ਪਾਰਟੀ ਨੂੰ ਕਿੰਨਾ ਧਨ ਮਿਲਿਆ। ਸਟੇਟ ਬੈਂਕ (ਮਤਲਬ ਇਸ ਦਾ ਚੇਅਰਮੈਨ) ਇਸ ਗੱਲ 'ਤੇ ਤੁਲਿਆ ਹੋਇਆ ਸੀ ਕਿ ਚੋਣ ਬਾਂਡਜ਼ ਦੇ ਲੈਣ-ਦੇਣ ਦੇ ਵੇਰਵੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੀ ਦਿੱਤੇ ਜਾਣ ਤਾਂ ਕਿ ਪਬਲਿਕ ਨੂੰ ਚੋਣਾਂ ਤੋਂ ਪਹਿਲਾਂ ਪਤਾ ਹੀ ਨਾ ਲੱਗੇ ਕਿ ਭਾਜਪਾ ਨੂੰ ਸਭ ਤੋਂ ਵੱਧ ਧਨ ਮਿਲਿਆ ਹੈ, ਕਿਵੇਂ ਮਿਲਿਆ ਹੈ, ਧਨ ਦੇਣ ਵਾਲਿਆਂ ਨੇ ਕਿਉਂ ਦਿੱਤਾ ਅਤੇ ਉਹਨਾਂ ਕੀ-ਕੀ ਨਾਜਾਇਜ਼ ਫਾਇਦੇ ਲਏ। ਇਸ ਲਈ ਸਟੇਟ ਬੈਂਕ ਨੇ ਕਿਹਾ ਕਿ ਅਸੀਂ 30 ਜੂਨ ਤੱਕ ਚੋਣ ਬਾਂਡਜ ਦੇ ਸਾਰੇ ਅੰਕੜੇ ਦੇ ਸਕਦੇ ਹਾਂ, ਪਰ ਸੁਪਰੀਮ ਕੋਰਟ ਵੱਲੋਂ ਦਿੱਤੀ ਮਿਤੀ ਤੱਕ ਅੰਕੜੇ ਨਾ ਦੇਣ 'ਤੇ ਅਦਾਲਤ ਦੇ ਕੇਸ ਦਾ ਦਬਕਾ ਮਾਰਨ 'ਤੇ ਸਟੇਟ ਬੈਂਕ ਨੇ ਸਾਰੇ ਲੋੜੀਂਦੇ ਅੰਕੜੇ ਚੋਣ ਕਮਿਸ਼ਨ ਨੂੰ 12 ਮਾਰਚ 2024 ਵਾਲੇ ਦਿਨ ਦੇ ਦਿੱਤੇ, ਜਿਸ ਨਾਲ ਸਰਕਾਰ, ਸਟੇਟ ਬੈਂਕ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਰਲਮਿਲ ਕੇ ਕੀਤੀਆਂ ਹੇਰਾਫੇਰੀਆਂ ਦਾ ਭਾਂਡਾ ਚੌਰਾਹੇ ਵਿਚ ਭੱਜ ਗਿਆ। ਸਰਕਾਰ ਵੱਲੋਂ ਬੋਲੇ ਗਏ ਸਾਰੇ ਝੂਠ ਵੀ ਉਜਾਗਰ ਹੋ ਗਏ।

ਭਾਜਪਾ ਸਰਕਾਰ ਚੋਣ ਬਾਂਡ ਸਕੀਮ ਨੂੰ ਚੋਣਾਂ ਵਿਚ ਕਾਲੇ ਧਨ ਦੀ ਵਰਤੋਂ ਰੋਕਣ ਦੀ ਸਕੀਮ ਦੱਸ ਰਹੀ ਸੀ, ਜਦਕਿ ਵਿਰੋਧੀ ਪਾਰਟੀਆਂ ਸ਼ੁਰੂ ਤੋਂ ਹੀ ਇਸ ਸਕੀਮ ਨੂੰ ਚੋਣਾਂ ਵਿਚ ਕਾਲਾ ਧਨ ਲਗਾ ਕੇ ਚਿੱਟਾ ਕਰਨ ਦੀ ਸਕੀਮ ਦੱਸ ਰਹੀਆਂ ਸਨ। ਇਸ ਤੋਂ ਇਲਾਵਾ ਕਾਨੂੰਨ ਦੇ ਜਾਣਕਾਰ ਅਤੇ ਵਿਰੋਧੀ ਪਾਰਟੀਆਂ ਸ਼ੁਰੂ ਤੋਂ ਹੀ ਸ਼ੱਕ ਅਤੇ ਚਿੰਤਾ ਪ੍ਰਗਟ ਕਰ ਰਹੇ ਸਨ ਕਿ ਅਜਿਹੇ ਚੋਣ ਬਾਂਡ ਭਾਜਪਾ ਸਰਕਾਰ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਅਥਾਹ ਧਨ ਇਕੱਠਾ ਕਰਨ ਲਈ ਜਾਰੀ ਕਰਵਾਏ ਹਨ। ਭਾਜਪਾ ਦੇ ਖਾਤੇ ਵਿੱਚ ਸਭ ਤੋਂ ਜ਼ਿਆਦਾ ਧਨ ਜਾਵੇ, ਇਸ ਲਈ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦਾ ਗੱਠਜੋੜ ਹੋ ਜਾਵੇਗਾ, ਜਿਸ ਨੂੰ 'ਕਰੋਨੀ ਸਰਮਾਏਦਾਰੀ' ਕਿਹਾ ਜਾਂਦਾ ਹੈ। 'ਕਰੋਨੀ ਸਰਮਾਏਦਾਰੀ' ਵਿਚ ਪਹਿਲਾਂ ਬੈਂਕਾਂ ਵਿੱਚੋਂ ਆਮ ਲੋਕਾਂ ਦਾ ਜਮ੍ਹਾਂ ਧਨ ਸਰਮਾਏਦਾਰ ਲੁੱਟਦੇ ਹਨ ਜਾਂ ਸਰਕਾਰ ਦੇ ਸਿਆਸਤਦਾਨ ਇਹਨਾਂ ਨੂੰ ਬੈਂਕਾਂ ਦਾ ਧਨ ਲੁਟਾਉਂਦੇ ਹਨ, ਫੇਰ ਇਸ ਲੁੱਟੇ ਹੋਏ ਧਨ ਵਿੱਚੋਂ ਕੁਝ ਧਨ ਸਰਕਾਰ ਨੂੰ ਨਾਜਾਇਜ਼ ਢੰਗ ਨਾਲ ਪੁਚਾਇਆ ਜਾਂਦਾ ਹੈ। ਸਰਮਾਏਦਾਰ ਦਾ ਇੱਕੋ-ਇੱਕ ਨਿਸ਼ਾਨਾ ਹੁੰਦਾ ਹੈ ਕਿ ਵੱਧ ਤੋਂ ਵੱਧ ਧਨ ਇਕੱਠਾ ਕੀਤਾ ਜਾਵੇ। ਇਸ ਲਈ ਉਹ ਹਰ ਤਰ੍ਹਾਂ ਦੀ ਬੇਈਮਾਨੀ ਕਰਦਾ ਹੈ। ਉਹ ਮਨੀ ਲਾਂਡਰਿੰਗ ਕਰ ਸਕਦਾ ਹੈ, ਟੈਕਸ ਜਮ੍ਹਾਂ ਕਰਵਾਉਣ ਵਿਚ ਹੇਰਾਫੇਰੀ ਕਰ ਸਕਦਾ ਹੈ ਜਾਂ ਹੋਰ ਕੋਈ ਬੇਈਮਾਨੀ ਕਰ ਸਕਦਾ ਹੈ। ਇਹ ਸਾਰੀਆਂ ਹੇਰਾਫੇਰੀਆਂ ਦਾ ਈ ਡੀ, ਆਈ ਟੀ, ਸੀ ਬੀ ਆਈ ਵਰਗੀਆਂ ਜਾਂਚ ਏਜੰਸੀਆਂ ਨੂੰ ਪਤਾ ਹੁੰਦਾ ਹੈ ਪਰ ਸਰਕਾਰ ਦੀ ਹਿਦਾਇਤ ਅਨੁਸਾਰ ਅਜੰਸੀਆਂ ਕੇਵਲ ਉਦੋਂ ਹੀ ਹਰਕਤ ਵਿਚ ਆਉਂਦੀਆਂ ਹਨ, ਜਦੋਂ ਸਰਕਾਰ ਨੂੰ ਇਹਨਾਂ ਤੋਂ ਧਨ ਦੀ ਲੋੜ ਹੋਵੇ। ਜਾਂਚ ਏਜੰਸੀਆਂ ਸਰਮਾਏਦਾਰਾਂ ਉੱਤੇ ਛਾਪੇ ਮਾਰਦੀਆਂ ਹਨ ਅਤੇ ਸਰਮਾਏਦਾਰ ਚੋਣ ਬਾਂਡ ਖਰੀਦਦੇ ਹਨ। ਜੇਕਰ ਸਰਕਾਰ ਦੇ ਗਿਆਨ ਅਨੁਸਾਰ ਕਿਸੇ ਸਰਮਾਏਦਾਰ ਨੇ ਹੇਰਾਫੇਰੀ ਨਾਲ ਇਕੱਠੇ ਧਨ ਵਿੱਚੋਂ ਥੋੜ੍ਹੀ ਰਕਮ ਦੇ ਬਾਂਡ ਖਰੀਦੇ ਹੋਣ ਤਾਂ ਜਾਂਚ ਅਜੰਸੀਆਂ ਉਸ ਦੀ ਬਾਂਹ ਹੋਰ ਜ਼ਿਆਦਾ ਮਰੋੜਦੀਆਂ ਹਨ ਅਤੇ ਸਰਮਾਏਦਾਰ ਹੋਰ ਬਾਂਡ ਖਰੀਦ ਲੈਂਦਾ ਹੈ। ਇਸ ਦਾ ਅਸਰ ਇਹ ਹੋਇਆ ਕਿ ਕਈ ਕੰਪਨੀਆਂ ਜਿਹੜੀਆਂ ਆਪਣੇ ਕਰਮਚਾਰੀਆਂ ਨੂੰ ਪੂਰੀ ਤਨਖਾਹ ਵੀ ਨਹੀਂ ਦੇ ਸਕਦੀਆਂ ਸਨ, ਉਹਨਾਂ ਵੀ ਸਰਕਾਰ ਨੂੰ ਦਾਨ ਦਿੱਤਾ ਅਤੇ ਕਈ ਕੰਪਨੀਆਂ ਨੇ ਆਪਣੇ ਸਾਲਾਨਾ ਮੁਨਾਫੇ ਤੋਂ ਵੀ ਵੱਧ ਦਾਨ ਦਿੱਤਾ। ਇਸ ਤੋਂ ਇਲਾਵਾ ਉਹ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਬਾਂਡ ਖਰੀਦ ਕੇ ਉਹਨਾਂ ਕੇਸਾਂ ਤੋਂ ਬਰੀ ਹੋ ਗਈਆਂ, ਜਿਹੜੇ ਕੇਸ ਉਹਨਾਂ ਉੱਤੇ ਘਟੀਆ ਦਵਾਈਆਂ ਬਣਾਉਣ ਕਾਰਨ ਚਲ ਰਹੇ ਸਨ। ਜਾਂਚ ਏਜੰਸੀਆਂ ਵਾਲਾ ਹਥਿਆਰ ਸਰਕਾਰ ਆਪਣੇ ਵਿਰੋਧੀ ਸਿਆਸਤਦਾਨਾਂ 'ਤੇ ਵੀ ਚਲਾਉਂਦੀ ਹੈ, ਪਰ ਇਹ ਅਲੱਗ ਮਸਲਾ ਹੈ ਇਸ ਲਈ ਇਸ ਬਾਰੇ ਹੋਰ ਵਿਸਥਾਰ ਵਿਚ ਨਾ ਜਾਈਏ ਅਤੇ ਚੋਣ ਬਾਂਡਜ਼ ਵੱਲ ਆਈਏ। ਸਰਕਾਰ ਦੇ ਮਿੱਤਰ ਸਰਮਾਏਦਾਰ ਸਰਕਾਰ ਕੋਲੋਂ ਵੱਡੇ-ਵੱਡੇ ਠੇਕੇ ਲੈਂਦੇ ਹਨ ਅਤੇ ਠੇਕੇ ਰਾਹੀਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀਆਂ ਕੀਮਤਾਂ ਦੁੱਗਣੀਆਂ-ਤਿਗੁਣੀਆ ਵਸੂਲਦੇ ਹਨ ਅਤੇ ਸ਼ੁਕਰਾਨੇ ਵਜੋਂ ਇਹ ਸਰਮਾਏਦਾਰ ਚੋਣ ਬਾਂਡ ਖਰੀਦਦੇ ਹਨ।

ਸੁਪਰੀਮ ਕੋਰਟ ਦੇ ਫੈਸਲੇ ਤੋਂ ਪਹਿਲਾਂ ਇਹ ਵੀ ਸ਼ੱਕ ਅਤੇ ਚਿੰਤਾਵਾਂ ਸਨ ਕਿ ਕੌਣ ਕਿੰਨਾ ਧਨ ਦੇ ਰਿਹਾ ਹੈ, ਕਿਸ ਪਾਰਟੀ ਨੂੰ ਦੇ ਰਿਹਾ ਹੈ, ਇਸ ਬਾਰੇ ਕੋਈ ਪਾਰਦਰਸ਼ਤਾ ਨਹੀਂ, ਇਹ ਆਰ ਟੀ ਆਈ ਐਕਟ ਦੇ ਵਿਰੋਧ ਵਿਚ ਹੈ, ਕਿਉਂਕਿ ਚੋਣ ਬਾਂਡ ਸਰਕਾਰੀ ਬੈਂਕ ਵੱਲੋਂ ਜਾਰੀ ਕੀਤੇ ਜਾਣੇ ਹਨ, ਇਸ ਲਈ ਭਾਜਪਾ ਸਰਕਾਰ ਨੂੰ ਪਤਾ ਹੋਵੇਗਾ ਕਿ ਕਿਸ ਪਾਰਟੀ ਨੂੰ ਕਿੰਨਾ ਧਨ ਮਿਲਿਆ, ਪਰ ਭਾਜਪਾ ਤੋਂ ਇਲਾਵਾ ਬਾਕੀ ਪਾਰਟੀਆਂ ਨੂੰ ਨਹੀਂ ਪਤਾ ਹੋਵੇਗਾ ਕਿ ਭਾਜਪਾ ਨੂੰ ਕਿੰਨਾ ਧਨ ਮਿਲਿਆ, ਕਿਉਂਕਿ ਸਰਮਾਏਦਾਰਾਂ ਨੇ ਜਾਇਜ਼ ਜਾਂ ਨਾਜਾਇਜ਼ ਫਾਇਦੇ ਸਰਕਾਰ ਕੋਲੋਂ ਲੈਣੇ ਹੁੰਦੇ ਹਨ, ਇਸ ਲਈ ਉਹ ਬਾਂਡ ਰਾਹੀਂ ਸਰਕਾਰੀ ਪਾਰਟੀ ਨੂੰ ਜ਼ਿਆਦਾ ਧਨ ਦੇਣਗੇ ਅਤੇ ਵਿਰੋਧੀ ਪਾਰਟੀਆਂ ਨੂੰ ਥੋੜ੍ਹਾ ਧਨ ਦੇਣਗੇ। ਇਸ ਨਾਲ ਚੋਣ ਲੜ ਰਹੀਆਂ ਪਾਰਟੀਆਂ ਲਈ ਬਰਾਬਰੀ ਦੇ ਮੌਕੇ ਖਤਮ ਹੋ ਜਾਣਗੇ।

ਸੁਪਰੀਮ ਕੋਰਟ ਦੀ ਸਖਤੀ ਕਾਰਨ ਸਟੇਟ ਬੈਂਕ ਨੇ ਜਿਹੜੇ ਅੰਕੜੇ ਮੁੱਖ ਚੋਣ ਕਮਿਸ਼ਨ ਨੂੰ ਦਿੱਤੇ ਹਨ ਅਤੇ ਜਿਹੜੇ ਕਿ ਪਬਲਿਕ ਉਸ ਦੀ ਵੈੱਬਸਾਈਟ ਤੋਂ ਵੇਖ ਸਕਦੀ ਹੈ, ਤੋਂ ਪਤਾ ਲਗਦਾ ਹੈ ਕਿ ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸਭ ਤੋਂ ਵੱਡੀ ਪਾਰਟੀ ਵੱਲੋਂ ਕੀਤਾ ਦੁਨੀਆਂ ਦਾ ਸਭ ਤੋਂ ਵੱਡਾ ਘੁਟਾਲਾ ਹੈ। ਅਜੇ ਇਹ ਪਤਾ ਕਰਨਾ ਬਾਕੀ ਹੈ ਕਿ ਕਿਸ ਕਾਰਪੋਰੇਟ ਘਰਾਣੇ ਨੂੰ ਸਰਕਾਰੀ ਸਿਆਸਤਦਾਨ ਨੇ ਕਿੰਨਾ ਧਨ ਲੁਟਾਇਆ ਅਤੇ ਕਿਸ ਕਾਰਪੋਰੇਟ ਘਰਾਣੇ ਨੇ ਬਾਂਡ ਖਰੀਦ ਕੇ ਕਿਹੜੇ-ਕਿਹੜੇ ਠੇਕੇ ਲਏ ਅਤੇ ਕਿੰਨੀ ਹਨੇਰਗਰਦੀ ਮਚਾਈ।

ਹੁਣ ਭਾਜਪਾ ਸਰਕਾਰ ਨੂੰ ਫਿਕਰ ਪੈ ਗਿਆ ਹੈ ਕਿ ਇਹ ਚੋਣ ਬਾਂਡਜ਼ ਦਾ ਰੌਲਾ-ਰੱਪਾ ਅਤੇ ਇਸ ਸੰਬੰਧੀ ਚੱਲ ਰਹੇ ਕੇਸ ਜਦ ਤੱਕ ਚੱਲਦੇ ਰਹਿਣਗੇ, ਤਦ ਤੱਕ ਸਾਡੀ ਬਦਨਾਮੀ ਹੁੰਦੀ ਰਹੇਗੀ ਅਤੇ ਸਾਡੀ ਜਿੱਤ ਦਾ ਗ੍ਰਾਫ ਵੀ ਹੇਠਾਂ ਤੋਂ ਹੇਠਾਂ ਜਾਂਦਾ ਰਹੇਗਾ, ਇਸ ਲਈ ਭਾਜਪਾ ਸਰਕਾਰ ਦੀ ਕੋਸ਼ਿਸ਼ ਹੈ ਕਿ ਕਿਸੇ ਤਰੀਕੇ ਨਾਲ ਚੋਣ ਬਾਂਡ ਦਾ ਮਸਲਾ ਛੇਤੀ ਖਤਮ ਹੋ ਜਾਏ ਅਤੇ ਇਸ ਨੂੰ ਦਫਨਾ ਦਿੱਤਾ ਜਾਵੇ। ਜਦ ਤਕ ਚੋਣ ਬਾਂਡਜ਼ ਦਾ ਰੌਲਾ ਖਤਮ ਨਹੀਂ ਹੁੰਦਾ, ਇਸ ਨੂੰ ਦਫਨਾਇਆ ਨਹੀਂ ਜਾ ਸਕਦਾ। ਚੋਣ ਬਾਂਡ ਦਾ ਰੌਲਾ ਘਟ ਕਰਨ ਲਈ ਭਾਜਪਾ ਆਗੂ ਇਹ ਕਹਿ ਰਹੇ ਹਨ ਕਿ ਬਾਂਡ ਕੇਵਲ ਸਾਨੂੰ ਹੀ ਨਹੀਂ ਮਿਲੇ, ਵਿਰੋਧੀ ਪਾਰਟੀਆਂ ਨੂੰ ਵੀ ਮਿਲੇ ਹਨ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਈ ਡੀ, ਸੀ ਬੀ ਆਈ ਜਾਂ ਆਮਦਨ ਟੈਕਸ ਵਿਭਾਗ ਸਰਕਾਰ ਦੇ ਕੰਟਰੋਲ ਹੇਠ ਹਨ ਅਤੇ ਕੇਵਲ ਸਰਕਾਰ ਹੀ ਇਹਨਾਂ ਜਾਂਚ ਏਜੰਸੀਆਂ ਰਾਹੀਂ ਸਰਮਾਏਦਾਰਾਂ ਦੀ ਬਾਂਹ ਮਰੋੜ ਕੇ ਉਹਨਾਂ ਤੋਂ ਜਬਰੀ ਚੰਦਾ ਵਸੂਲ ਸਕਦੀ ਹੈ। ਇਸੇ ਲਈ ਭਾਜਪਾ ਨੂੰ ਸਭ ਤੋਂ ਵੱਧ ਧਨ ਮਿਲਿਆ ਹੈ। ਜੇਕਰ ਭਾਜਪਾ ਦੇ ਕੰਟਰੋਲ ਹੇਠ ਜਾਂਚ ਏਜੰਸੀਆਂ ਵਾਲੀ ਸ਼ਕਤੀ ਹੈ ਤਾਂ ਵਿਰੋਧੀ ਪਾਰਟੀਆਂ ਦੇ ਹੱਥ ਵਿਚ ਚੋਣ ਬਾਂਡਜ਼ ਵਾਲੇ ਘੁਟਾਲੇ ਨੂੰ ਪਬਲਿਕ ਵਿਚ ਲਿਜਾਣ ਦੀ ਸ਼ਕਤੀ ਆ ਗਈ ਹੈ ਜਿਸ ਦੀ ਪੂਰੀ ਵਰਤੋਂ ਕਰਕੇ ਭਾਜਪਾ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਛੱਡਣਾ ਚਾਹੁਣਗੇ। ਇਸ ਲਈ ਇਹ ਮੁੱਦਾ ਛੇਤੀ ਦਫਨਾਇਆ ਨਹੀਂ ਜਾ ਸਕੇਗਾ।

**ਸੰਪਰਕ : 94176-32228**

# ਨਿਰਾਸ਼ਤਾ ਭਾਰੂ ਹੈ ਅੱਜ ਨੌਜਵਾਨ ਪੀੜ੍ਹੀ 'ਚ

**ਮੁਨੀਸ਼ ਭਾਟੀਆ**

ਅਜੋਕੇ ਮੁਕਾਬਲੇ ਦੇ ਦੌਰ ਵਿੱਚ ਨੌਜਵਾਨਾਂ ਵਿੱਚ ਖ਼ੁਦਕੁਸ਼ੀਆਂ ਦਾ ਵਧ ਰਿਹਾ ਰੁਝਾਨ ਸਮਾਜ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਕਿਤੇ ਪਾਠਕ੍ਰਮ ਦਾ ਮਾਨਸਿਕ ਦਬਾਅ ਅਤੇ ਕਿਤੇ ਮੁਕਾਬਲੇ ਦੀ ਪ੍ਰੀਖਿਆ ਵਿੱਚ ਵਾਰ-ਵਾਰ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਮਨਚਾਹੀ ਸਫ਼ਲਤਾ ਨਾ ਮਿਲਣਾ ਅਤੇ ਲੰਮੇ ਸਮੇਂ ਤੋਂ ਬੇਰੁਜ਼ਗਾਰ ਰਹਿਣ ਕਾਰਨ ਖ਼ੁਦਕੁਸ਼ੀਆਂ ਦੇ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ। ਜਿਸ ਸਮਾਜ ਅਤੇ ਦੇਸ਼ ਦਾ ਭਵਿੱਖ ਬਣਨਾ ਹੈ, ਉਸ ਦਾ ਨੌਜਵਾਨ ਵਰਗ ਮਾਨਸਿਕ ਦਬਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਇੱਕ ਅਧਿਐਨ ਮੁਤਾਬਕ ਦੁਨੀਆ ਵਿੱਚ ਹਰ ਚਾਲੀ ਸੈਕਿੰਡ ਬਾਅਦ ਇੱਕ ਖ਼ੁਦਕੁਸ਼ੀ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਨੈਸ਼ਨਲ ਹੈਲਥ ਪ੍ਰੋਫਾਈਲ ਦੀ ਰਿਪੋਰਟ ਦੇ ਅਨੁਸਾਰ ਖ਼ੁਦਕੁਸ਼ੀ ਦੇ ਕੁੱਲ ਮਾਮਲਿਆਂ ਵਿੱਚੋਂ ਲਗਭਗ 32 ਪ੍ਰਤੀਸ਼ਤ 18 ਸਾਲ ਤੋਂ 30 ਸਾਲ ਦੀ ਉਮਰ ਦੇ ਵਿਚਕਾਰ ਸਨ।

ਆਓ ਜਾਣਦੇ ਹਾਂ ਨੌਜਵਾਨਾਂ ਵਿੱਚ ਖ਼ੁਦਕੁਸ਼ੀ ਦੇ ਕੀ ਕਾਰਨ ਹਨ ਅਤੇ ਇਸ ਤੋਂ ਬਚਣ ਦਾ ਕੀ ਹੱਲ ਹੋਣਾ ਚਾਹੀਦਾ ਹੈ। ਵੈਸੇ ਵੀ ਖ਼ੁਦਕੁਸ਼ੀ ਕਰਨਾ ਕੋਈ ਆਸਾਨ ਕੰਮ ਨਹੀਂ ਹੈ, ਪਰ ਫਿਰ ਵੀ ਸਿੱਖਿਆ ਨਾਲ ਜੁੜੇ ਨੌਜਵਾਨਾਂ ਵਿੱਚ ਇਸ ਦਾ ਰੁਝਾਨ ਵਧ ਰਿਹਾ ਹੈ। ਸੁਚੱਜੇ ਦਿਮਾਗ ਵਾਲੇ ਵਿਅਕਤੀ ਲਈ ਆਤਮਹੱਤਿਆ ਵਰਗੀ ਘਿਨਾਉਣੀ ਹਰਕਤ ਕਰਨ ਲਈ ਕਦਮ ਚੁੱਕਣਾ ਬਹੁਤ ਜ਼ਿਆਦਾ ਡਿਪਰੈਸ਼ਨ ਦੇ ਨਤੀਜੇ ਵਜੋਂ ਹੁੰਦਾ ਹੈ। ਕਈ ਵਾਰ ਵਿਦਿਅਕ ਅਦਾਰੇ ਦਾ ਮਾਨਸਿਕ ਦਬਾਅ ਜਾਂ ਪ੍ਰੀਖਿਆ ਜਾਂ ਕਲਾਸ ਰੂਮ ਵਿੱਚ ਪਛੜ ਜਾਣਾ ਵੀ ਇਸ ਦਾ ਕਾਰਨ ਹੋ ਸਕਦਾ ਹੈ। ਜਵਾਨੀ ਚ ਪ੍ਰਫੁੱਲਤ ਹੋਣ ਵਾਲੇ ਪਿਆਰ 'ਚ ਧੋਖਾ ਵੀ ਇਸ ਦਾ ਕਾਰਨ ਹੈ, ਪਰ ਜੇਕਰ ਅਸੀਂ ਖ਼ੁਦਕੁਸ਼ੀਆਂ ਦੇ ਮੌਜੂਦਾ ਮਾਮਲਿਆਂ 'ਤੇ ਨਜ਼ਰ ਮਾਰੀਏ ਤਾਂ ਦਰਜ ਕੀਤੇ ਗਏ ਖ਼ੁਦਕੁਸ਼ੀਆਂ ਦੀ ਗਿਣਤੀ ਪ੍ਰੇਮ ਸਬੰਧਾਂ ਤੋਂ ਕਿਤੇ ਅੱਗੇ ਹੈ। ਇਨ੍ਹਾਂ ਮਾਮਲਿਆਂ ਲਈ ਜ਼ਿੰਮੇਵਾਰ ਵਿਦਿਅਕ ਅਦਾਰਿਆਂ ਨਾਲੋਂ ਨਿਰਾਸ਼ ਵਿਅਕਤੀ ਦੇ ਮਾਪੇ ਜ਼ਿਆਦਾ ਦੋਸ਼ੀ ਹਨ। ਬਿਨਾਂ ਸ਼ੱਕ ਇਸ ਕਾਇਰਤਾ ਭਰੀ ਹਰਕਤ ਦਾ ਦੋਸ਼ੀ ਆਪ ਹੀ ਹੈ। ਜੇਕਰ ਇੱਕ ਪਲ ਲਈ ਆਪਣੇ ਦਿਲ ਨੂੰ ਆਪਣੇ ਕਰਮਾਂ ਦਾ ਸ਼ੀਸ਼ਾ ਸਮਝ ਕੇ ਇੱਕ ਪਲ ਲਈ ਇਹ ਸੋਚਣ ਦਾ ਅਭਿਆਸ ਕੀਤਾ ਜਾਵੇ ਕਿ ਆਤਮ-ਹੱਤਿਆ ਵਰਗਾ ਘਿਨਾਉਣਾ ਕਾਰਾ ਕਰਨ ਤੋਂ ਬਾਅਦ ਪਰਵਾਰ ਦਾ ਕੀ ਹਾਲ ਹੋਵੇਗਾ, ਤਾਂ ਯਕੀਨਨ ਹੀ ਪ੍ਰਾਸ਼ਚਿਤ ਦੀ ਭਾਵਨਾ ਪੈਦਾ ਹੋ ਸਕਦੀ ਹੈ।

ਅਫਸੋਸ ਦੀ ਗੱਲ ਹੈ ਕਿ ਭਾਰਤ ਵਰਗੇ ਦੇਸ਼ ਵਿੱਚ ਖ਼ੁਦਕੁਸ਼ੀ ਦੇ ਮਾਮਲਿਆਂ ਦੀ ਜਾਂਚ ਤਾਂ ਹੁੰਦੀ ਹੈ, ਪਰ ਸਮਾਜਿਕ ਮਾਹੌਲ ਅਤੇ ਬਦਨਾਮੀ ਦੇ ਡਰੋਂ ਜ਼ਿਆਦਾਤਰ ਕੇਸਾਂ ਨੂੰ ਦਬਾ ਦਿੱਤਾ ਜਾਂਦਾ ਹੈ। ਇਹ ਵਿਡੰਬਨਾ ਹੀ ਕਹੀ ਜਾਵੇਗੀ ਕਿ ਅਸੀਂ ਸਵੈ-ਨਿਰੀਖਣ ਅਤੇ ਸਵੈ-ਵਿਸ਼ਲੇਸ਼ਣ ਦੁਆਰਾ ਆਪਣੀਆਂ ਗਲਤੀਆਂ ਨੂੰ ਸੁਧਾਰਨ ਦੀ ਬਜਾਏ ਆਪਣੀ ਜ਼ਮੀਰ ਦੇ ਸ਼ੀਸ਼ੇ ਵਿੱਚ ਉਹ ਸਭ ਕੁਝ ਦੇਖਣਾ ਚਾਹੁੰਦੇ ਹਾਂ, ਜੋ ਸਾਡਾ ਮਨ ਚਾਹੁੰਦਾ ਹੈ।

ਮਾਪੇ ਆਪਣੇ ਬੱਚਿਆਂ ਤੋਂ ਜਿਹੜੀਆਂ ਬੇਲੋੜੀਆਂ ਉਮੀਦਾਂ ਰੱਖਣ ਲੱਗਦੇ ਹਨ, ਉਹ ਕਿਸ਼ੋਰ ਮਨ 'ਤੇ ਮਾਨਸਿਕ ਦਬਾਅ ਪਾਉਣ ਦਾ ਕੰਮ ਕਰਦੇ ਹਨ। ਜਦੋਂ ਉਹ ਨੌਜਵਾਨ ਇਨ੍ਹਾਂ ਉਮੀਦਾਂ ਦੇ ਸਾਹਮਣੇ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ ਤਾਂ ਉਹ ਅੰਦਰੋਂ ਘੁਟਣ ਮਹਿਸੂਸ ਕਰਨ ਲੱਗਦਾ ਹੈ। ਇਹ ਗੱਲ ਹਮੇਸ਼ਾ ਸੱਚ ਹੁੰਦੀ ਹੈ ਕਿ ਬੱਚੇ ਕੋਲ ਜਿੰਨੀਆਂ ਸੰਭਾਵਨਾਵਾਂ ਹਨ, ਉਹ ਓਨਾ ਹੀ ਵਧੀਆ ਕੰਮ ਕਰ ਸਕਦਾ ਹੈ। ਪਰ ਫਿਰ ਵੀ ਮਾਪੇ ਬੇਲੋੜੀਆਂ ਉਮੀਦਾਂ ਕਰਕੇ ਆਪਣੇ ਬੱਚਿਆਂ ਦੇ ਮਨਾਂ ਨੂੰ ਨਿਰਾਸ਼ ਕਰ ਰਹੇ ਹਨ। ਆਤਮਹੱਤਿਆ ਕਰਨ ਤੋਂ ਪਹਿਲਾਂ ਆਪਣੇ ਬੱਚੇ ਦੀ ਮਨੋਦਸ਼ਾ ਨੂੰ ਨਾ ਪੜ੍ਹ ਸਕਣਾ ਵੀ ਮਾਤਾ-ਪਿਤਾ ਵਰਗ ਦੀ ਕਮਜ਼ੋਰੀ ਹੈ, ਕਿਉਂਕਿ ਆਤਮ-ਹੱਤਿਆ ਕਰਨ ਵਾਲਾ ਵਿਅਕਤੀ ਸਿਹਤਮੰਦ ਮਾਨਸਿਕ ਅਵਸਥਾ ਵਿੱਚ ਹੁੰਦਾ ਹੈ ਤਾਂ ਉਹ ਅਜਿਹਾ ਕਦਮ ਚੁੱਕਣ ਬਾਰੇ ਸੋਚ ਵੀ ਨਹੀਂ ਸਕਦਾ।

ਖ਼ੁਦਕੁਸ਼ੀ ਕਰਨ ਵਾਲੇ ਵਿਅਕਤੀ ਦੀ ਵਿਗੜਦੀ ਮਨੋਦਸ਼ਾ ਨੂੰ ਪੜ੍ਹ ਨਾ ਸਕਣ ਕਾਰਨ ਖ਼ੁਦਕੁਸ਼ੀ ਦੇ ਮਾਮਲੇ ਹੌਲੀ-ਹੌਲੀ ਵਧ ਰਹੇ ਹਨ, ਜਿਸ ਲਈ ਮਾਪੇ ਵੀ ਕਿਸੇ ਤੋਂ ਘੱਟ ਦੋਸ਼ੀ ਨਹੀਂ ਹਨ। ਇਸ ਲਈ ਪਰਵਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਪ੍ਰਤੀ ਬੇਲੋੜੀਆਂ ਉਮੀਦਾਂ ਨਾ ਰੱਖਣ ਅਤੇ ਪੜ੍ਹਾਈ ਲਈ ਉਨ੍ਹਾਂ ਦੀ ਰੁਚੀ ਅਨੁਸਾਰ ਵਿਸ਼ੇ ਚੁਣਨ ਵਿਚ ਉਨ੍ਹਾਂ ਦੀ ਮਦਦ ਕਰਨ, ਕਿਉਂਕਿ ਕਈ ਵਾਰ ਮਾਪੇ ਆਪਣੇ ਬੱਚਿਆਂ ਨੂੰ ਬੱਚਿਆਂ ਦੀ ਰੁਚੀ ਦੇ ਉਲਟ ਫੈਕਲਟੀ ਵਿਚ ਜ਼ਬਰਦਸਤੀ ਦਾਖਲ ਕਰਵਾ ਦਿੰਦੇ ਹਨ। ਅਜਿਹਾ ਕੀਤਾ ਗਿਆ ਜਿੱਥੇ ਨਾ ਤਾਂ ਉਹ ਨੌਜਵਾਨ ਅਜਿਹਾ ਮਹਿਸੂਸ ਯੋਗਦਾਨ ਕਰਦਾ ਹੈ ਅਤੇ ਨਾ ਹੀ ਉਹ ਆਪਣੀ ਯੋਗਤਾ ਦੇ ਅਨੁਸਾਰ ਆਪਣਾ ਸਰਵੋਤਮ ਦੇਣ ਦੇ ਯੋਗ ਹੁੰਦਾ ਹੈ। ਨਤੀਜੇ ਵਜੋਂ ਉਹ ਡੂੰਘੇ ਦਿਮਾਗ਼ ਨਾਲ ਕੀਤੀ ਪੜ੍ਹਾਈ ਅਤੇ ਪ੍ਰੀਖਿਆਵਾਂ ਵਿਚ ਪਛੜ ਜਾਂਦਾ ਹੈ, ਜਿਸ ਕਾਰਨ ਉਹ ਡਿਪਰੈਸ਼ਨ ਦਾ ਕਾਰਨ ਬਣਦਾ ਹੈ।

ਮਾਤਾ-ਪਿਤਾ ਵਰਗ ਨੂੰ ਆਪਣੇ ਬੱਚਿਆਂ ਦੇ ਵਿਹਾਰ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਜੇਕਰ ਉਨ੍ਹਾਂ ਦੇ ਬੱਚਿਆਂ ਦੇ ਖਾਣ-ਪੀਣ ਜਾਂ ਸੌਣ ਦੀਆਂ ਆਦਤਾਂ 'ਚ ਬਦਲਾਅ ਆਉਂਦਾ ਹੈ ਤਾਂ ਇਹ ਵੀ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਬੱਚੇ ਵਿਚ ਆਮ ਗਤੀਵਿਧੀਆਂ ਵਿਚ ਅਰੁਚੀ ਪੈਦਾ ਹੋਣ ਲੱਗ ਜਾਵੇ ਜਾਂ ਮੌਤ ਦਾ ਡਰ ਖਤਮ ਹੋ ਜਾਵੇ ਅਤੇ ਜਾਨ ਨੂੰ ਖਤਰੇ ਵਿਚ ਪਾਉਣ ਵਰਗੀਆਂ ਗਤੀਵਿਧੀਆਂ ਸ਼ੁਰੂ ਹੋ ਜਾਣ ਤਾਂ ਮਾਤਾ-ਪਿਤਾ ਨੂੰ ਸੁਚੇਤ ਹੋਣਾ ਚਾਹੀਦਾ ਹੈ। ਜੇਕਰ ਕੋਈ ਬੱਚਾ ਕਈ ਵਾਰ ਡਿਪਰੈਸ਼ਨ ਕਾਰਨ ਅਚਾਨਕ ਨਸ਼ੇ ਕਰਨ ਲੱਗ ਜਾਵੇ ਤਾਂ ਇਹ ਪਰਵਾਰ ਦੇ ਬਾਕੀ ਮੈਂਬਰਾਂ ਲਈ ਖੁਦਕੁਸ਼ੀ ਦਾ ਸੰਕੇਤ ਹੋ ਸਕਦਾ ਹੈ।

ਇਸ ਲਈ ਪਰਵਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਦੀ ਰੁਚੀ ਅਤੇ ਮਾਨਸਕ ਵਿਹਾਰ ਨੂੰ ਪਛਾਣਨ ਅਤੇ ਆਪਣੇ ਬੱਚਿਆਂ ਮਨੋਦਸ਼ਾ ਪ੍ਰਤੀ ਸੁਚੇਤ ਰਹਿਣ, ਤਾਂ ਹੀ ਖ਼ੁਦਕੁਸ਼ੀਆਂ ਵਰਗੇ ਮਾਮਲਿਆਂ ਵਿੱਚ ਕੁਝ ਰੋਕਥਾਮ ਸੰਭਵ ਹੋ ਸਕਦੀ ਹੈ।

**# ਸੰਪਰਕ : 70271-20349**

# ਭਾਰਤੀ ਮੁਦਰਾ ਨਿਘਾਰ ਵੱਲ ਵਧ ਰਹੀ



ਸੁਰਜੀਤ ਸਿੰਘ ਫਲੋਰਾ

ਵਿਸ਼ਵ ਵਿੱਚ ਦਸ ਸਭ ਤੋਂ ਵੱਧ ਵਪਾਰਕ ਮੁਦਰਾਵਾਂ, ਜੋ ਵਿਆਪਕ ਤੌਰ 'ਤੇ ਸਵੀਕਾਰ ਕੀਤੀਆਂ ਜਾਂਦੀਆਂ ਹਨ ਅਤੇ ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿੱਚ ਵਰਤੀਆਂ ਜਾਂਦੀਆਂ ਹਨ, ਉਹਨਾਂ ਨੂੰ ਆਮ ਤੌਰ 'ਤੇ ਵਪਾਰਯੋਗ ਮੰਨਿਆ ਜਾਂਦਾ ਹੈ। ਸਭ ਤੋਂ ਵੱਧ ਵਪਾਰਯੋਗ ਮੁਦਰਾਵਾਂ ਵਿੱਚ ਇੱਕ ਮੁਕਾਬਲਤਨ ਸਥਿਰ ਮੁੱਲ ਅਤੇ ਇੱਕ ਮੁਕਾਬਲਤਨ ਤਰਲ ਬਾਜ਼ਾਰ ਹੁੰਦਾ ਹੈ, ਜੋ ਉਹਨਾਂ ਨੂੰ ਨਿਵੇਸ਼ਕਾਂ ਅਤੇ ਵਪਾਰੀਆਂ ਲਈ ਇੱਕ ਵਧੀਆ ਵਿਕਲਪ ਬਣਾਉਂਦੇ ਹਨ, ਜੋ ਵੱਖ-ਵੱਖ ਮੁਦਰਾਵਾਂ ਦੇ ਸੰਪਰਕ ਵਿੱਚ ਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਵੇਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਨੀਆ ਭਰ ਵਿੱਚ ਜੋਇ ਬਾਇਡੇਨ, ਰਿਸ਼ੀ ਸੁਨਕ ਨੂੰ ਹਰਾ ਕੇ ਸਭ ਤੋਂ ਮਸ਼ਹੂਰ ਗਲੋਬਲ ਲੀਡਰ ਬਣ ਗਏ ਹਨ, ਹਰਮਨ-ਪਿਆਰੇ ਹਨ ਅਤੇ ਉਸ ਨੇ ਕਿਹਾ ਕਿ ਜੇਕਰ ਉਹ ਤੀਜਾ ਕਾਰਜਕਾਲ ਪ੍ਰਾਪਤ ਕਰਦੇ ਹਨ ਤਾਂ ਉਹ ਭਾਰਤ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਬਣਾ ਦੇਣਗੇ, ਅਫ਼ਸੋਸ ਦੀ ਗੱਲ ਹੈ ਕਿ ਭਾਰਤੀ ਮੁਦਰਾ ਜਾ ਕੇ 17 ਨੰਬਰ 'ਤੇ ਵਪਾਰਯੋਗ ਹੈ ਤੇ ਬਹੁਤ ਸਾਰੇ ਦੇਸ਼ਾਂ ਵਿਚ ਸਵੀਕਾਰ ਨਹੀਂ ਕੀਤੀ ਜਾਂਦੀ।

1. **ਅਮਰੀਕੀ ਡਾਲਰ** : ਅਮਰੀਕੀ ਡਾਲਰ ਵਿੱਚ ਹੋਣ ਵਾਲੇ ਸਾਰੇ ਮੁਦਰਾ ਦੇ ਲਗਭਗ 88 ਪ੍ਰਤੀਸ਼ਤ ਦੇ ਨਾਲ ਇਹ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਵਪਾਰਕ ਮੁਦਰਾ ਹੈ। ਦੁਨੀਆ ਭਰ ਦੇ ਕੇਂਦਰੀ ਬੈਂਕਾਂ ਦੁਆਰਾ ਇਸ ਦੀ ਵਿਆਪਕ ਤੌਰ 'ਤੇ ਇੱਕ ਰਿਜ਼ਰਵ ਮੁਦਰਾ ਵਜੋਂ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਸੰਯੁਕਤ ਰਾਜ ਦੀ ਅਧਿਕਾਰਤ ਮੁਦਰਾ ਹੈ। ਯੂ ਐੱਸ ਦੀ ਆਰਥਿਕਤਾ ਦਾ ਆਕਾਰ ਅਤੇ ਸਥਿਰਤਾ ਵਿਸ਼ਵ ਵਿੱਚ ਸਭ ਤੋਂ ਵੱਧ ਵਪਾਰਕ ਮੁਦਰਾ ਵਜੋਂ ਖੜ੍ਹੇ ਹੋਣ ਦੇ ਦੋ ਪ੍ਰਮੁੱਖ ਕਾਰਕ ਹਨ। ਦੁਨੀਆ ਦੀ ਸਭ ਤੋਂ ਵੱਡੀ ਅਰਥ-ਵਿਵਸਥਾ ਅਤੇ ਇੱਕ ਜਿਸ ਨੂੰ ਆਮ ਤੌਰ 'ਤੇ ਸਥਿਰ ਮੰਨਿਆ ਜਾਂਦਾ ਹੈ, ਸੰਯੁਕਤ ਰਾਜ ਅਮਰੀਕਾ ਹੈ, ਜਿਸ ਨੇ ਇੱਕ ਸੁਰੱਖਿਅਤ ਮੁਦਰਾ ਵਜੋਂ ਸਥਿਤੀ ਵਿੱਚ ਯੋਗਦਾਨ ਪਾਇਆ ਹੈ। ਇਸ ਦਾ ਮਤਲਬ ਇਹ ਹੈ ਕਿ ਆਰਥਿਕ ਅਨਿਸਚਿਤਤਾ ਜਾਂ ਅਸਥਿਰਤਾ ਦੇ ਸਮੇਂ ਦੌਰਾਨ ਨਿਵੇਸ਼ਕ ਅਕਸਰ ਇਸ ਵੱਲ ਝੁਕਦੇ ਹਨ।

2. **ਯੂਰੋ** : ਯੂਰੋ ਯੂਰਪੀਅਨ ਯੂਨੀਅਨ ਦੀ ਅਧਿਕਾਰਤ ਮੁਦਰਾ ਹੈ ਅਤੇ ਇਸ ਦੇ 27 ਮੈਂਬਰ ਦੇਸ਼ਾਂ ਵਿੱਚੋਂ 19 ਦੁਆਰਾ ਵਰਤੀ ਜਾਂਦੀ ਹੈ, ਜਿਸ ਨੂੰ ਸਮੂਹਿਕ ਤੌਰ 'ਤੇ ਯੂਰੋ ਜ਼ੋਨ ਵਜੋਂ ਜਾਣਿਆ ਜਾਂਦਾ ਹੈ। ਇਹ ਦੁਨੀਆ ਦੀ ਦੂਜੀ ਸਭ ਤੋਂ ਵੱਧ ਵਪਾਰਕ ਮੁਦਰਾ ਹੈ ਅਤੇ ਇਹ ਅੰਤਰ-ਰਾਸ਼ਟਰੀ ਵਪਾਰ ਅਤੇ ਵਿੱਤ ਵਿੱਚ ਵਿਆਪਕ ਤੌਰ 'ਤੇ ਵਰਤੀ ਜਾਂਦੀ ਹੈ। ਯੂਰੋ ਨੂੰ 1999 ਵਿੱਚ ਇੱਕ ਇਲੈਕਟ੍ਰਾਨਿਕ ਮੁਦਰਾ ਵਜੋਂ ਪੇਸ਼ ਕੀਤਾ ਗਿਆ ਸੀ ਅਤੇ 2002 ਵਿੱਚ ਭੌਤਿਕ ਮੁਦਰਾ ਦੇ ਰੂਪ ਵਿੱਚ ਪ੍ਰਸਾਰਤ ਕੀਤਾ ਗਿਆ ਸੀ। ਯੂਰੋ ਦੇ ਪਿੱਛੇ ਵਿਚਾਰ ਆਰਥਕ ਏਕੀਕਰਨ ਅਤੇ ਸਥਿਰਤਾ ਨੂੰ ਉਤਸ਼ਹਿਤ ਕਰਨ ਲਈ ਅਤੇ ਲੋਕਾਂ ਲਈ ਇਸ ਨੂੰ ਆਸਾਨ ਬਣਾਉਣ ਲਈ ਯੂਰਪੀਅਨ ਯੂਨੀਅਨ ਲਈ ਇੱਕ ਸਿੰਗਲ ਮੁਦਰਾ ਬਣਾਉਣਾ ਸੀ। ਕਾਰੋਬਾਰਾਂ ਨੂੰ ਯੂਰਪੀਅਨ ਯੂਨੀਅਨ ਦੇ ਅੰਦਰ ਸਰਹੱਦਾਂ ਦੇ ਪਾਰ ਵਪਾਰ ਕਰਨ ਲਈ।

3. **ਜਾਪਾਨੀ ਯੇਨ** : ਦੁਨੀਆ ਵਿੱਚ ਤੀਜੀ ਸਭ ਤੋਂ ਵੱਧ ਵਪਾਰਕ ਮੁਦਰਾ ਜਾਪਾਨੀ ਯੇਨ ਹੈ, ਜੋ ਜਾਪਾਨ ਦੇ ਕਾਨੂੰਨੀ ਟੈਂਡਰ ਦੇ ਦੇਸ਼ ਵਜੋਂ ਕੰਮ ਕਰਦੀ ਹੈ। ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿੱਚ, ਖਾਸ ਤੌਰ 'ਤੇ ਏਸ਼ੀਆਈ ਖੇਤਰ ਵਿੱਚ ਇਹ ਵਿਆਪਕ ਤੌਰ 'ਤੇ ਕੰਮ ਕਰਦਾ ਹੈ। ਜਾਪਾਨੀ ਯੇਨ ਦਾ ਇੱਕ ਲੰਮਾ ਇਤਿਹਾਸ ਹੈ ਅਤੇ ਕਈ ਸਾਲਾਂ ਤੋਂ ਜਾਪਾਨ ਵਿੱਚ ਭੁਗਤਾਨ ਵਜੋਂ ਸਵੀਕਾਰ ਕੀਤਾ ਗਿਆ ਹੈ। ਸਿੱਕਿਆਂ ਅਤੇ ਨੋਟਾਂ ਦੀ ਗੁੰਝਲਦਾਰ ਪ੍ਰਣਾਲੀ, ਜੋ ਕਿ ਈਡੋ ਯੁੱਗ ਤੋਂ ਵਰਤੋਂ ਵਿੱਚ ਆ ਰਹੀ ਸੀ, ਨੂੰ ਯੇਨ ਦੇ ਸਮਕਾਲੀ ਸੰਸਕਰਣ ਦੁਆਰਾ ਬਦਲ ਦਿੱਤਾ ਗਿਆ ਸੀ, ਜੋ 1871 ਵਿੱਚ ਅਪਣਾਇਆ ਗਿਆ ਸੀ।

4. **ਬ੍ਰਿਟਿਸ਼ ਪੌਂਡ**: ਯੂਨਾਈਟਿਡ ਕਿੰਗਡਮ, ਜੋ ਕਿ ਯੂਨਾਈਟਿਡ ਕਿੰਗਡਮ ਲਈ ਖਾਤੇ ਦੀ ਅਧਿਕਾਰਤ ਇਕਾਈ ਵਜੋਂ ਕੰਮ ਕਰਦਾ ਹੈ, ਦੁਨੀਆ ਵਿੱਚ ਚੌਥੀ ਸਭ ਤੋਂ ਵੱਧ ਵਪਾਰਕ ਮੁਦਰਾ ਹੈ। ਮਹੱਤਵਪੂਰਨ ਮੁਦਰਾ ਵਜੋਂ ਇਸ ਦਾ ਲੰਮਾ ਇਤਿਹਾਸ ਹੈ ਅਤੇ ਅੰਤਰਰਾਸ਼ਟਰੀ ਵਪਾਰ ਅਤੇ ਵਿੱਤ ਵਿੱਚ ਅਕਸਰ ਵਰਤਿਆ ਜਾਂਦਾ ਹੈ। ਬ੍ਰਿਟਿਸ਼ ਪਾਊਂਡ ਨੂੰ 18ਵੀਂ ਸਦੀ ਤੋਂ ਯੂ ਕੇ ਦੀ ਸਰਕਾਰੀ ਮੁਦਰਾ ਵਜੋਂ ਵਰਤਿਆ ਜਾਂਦਾ ਰਿਹਾ ਹੈ, ਪਰ ਇਸ ਦੀ ਸ਼ੁਰੂਆਤ ਅੱਠਵੀਂ ਸਦੀ ਤੋਂ ਹੋਈ। ਬੈਂਕ ਆਫ਼ ਇੰਗਲੈਂਡ, ਯੂ ਕੇ ਦਾ ਕੇਂਦਰੀ ਬੈਂਕ ਪੌਂਡ ਦੀ ਰਚਨਾ ਅਤੇ ਸਰਕੂਲੇਸ਼ਨ ਦੀ ਨਿਗਰਾਨੀ ਕਰਦਾ ਹੈ ਅਤੇ ਕੀਮਤ ਸਥਿਰਤਾ ਅਤੇ ਲੰਬੇ ਸਮੇਂ ਦੇ ਆਰਥਿਕ ਵਿਸਤਾਰ ਨੂੰ ਸਮਰਥਨ ਦੇਣ ਲਈ ਮੁਦਰਾ ਨੀਤੀ ਬਣਾਉਂਦਾ ਹੈ।

5. **ਆਸਟ੍ਰੇਲੀਆਈ ਡਾਲਰ**: ਖਾਸ ਤੌਰ 'ਤੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਆਸਟ੍ਰੇਲੀਆਈ ਡਾਲਰ ਦੀ ਵਿਆਪਕ ਤੌਰ ਤੇ ਅੰਤਰ-ਰਾਸ਼ਟਰੀ ਵਪਾਰ ਅਤੇ ਬੈਂਕਿੰਗ ਵਿੱਚ ਵਰਤੋਂ ਕੀਤੀ ਜਾਂਦੀ ਹੈ। ਪਹਿਲੇ ਆਸਟ੍ਰੇਲੀਅਨ ਬੈਂਕ ਨੋਟ 1910 ਵਿੱਚ ਛਾਪੇ ਗਏ ਸਨ, ਜਿਸ ਨਾਲ ਆਸਟ੍ਰੇਲੀਆਈ ਡਾਲਰ ਦਾ ਇੱਕ ਲੰਮਾ ਇਤਿਹਾਸ ਸੀ। 1966 ਵਿੱਚ ਆਸਟ੍ਰੇਲੀਅਨ ਪੌਂਡ ਨੂੰ ਸਮਕਾਲੀ ਆਸਟ੍ਰੇਲੀਅਨ ਡਾਲਰ ਨਾਲ ਬਦਲ ਦਿੱਤਾ ਗਿਆ ਸੀ। ਰਿਜ਼ਰਵ ਬੈਂਕ ਆਫ਼ ਆਸਟ੍ਰੇਲੀਆ, ਦੇਸ਼ ਦਾ ਕੇਂਦਰੀ ਬੈਂਕ, ਸਰਕੂਲੇਸ਼ਨ ਦਾ ਪ੍ਰਬੰਧਨ ਕਰਦਾ ਹੈ ਅਤੇ ਕੀਮਤ ਸਥਿਰਤਾ ਅਤੇ ਲੰਬੇ ਸਮੇਂ ਦੇ ਆਰਥਿਕ ਵਿਕਾਸ ਨੂੰ ਸਮਰਥਨ ਦੇਣ ਲਈ ਮੁਦਰਾ ਨੀਤੀ ਸਥਾਪਤ ਕਰਦਾ ਹੈ।

6. **ਕੈਨੇਡੀਅਨ ਡਾਲਰ**: ਕੈਨੇਡਾ ਦੀ ਅਧਿਕਾਰਤ ਮੁਦਰਾ ਕੈਨੇਡੀਅਨ ਡਾਲਰ ਹੈ, ਜੋ ਦੁਨੀਆ ਭਰ ਵਿੱਚ ਛੇਵੇਂ ਸਭ ਤੋਂ ਵੱਧ ਵਪਾਰਕ ਮੁਦਰਾ ਵਜੋਂ ਦਰਜਾਬੰਦੀ ਕਰਦੀ ਹੈ। ਅੰਤਰਰਾਸ਼ਟਰੀ ਵਪਾਰ ਅਤੇ ਬੈਂਕਿੰਗ ਵਿੱਚ ਖਾਸ ਤੌਰ 'ਤੇ ਉੱਤਰੀ ਅਮਰੀਕੀ ਖੇਤਰ ਵਿੱਚ ਇਸ ਦੀ ਵਿਆਪਕ ਵਰਤੋਂ ਕੀਤੀ ਜਾਂਦੀ ਹੈ। ਲੂਨ, ਇੱਕ ਪੰਛੀ ਜੋ ਇੱਕ-ਡਾਲਰ ਦੇ ਸਿੱਕੇ 'ਤੇ ਦਿਖਾਇਆ ਗਿਆ ਹੈ, ਕੈਨੇਡੀਅਨ ਡਾਲਰ ਲਈ ਉਪਨਾਮ ਲੂਨੀ ਦਾ ਸਰੋਤ ਹੈ। ਇਸ ਦੀ ਵਟਾਂਦਰਾ ਦਰ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਸਪਲਾਈ ਅਤੇ ਮੰਗ 'ਤੇ ਅਧਾਰਤ ਹੈ, ਕਿਉਂਕਿ ਇਹ ਇੱਕ ਫਲੋਟਿੰਗ ਮੁਦਰਾ ਹੈ। ਬੈਂਕ ਆਫ਼ ਕੈਨੇਡਾ ਕੈਨੇਡੀਅਨ ਡਾਲਰ ਦੀ ਸਿਰਜਣਾ ਅਤੇ ਸਰਕੂਲੇਸ਼ਨ ਦੀ ਨਿਗਰਾਨੀ ਕਰਦਾ ਹੈ ਅਤੇ ਸਥਿਰ ਕੀਮਤਾਂ ਅਤੇ ਲੰਬੇ ਸਮੇਂ ਦੇ ਆਰਥਕ ਵਿਸਤਾਰ ਨੂੰ ਸਮਰਥਨ ਦੇਣ ਲਈ ਮੁਦਰਾ ਨੀਤੀ ਸਥਾਪਤ ਕਰਦਾ ਹੈ।

7. **ਸਵਿਸ ਫ੍ਰੈਂਕ**: ਦੁਨੀਆ ਭਰ ਵਿੱਚ ਸੱਤਵੀਂ ਸਭ ਤੋਂ ਵੱਧ ਵਪਾਰਕ ਮੁਦਰਾ ਸਵਿਸ ਫ੍ਰੈਂਕ ਹੈ, ਜੋ ਸਵਿਟਜ਼ਰਲੈਂਡ ਦੀ ਐਕਸਚੇਂਜ ਦੀ ਅਧਿਕਾਰਤ ਇਕਾਈ ਵਜੋਂ ਕੰਮ ਕਰਦੀ ਹੈ। ਅੰਤਰ-ਰਾਸ਼ਟਰੀ ਵਪਾਰ ਅਤੇ ਵਿੱਤ ਵਿੱਚ ਖਾਸ ਤੌਰ 'ਤੇ ਯੂਰਪੀਅਨ ਖੇਤਰ ਵਿੱਚ ਇਹ ਵਿਆਪਕ ਤੌਰ 'ਤੇ ਕੰਮ ਕਰਦਾ ਹੈ। 18ਵੀਂ ਸਦੀ ਤੋਂ ਸਵਿਟਜ਼ਰਲੈਂਡ ਨੇ ਸਵਿਸ ਫ੍ਰੈਂਕ ਨੂੰ ਪੈਸੇ ਦੇ ਅਧਿਕਾਰਤ ਰੂਪ ਵਜੋਂ ਵਰਤਿਆ ਹੈ। ਸਵਿਟਜ਼ਰਲੈਂਡ ਨੇ 1850 ਵਿੱਚ ਸੋਨੇ ਦੇ ਮਿਆਰ ਨੂੰ ਅਪਣਾਉਣ ਤੋਂ ਬਾਅਦ, ਮੌਜੂਦਾ ਫ੍ਰੈਂਕ ਨੂੰ ਪਹਿਲਾਂ ਜਾਰੀ ਕੀਤਾ ਸੀ।

8. **ਚੀਨੀ ਰੇਨਮਿਨਬੀ** : ਚੀਨ ਦੀ ਰਾਸ਼ਟਰੀ ਮੁਦਰਾ ਚੀਨੀ ਰੇਨਮਿਨਬੀ ਹੈ, ਜਿਸ ਨੂੰ ਚੀਨੀ ਯੂਆਨ ਵੀ ਕਿਹਾ ਜਾਂਦਾ ਹੈ। ਇਹ ਵਰਤਮਾਨ ਵਿੱਚ ਦੁਨੀਆ ਵਿੱਚ ਨੌਵੀਂ ਸਭ ਤੋਂ ਵੱਧ ਵਪਾਰਕ ਮੁਦਰਾ ਹੈ ਅਤੇ ਇਸ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ, ਕਿਉਂਕਿ ਚੀਨ ਨਾਲ ਵਪਾਰਕ ਸਬੰਧ ਵਧੇਰੇ ਮਹੱਤਵਪੂਰਨ ਹੋ ਗਏ ਹਨ ਅਤੇ ਚੀਨ ਦੀ ਆਰਥਿਕਤਾ ਦਾ ਵਿਸਤਾਰ ਜਾਰੀ ਹੈ। ਰੇਨਮਿਨਬੀ ਦਾ ਇੱਕ ਲੰਮਾ ਇਤਿਹਾਸ ਹੈ ਅਤੇ ਚੀਨ ਵਿੱਚ ਬਹੁਤ ਲੰਬੇ ਸਮੇਂ ਤੋਂ ਪੈਸੇ ਵਜੋਂ ਵਰਤਿਆ ਜਾਂਦਾ ਰਿਹਾ ਹੈ। 1949 ਵਿੱਚ ਪੀਪਲਜ਼ ਰੀਪਬਲਿਕ ਆਫ ਚਾਈਨਾ ਦੀ ਸਥਾਪਨਾ ਤੋਂ ਬਾਅਦ ਮੌਜੂਦਾ ਰੇਨਮਿਨਬੀ ਨੂੰ ਪੇਸ਼ ਕੀਤਾ ਗਿਆ ਸੀ। ਰੇਨਮਿਨਬੀ ਨੂੰ ਦੇਸ਼ ਦਾ ਕੇਂਦਰੀ ਬੈਂਕ ਪੀਪਲਜ਼ ਬੈਂਕ ਆਫ਼ ਚਾਈਨਾ (ਪੀ ਬੀ ਓ ਸੀ) ਦੁਆਰਾ ਜਾਰੀ ਕੀਤਾ ਅਤੇ ਪ੍ਰਬੰਧਿਤ ਕੀਤਾ ਜਾਂਦਾ ਹੈ।

9. **ਹਾਂਗਕਾਂਗ ਡਾਲਰ**: ਹਾਂਗਕਾਂਗ ਦੀ ਅਧਿਕਾਰਤ ਮੁਦਰਾ ਹਾਂਗਕਾਂਗ ਡਾਲਰ ਹੈ, ਹਾਂਗਕਾਂਗ ਮੁਦਰਾ ਅਥਾਰਟੀ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਦਖਲ ਦਿੰਦੀ ਹੈ। ਇਸ ਦਾ ਮਤਲਬ ਹੈ ਕਿ ਇਸ ਦਾ ਮੁੱਲ ਅਮਰੀਕੀ ਡਾਲਰ ਦੇ ਮੁੱਲ ਨਾਲ ਮਜ਼ਬੂਤੀ ਨਾਲ ਸੰਬੰਧਤ ਹੈ। ਹਾਂਗਕਾਂਗ ਡਾਲਰ ਦੀ ਵਰਤੋਂ ਵਿਸ਼ਵਵਿਆਪੀ ਵਪਾਰ ਅਤੇ ਬੈਂਕਿੰਗ ਵਿੱਚ ਪੈਗ ਦੇ ਨਤੀਜੇ ਵਜੋਂ ਕੀਤੀ ਜਾਂਦੀ ਹੈ, ਖਾਸ ਤੌਰ ਤੇ ਏਸ਼ੀਆਈ ਖੇਤਰ ਵਿੱਚ ਖੇਤਰੀ ਨਿਵੇਸ਼ਾਂ ਅਤੇ ਸਰਹੱਦ ਪਾਰ ਵਪਾਰ ਦੋਵਾਂ ਲਈ ਇਹ ਇੱਕ ਪ੍ਰਸਿੱਧ ਮੁਦਰਾ ਹੈ।

10. **ਨਿਊਜ਼ੀਲੈਂਡ ਡਾਲਰ**: ਨਿਊ ਜ਼ੀਲੈਂਡ ਡਾਲਰ ਵਿਸ਼ਵ ਪੱਧਰ 'ਤੇ 10ਵੇਂ ਸਭ ਤੋਂ ਵੱਧ ਵਪਾਰਕ ਮੁਦਰਾ ਵਜੋਂ ਦਰਜਾਬੰਦੀ ਕਰਦਾ ਹੈ। ਖਾਸ ਤੌਰ 'ਤੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਇਸ ਦੀ ਵਿਆਪਕ ਤੌਰ 'ਤੇ ਅੰਤਰ-ਰਾਸ਼ਟਰੀ ਵਪਾਰ ਅਤੇ ਬੈਂਕਿੰਗ ਵਿੱਚ ਵਰਤੋਂ ਕੀਤੀ ਜਾਂਦੀ ਹੈ। ਵਸਤੂਆਂ ਦਾ ਨਿਰਯਾਤ, ਖਾਸ ਤੌਰ 'ਤੇ ਖੇਤੀਬਾੜੀ ਸੈਕਟਰ ਤੋਂ, ਜਿਵੇਂ ਕਿ ਡੇਅਰੀ ਅਤੇ ਮੀਟ ਉਤਪਾਦ, ਨਿਊ ਜ਼ੀਲੈਂਡ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹੈ। ਨਤੀਜੇ ਵਜੋਂ ਇਸ ਦਾ ਮੁੱਲ ਇਹਨਾਂ ਵਸਤੂਆਂ ਦੀਆਂ ਕੀਮਤਾਂ ਨਾਲ ਮਜ਼ਬੂਤੀ ਨਾਲ ਜੁੜਿਆ ਹੋਇਆ ਹੈ, ਜੋ ਇਸ ਨੂੰ ਸੰਸਾਰ ਦੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ ਤਬਦੀਲੀਆਂ ਲਈ ਸੰਵੇਦਨਸ਼ੀਲ ਬਣਾਉਂਦਾ ਹੈ।

**# ਸੰਪਰਕ : 647-829-9397**

1-APRIL-PAGE-5.qxd 3/31/2024 10:33 PM Page 1



# ਗੈਸ ਪਾਈਪ ਲਾਈਨ ਮੋਰਚੇ 'ਚ ਹੁਣ ਔਰਤਾਂ ਵੀ ਹੋਈਆਂ ਸ਼ਾਮਲ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਇੱਕ ਜੁਲਾਈ 2023 ਤੋਂ ਲੇਲੇ ਵਾਲਾ ਵਿਖੇ ਗੈਸ ਪਾਈਪ ਲਾਈਨ ਦੇ ਮੁਆਵਜੇ ਸਬੰਧੀ ਹੋਏ ਸਮਝੌਤੇ ਨੂੰ ਲਾਗੂ ਕਰਾਉਣ ਲਈ ਚੱਲ ਰਹੇ ਮੋਰਚੇ ਵਿੱਚ ਔਰਤਾਂ ਨੇ ਸ਼ਮੂਲੀਅਤ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਔਰਤ ਜਥੇਬੰਦੀ ਦੇ ਜ਼ਿਲ੍ਹਾ ਬਠਿੰਡਾ ਦੀ ਜਰਨਲ ਸਕੱਤਰ ਕਰਮਜੀਤ ਕੌਰ ਲਹਿਰਾਖਾਨਾ ਨੇ ਕਿਹਾ ਕਿ ਗੈਸ ਪਾਈਪ ਲਾਈਨ ਦੇ ਹੋਏ ਸਮਝੌਤੇ ਨੂੰ 10 ਮਹੀਨਿਆਂ ਤੋਂ ਉੱਪਰ ਹੋ ਗਏ ਹਨ, ਪਰ ਜਿੱਥੇ ਕੰਪਨੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਣ ਬੁੱਝ ਕੇ ਕਿਸਾਨਾਂ ਨਾਲ ਕੀਤੇ ਲਿਖਤੀ ਸਮਝੌਤੇ ਨੂੰ ਲਾਗੂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ, ਉਥੇ ਲੋਕਾਂ ਦੀ ਪਾਰਟੀ ਵਜੋਂ ਉੱਭਰ ਕੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਕਿਸਾਨਾਂ ਦੀ ਲਗਾਤਾਰ ਅਣਸੁਣੀ ਕੀਤੀ ਜਾ ਰਹੀ ਹੈ।ਪਿਛਲੇ ਦਿਨੀਂ ਪੰਜਾਬ ਦੇ ਖੇਤੀਬਾੜੀ ਮੰਤਰੀ ਤੇ ਬਠਿੰਡਾ ਤੋਂ ਲੋਕ ਸਭਾ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਤੇ ਤਲਵੰਡੀ ਸਾਬੋ ਤੋਂ ਵਿਧਾਇਕਾ ਬਲਜਿੰਦਰ ਕੌਰ ਨਾਲ ਕਿਸਾਨ ਆਗੂਆਂ ਦੀ ਮੀਟਿੰਗ ਹੋਈ ਸੀ, ਜਿਸ ਦੌਰਾਨ ਉਨ੍ਹਾਂ 4 ਅਪ੍ਰੈਲ ਨੂੰ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਮੀਟਿੰਗ ਤਹਿ ਕਰ ਕੇ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

ਔਰਤ ਆਗੂਆਂ ਨੇ ਕਿਹਾ ਕਿ ਜੇਕਰ ਚਾਰ ਅਪ੍ਰੈਲ ਨੂੰ ਮੀਟਿੰਗ ਦੌਰਾਨ ਕਿਸਾਨਾਂ ਦੇ ਮਸਲੇ ਹੱਲ ਨਾ ਕੀਤੇ ਤਾਂ ਜਥੇਬੰਦੀ ਵੱਲੋਂ ਕੀਤੇ ਫੈਸਲੇ ਮੁਤਾਬਕ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਪਿੰਡਾਂ ਵਿੱਚ ਵਿਰੋਧ ਕੀਤਾ ਜਾਵੇਗਾ, ਜਿਸ ਵਿੱਚ ਔਰਤਾਂ ਵੀ ਸ਼ਾਮਲ ਹੋਣਗੀਆਂ।ਉਨ੍ਹਾਂ ਕਿਹਾ ਕਿ ਕੀਤੇ ਸਮਝੌਤੇ ਮੁਤਾਬਕ ਜਿੰਨਾ ਕਿਸਾਨਾਂ ਦੇ ਖੇਤਾਂ ਵਿੱਚੋਂ ਦੀ ਪਾਈਪਲਾਈਨ ਪਾਈ ਜਾ ਚੁੱਕੀ ਹੈ, ਉਨ੍ਹਾਂ ਨੂੰ ਵੀ 24 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਮੀਂਹ, ਗੜ੍ਹੇਮਾਰੀ ਤੇ ਤੂਫਾਨ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ, ਕਈ ਸਾਲਾਂ ਤੋਂ ਬਰਬਾਦ ਹੋ ਰਹੀ ਨਰਮੇ ਦੀ ਫ਼ਸਲ ਨੂੰ ਕਾਮਯਾਬ ਕਰਨ ਲਈ ਗੁਲਾਬੀ ਸੁੰਡੀ ਅਤੇ ਹੋਰ ਬਿਮਾਰੀਆਂ ਤੋਂ ਰੋਗ ਰਹਿਤ ਬੀਜ ਦਿੱਤੇ ਜਾਣ, ਭਾਰਤ ਮਾਲਾ ਸੜਕ ਦਾ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇ, ਟੇਲਾਂ 'ਤੇ ਨਹਿਰੀ ਪਾਣੀ ਦੀ ਸਮੱਸਿਆ ਹੱਲ ਕੀਤੀ ਜਾਵੇ, ਗੰਭੀਰ ਬਿਮਾਰੀ ਕਾਰਨ ਨੁਕਸਾਨ ਹੋਏ ਪਸ਼ੂਆਂ ਦਾ ਮੁਆਵਜ਼ਾ ਦਿੱਤਾ ਜਾਵੇ।ਉਨ੍ਹਾਂ ਔਰਤਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸੰਘਰਸ਼ ਦੇ ਮੈਦਾਨਾਂ ਵਿੱਚ ਸ਼ਾਮਲ ਹੋਇਆ ਜਾਵੇ।ਧਰਨੇ ਨੂੰ ਸੁਖਜੀਤ ਕੌਰ ਚੱਕ ਫ਼ਤਿਹ ਸਿੰਘ ਵਾਲਾ, ਗੁਰਜੀਤ ਸਿੰਘ ਬੰਗੇਹਰ ਚੜ੍ਹਤ ਨੇ ਵੀ ਸੰਬੋਧਨ ਕੀਤਾ।ਸਟੇਜ ਦੀ ਕਾਰਵਾਈ ਹਰਪ੍ਰੀਤ ਸਿੰਘ ਕਾਲਾ ਚੱਠੇ ਵਾਲਾ ਨੇ ਨਿਭਾਉਂਦਿਆਂ ਸੱਦਾ ਦਿੱਤਾ ਕਿ ਚਾਰ ਅਪ੍ਰੈਲ ਨੂੰ ਔਰਤਾਂ ਸਮੇਤ ਬਠਿੰਡੇ ਵੱਧ ਤੋਂ ਵੱਧ ਪਹੁੰਚਿਆ ਜਾਵੇ ਤੇ ਸਰਕਾਰ ਦੁਆਰਾ ਇਸ ਵਾਰ ਅਨਾਜ ਦੀ ਖਰੀਦ ਅਤੇ ਭੰਡਾਰਨ ਕਰਨ ਦੀ ਕਾਰਪੋਰੇਟ ਘਰਾਣਿਆਂ ਨੂੰ ਇਜਾਜ਼ਤ ਦੇ ਕੇ ਨਿੱਜੀਕਰਨ ਦੇ ਅਮਲ ਦੀ ਸ਼ੁਰੂਆਤ ਖਿਲਾਫ 8 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਰੈਲੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ।

## ਰੂਬਲ ਵਿਰਦੀ ਪੀ ਏ ਨੂੰ ਸਦਮਾ, ਮਾਮੇ ਦੇ ਲੜਕੇ ਦਾ ਦਿਹਾਂਤ

**ਮੱਖੂ (ਰਛਪਾਲ ਸਿੰਘ ਸੰਧੂ)**



ਵਿਧਾਨ ਸਭਾ ਹਲਕਾ ਜ਼ੀਰਾ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਪ੍ਰਧਾਨ ਕਾਂਗਰਸ ਕਮੇਟੀ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪੀਏ ਰੂਬਲ ਵਿਰਦੀ ਨੂੰ ਉਸ ਵਕਤ ਭਾਰੀ ਸਦਮਾ ਪਹੁੰਚਿਆ, ਜਦ ਉਨ੍ਹਾਂ ਦੇ ਮਾਮੇ ਦੇ ਨੌਜਵਾਨ ਬੇਟੇ ਲਵਜਿੰਦਰ ਸਿੰਘ ਪ੍ਰਿੰਸ ਪੁੱਤਰ ਰਜਿੰਦਰ ਸਿੰਘ ਦਾ ਅਚਨਚੇਤ ਦਿਹਾਂਤ ਹੋ ਗਿਆ।

ਲਵਜਿੰਦਰ ਸਿੰਘ ਦੇ ਅਚਨਚੇਤ ਦਿਹਾਂਤ ਨਾਲ ਜਿੱਥੇ ਪਰਵਾਰ ਵਾਲਿਆਂ ਨੂੰ ਭਾਰੀ ਸਦਮਾ ਪਹੁੰਚਿਆ, ਉੱਥੇ ਇਲਾਕੇ ਵਿਚ ਵੀ ਸੋਗ ਦੀ ਲਹਿਰ ਦੌੜ ਗਈ।ਲਵਜਿੰਦਰ ਸਿੰਘ ਦੇ ਅਚਨਚੇਤ ਦਿਹਾਂਤ 'ਤੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਪ੍ਰਧਾਨ ਕਾਂਗਰਸ ਕਮੇਟੀ ਜ਼ਿਲ੍ਹਾ ਫ਼ਿਰੋਜ਼ਪੁਰ, ਸਾਬਕਾ ਚੇਅਰਮੈਨ ਜਥੇ. ਗੁਰਮੇਜ ਸਿੰਘ ਬਾਹਰਵਾਲੀ, ਸੁਖਵਿੰਦਰ ਸਿੰਘ ਸਰਪੰਚ ਗੱਟਾ ਬਾਦਸ਼ਾਹ, ਸ਼ਿਵ ਸਾਗਰ ਸ਼ਰਮਾ ਪ੍ਰਧਾਨ ਕਾਂਗਰਸ ਕਮੇਟੀ ਬਲਾਕ ਮਖੂ, ਨਵੀਨ ਗਰੋਵਰ ਬੱਬੂ ਸਾਬਕਾ ਐਮਸੀ, ਨਰਿੰਦਰ ਮਹਿਤਾ ਸਾਬਕਾ ਐਮਸੀ, ਰਵੀ ਚੋਪੜਾ ਸਾਬਕਾ ਐਮਸੀ, ਲਵਜੀਤ ਸਿੰਘ ਬਾਹਰਵਾਲੀ, ਜਰਨੈਲ ਸਿੰਘ ਯੂਐਸਏ, ਰਛਪਾਲ ਸਿੰਘ ਸਰਪੰਚ ਦੀਨੇਕੇ, ਬੋਹੜ ਸਿੰਘ ਸਰਪੰਚ ਸੱਧਰਵਾਲਾ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਲਵਜਿੰਦਰ ਸਿੰਘ ਪਰਵਾਰ ਵਾਲਿਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਦਰਜਾਚਾਰ ਤੇ ਆਊਟ ਸੋਰਸ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆ ਕਰਨ ਦਾ ਦੋਸ਼

**ਧੂਰੀ (ਸੁਖਦੇਵ ਧੂਰੀ)**-ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (ਖੁਰਾਕ ਤੇ ਸਪਲਾਈਜ਼ ਵਿਭਾਗ ਸਟੇਟ ਸਬ ਕਮੇਟੀ ਪੰਜਾਬ) ਦੇ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਚੇਅਰਮੈਨ ਹਰਭਗਵਾਨ ਮੁਕਤਸਰ, ਜਨਰਲ ਸਕੱਤਰ ਬਲਜਿੰਦਰ ਸਿੰਘ ਪਟਿਆਲਾ, ਕਾਮਰੇਡ ਮੁਨਸ਼ੀ ਰਾਮ ਪਤੰਗਾ, ਸੀਨੀ: ਮੀਤ ਪ੍ਰਧਾਨ ਪ੍ਰਵੀਨ ਕੁਮਾਰ ਫ਼ਿਰੋਜ਼ਪੁਰ, ਵਿੱਤ ਸਕੱਤਰ ਐਸ.ਐਸ.ਯਾਦਵ, ਪਰਮਜੀਤ ਸਿੰਘ ਮਲੋਟ, ਵਾਈਸ ਪ੍ਰਧਾਨ ਗੁਰਮੀਤ ਸਿੰਘ ਮਿੱਡਾ ਸੰਗਰੂਰ, ਰਵੀ ਕੁਮਾਰ ਰਾਮਪੁਰਾ ?ਅਡੀ: ਜਨਰਲ ਸਕੱਤਰ ਹੰਸ ਰਾਜ ਦੀਦਾਰਗੜ੍ਹ, ਸੋਹਣ ਲਾਲ ਪੰਛੀ (ਫ਼ਾਜ਼ਿਲਕਾ) ਤੇ ਪ੍ਰਚਾਰ ਸਕੱਤਰ ਮਹਿੰਗਾ ਸਿੰਘ ਲੁਧਿਆਣਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਇੱਕ ਪਾਸੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਵਿਭਾਗਾਂ, ਨਿਗਮਾਂ ਅਤੇ ਬੋਰਡਾਂ ਅੰਦਰ ਸਮਾ ਕੇ ਪੱਕਾ ਕਰਨ ਦੇ ਬਿਆਨ ਦਾਗ ਰਹੀ ਹੈ, ਦੂਜੇ ਪਾਸੇ ਪਹਿਲੀਆਂ ਸਰਕਾਰਾਂ ਦੇ ਪਦ-ਚਿੰਨ੍ਹਾਂ 'ਤੇ ਚੱਲਦਿਆਂ ਆਊਟ ਸੋਰਸ ਪ੍ਰਣਾਲੀ ਨੂੰ ਜਾਰੀ ਰੱਖਣ ਦੀ ਨੀਤੀ ਜਾਰੀ ਰੱਖ ਰਹੀ ਹੈ। ਪੱਕਾ ਕਰਨ ਸਬੰਧੀ ਜਾਰੀ ਕੀਤੀ ਨਵੀਂ ਨੀਤੀ ਊਣਤਾਈਆਂ ਭਰਪੂਰ ਹੈ, ਜੋ ਕ੍ਰਮਚਾਰੀਆਂ ਦੇ ਹਿੱਤ ਵਿੱਚ ਨਹੀਂ, ਫੂਡ ਗ੍ਰੇਨ ਇਜੰਸੀਆਂ ਵਿੱਚ ਆਊਟ ਸੋਰਸਿੰਗ ਅਧੀਨ ਡਿਊਟੀ ਕਰਦੇ ਸਕਿਊਰਟੀ ਗਾਰਡਾਂ ਦਾ ਆਰਥਿਕ ਸੋਸ਼ਣ ਜੰਗੀ ਪੱਧਰ 'ਤੇ ਜਾਰੀ ਹੈ, ਮਾਰਚ 2020 ਤੋਂ ਵਧੀਆਂ ਉਜ਼ਰਤਾਂ ਦਾ ਬਕਾਇਆ ਪਨਗ੍ਰੇਨ ਅਧਿਕਾਰੀਆਂ/ਠੇਕਾ ਕੰਪਨੀਆਂ ਵੱਲੋਂ ਅਜੇ ਤੱਕ ਨਹੀਂ ਦਿੱਤਾ ਗਿਆ। ਕ੍ਰਮਚਾਰੀਆਂ ਦਾ ਲੱਖਾਂ ਰੁਪਏ ਦਾ ਬਕਾਇਆ ਪਨਗ੍ਰੇਨ ਦੇ ਅਧਿਕਾਰੀ ਦੱਬੀਂ ਬੈਠੇ ਹਨ। ਠੇਕਾ ਕੰਪਨੀਆਂ ਸਕਿਊਰਟੀ ਗਾਰਡਾਂ ਦਾ ਈਪੀਐਫ ਜਮ੍ਹਾਂ ਨਹੀਂ ਕਰਾ ਰਹੀਆਂ, ਪੁਰਾਣੇ ਕ੍ਰਮਚਾਰੀ ਛਾਂਟੀ ਕੀਤੇ ਜਾ ਰਹੇ ਹਨ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਇਸ ਬਾਰੇ ਕੰਨ ਟੇਢਾ ਕਰਕੇ ਅਣਸੁਣੀ ਕਰਦੇ ਆ ਰਹੇ ਹਨ। ਮੁਲਾਜ਼ਮ ਆਗੂ ਰਣਜੀਤ ਸਿੰਘ ਰਾਣਵਾਂ, ਬਲਜਿੰਦਰ ਸਿੰਘ ਪਟਿਆਲਾ, ਮੁਨਸ਼ੀ ਰਾਮ ਪਤੰਗਾ ਤੇ ਹੰਸਰਾਜ ਦੀਦਾਰਗੜ੍ਹ ਨੇ ਕਿਹਾ ਕਿ ਰੈਗੂਲਰ ਕੀਤੇ ਪੀ. ਆਰ.ਚੌਂਕੀਦਾਰਾਂ ਨੂੰ ਕੰਨਫਰਮ ਕਰਨਾ, ਸਵ: ਕ੍ਰਮਚਾਰੀਆਂ ਦੇ ਵਾਰਸਾਂ ਨੂੰ ਤਰਸ ਅਧਾਰਤ ਨੌਕਰੀ ਦੇਣਾ, ਯੋਗਤਾ ਰੱਖਦੇ ਦਰਜਾਚਾਰ ਕ੍ਰਮਚਾਰੀਆਂ ਨੂੰ ਦਰਜਾ-3 ਵਿੱਚ ਤਰੱਕੀ ਦੇਣਾ,ਦੂਰ ਦੁਰਾਡੇ ਜ਼ਿਲ੍ਹਿਆਂ ਵਿੱਚ ਬਦਲੇ ਪੀ ਆਰ ਚੌਂਕੀਦਾਰਾਂ (ਰੈਗੂਲਰ) ਨੂੰ ਪਿੱਤਰੀ ਜ਼ਿਲ੍ਹਿਆਂ ਵਿੱਚ ਅਡਜਸਟ ਕਰਨਾ, ਚੌਂਕੀਦਾਰਾਂ ਵਿੱਚੋਂ ਸੇਵਾਦਾਰ ਬਣਾਉਣਾ, ਜੁਲਾਈ 2015 ਤੋਂ ਦਸੰਬਰ 2015 ਤੱਕ 6% ਡੀਏ ਦਾ ਬਕਾਇਆ ਦੇਣਾ ਆਦਿ ਮੰਗਾਂ ਬਾਰੇ ਲਗਾਤਾਰ ਅਣਸੁਣੀ ਕੀਤੀ ਜਾ ਰਹੀ ਹੈ, ਜਿਸ ਕਾਰਨ ਕ੍ਰਮਚਾਰੀਆਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ। ਆਗੂਆਂ ਕਿਹਾ ਜੇਕਰ ਜਲਦੀ ਜਥੇਬੰਦੀ ਨਾਲ ਮੀਟਿੰਗ ਤੈਅ ਕਰਕੇ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ 16 ਅਪ੍ਰੈਲ ਨੂੰ ਡਾਇਰੈਕਟਰ ਖੁਰਾਕ ਤੇ ਸਪਲਾਈਜ਼ ਤੇ ਐਮ ਡੀ ਪਨਗ੍ਰੇਨ ਦੇ ਸਥਿਤ ਦਫ਼ਤਰ ਚੰਡੀਗੜ੍ਹ, ਅਨਾਜ ਭਵਨ ਅੱਗੇ ਕਾਲੇ ਚੋਲੇ ਪਾ ਕੇ ਨੁਮਾਇੰਦਾ ਰੋਸ ਧਰਨਾ ਦਿੱਤਾ ਜਾਵੇਗਾ।

## 120 ਪਰਵਾਰ ਹੋਏ ਅਕਾਲੀ ਦਲ 'ਚ ਸ਼ਾਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਦੀ ਅਗਵਾਈ ਚ ਪਿੰਡ ਮਰਾੜ੍ਹ ਕਲਾਂ ਦੇ 120 ਪਰਵਾਰ ਅਕਾਲੀ ਦਲ 'ਚ ਸ਼ਾਮਲ ਹੋ ਗਏ।ਇਸ ਮੌਕੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਗ਼ਰੀਬ ਪਰਵਾਰਾਂ ਦੇ ਲੋਕਾਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਵੱਲੋਂ ਕੀਤੇ ਝੂਠੇ ਪ੍ਰਚਾਰ ਤੇ ਗੱਲਾਂ 'ਚ ਆ ਗਏ। ਪਰ ਦੋ ਸਾਲ ਸਰਕਾਰ ਬਣੇ ਹੋਣ ਮਗਰੋਂ 'ਆਪ' ਨੇ ਕਿਸੇ ਵਰਗ ਦਾ ਕੰਮ ਨਹੀਂ ਕੀਤਾ, ਜਿਸ ਕਰਕੇ ਉਨ੍ਹਾਂ ਅਕਾਲੀ ਦਲ ਦਾ ਪੱਲਾ ਫੜ ਲਿਆ ਤੇ ਹਨੀ ਬਰਾੜ ਫੱਤਣਵਾਲਾ ਦੀ ਪ੍ਰੇਰਣਾ ਸਦਕਾ ਪਾਰਟੀ 'ਚ ਸ਼ਾਮਲ ਹੋ ਗਏ।

## ਕਿੰਡਰਗਾਰਟਨ ਦਾ ਗ੍ਰੈਜੂਏਸ਼ਨ ਸਮਾਰੋਹ ਕਰਾਇਆ




**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਕਿੰਡਰਗਾਰਟਨ ਦੇ ਗ੍ਰੈਜੂਏਸ਼ਨ ਸਮਾਰੋਹ ਦਾ ਆਯੋਜਨ ਐਮ.ਪੀ.ਵਿੱਚ ਸਕੂਲ ਦੇ ਸੀਨੀਅਰ ਕਾਰਜਕਾਰੀ ਬਲਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਕਰਾਇਆ ਗਿਆ।ਸਮਾਗਮ ਦੀ ਸ਼ੁਰੂਆਤ ਜੀ ਆਇਆਂ ਦੇ ਗੀਤ ਨਾਲ ਹੋਈ ਤੇ ਇਸ ਤੋਂ ਬਾਅਦ ਡਾਇਰੈਕਟਰ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ ਦਾ ਸੰਬੋਧਨ ਹੋਇਆ।ਉਨ੍ਹਾਂ ਇਸ ਸਮਾਰੋਹ ਦੀ ਮਹੱਤਤਾ ਬਾਰੇ ਦੱਸਿਆ ਤੇ ਮਾਪਿਆਂ ਦੇ ਸਹਿਯੋਗ ਲਈ ਧੰਨਵਾਦ ਕੀਤਾ, ਜੋ ਹਮੇਸ਼ਾ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਲਈ ਕਰਦੇ ਹਨ।7ਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਕਿੱਟ ਪੇਸ਼ ਕੀਤੀ ਗਈ, ਜਿਸ ਨੂੰ ਸਾਰਿਆਂ ਨੇ ਪਸੰਦ ਕੀਤਾ।ਸਕੂਲ ਦੇ ਸੀਨੀਅਰ ਕਾਰਜਕਾਰੀ ਸ਼੍ਰੀ ਬਲਵਿੰਦਰ ਸਿੰਘ ਨੇ ਮੰਚ ਸੰਚਾਲਨ ਕੀਤਾ, ਜਿਸ ਨੇ ਸਾਰਿਆਂ ਨੂੰ ਖ਼ੁਸ਼ ਅਤੇ ਰੋਮਾਂਚਿਤ ਕੀਤਾ।ਸ੍ਰੀਮਤੀ ਕਮਲ ਨੇ ਲੜੀਵਾਰ ਵਿਦਿਆਰਥੀਆਂ ਦੇ ਨਾਵਾਂ ਦਾ ਐਲਾਨ ਕੀਤਾ।ਡਾਇਰੈਕਟਰ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ, ਸੀਨੀਅਰ ਕੋਆਰਡੀਨੇਟਰ ਸ਼੍ਰੀਮਤੀ ਮੀਨਾ ਸੈਣੀ, ਜੂਨੀਅਰ ਕੋਆਰਡੀਨੇਟਰ ਸ਼੍ਰੀਮਤੀ ਰੀਮਾ ਅੰਗਰੀਸ਼, ਪ੍ਰੀ-ਪ੍ਰਾਇਮਰੀ ਕੋਆਰਡੀਨੇਟਰ ਸ਼੍ਰੀਮਤੀ ਅਮਨ ਅਤੇ ਸੀਨੀਅਰ ਕਾਰਜਕਾਰੀ ਸ਼੍ਰੀ ਬਲਵਿੰਦਰ ਸਿੰਘ ਵੱਲੋਂ ਸਰਟੀਫਿਕੇਟ, ਡਿਗਰੀਆਂ ਤੇ ਸਨਮਾਨ ਚਿੰਨ੍ਹ ਦਿੱਤੇ ਗਏ।

## ਤਰਕਸ਼ੀਲਾਂ ਨੇ ਮਾਨਸਿਕ ਰੋਗਾਂ 'ਤੇ ਸੈਮੀਨਾਰ ਕਰਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਸਮਾਜ 'ਚੋਂ ਅੰਧ ਵਿਸ਼ਵਾਸ, ਵਹਿਮ ਭਰਮ, ਸਮਾਜਿਕ ਬੁਰਾਈਆਂ, ਗੈਰ ਵਿਗਿਆਨਕ ਵਰਤਾਰਿਆਂ ਤੇ ਮਾਨਸਿਕ ਰੋਗਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਖਤਮ ਕਰਨ ਲਈ ਪਿਛਲੇ ਚਾਰ ਦਹਾਕਿਆਂ ਤੋਂ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਮਾਨਸਿਕ ਰੋਗਾਂ ਦੇ ਕਾਰਨ ਤੇ ਇਲਾਜ ਦੀ ਜਾਣਕਾਰੀ ਦੇਣ ਹਿੱਤ ਈਟਿੰਗ ਮਾਲ ਵਿਖੇ ਇਕਾਈ ਮੁਖੀ ਸੁਰਿੰਦਰ ਪਾਲ ਤੇ ਜੋਨ ਮੁਖੀ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਸੈਮੀਨਾਰ ਕਰਾਇਆ ਗਿਆ।ਜ਼ੋਨ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਵੱਲੋਂ ਸੈਮੀਨਾਰ ਵਿੱਚ ਸ਼ਾਮਲ ਸਾਰਿਆਂ ਨੂੰ ਜੀ ਆਇਆਂ ਕਹਿਣ ਉਪਰੋਕਤ ਪਹਿਲੇ ਮੁੱਖ ਬੁਲਾਰੇ ਮਾਨਸਿਕ ਰੋਗ ਮਾਹਿਰ ਡਾਕਟਰ ਪਾਵੇਲ ਸਿੰਘ ਜਟਾਣਾ ਨੇ ਵੱਖ-ਵੱਖ ਮਾਨਸਿਕ ਬੀਮਾਰੀਆਂ ਉਦਾਸੀ, ਚਿੰਤਾ, ਫੋਬੀਆ, ਸ਼ੀਜੋਫਰੇਨੀਆ, ਓ ਸੀ ਡੀ ਆਦਿ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਮਾਨਸਿਕ ਰੋਗਾਂ ਨੂੰ ਠੀਕ ਕਰਵਾਉਣ ਸਮੇਂ ਡਾਕਟਰ ਦੇ ਦੱਸੇ ਅਨੁਸਾਰ ਹੀ ਦਵਾਈ ਲੈਣੀ ਚਾਹੀਦੀ ਹੈ ।ਪੂਰਨ ਇਲਾਜ ਪੂਰੀ ਦਵਾਈ ਨਾਲ ਹੀ ਸੰਭਵ ਹੁੰਦਾ ਹੈ।ਮਾਨਸਿਕ ਰੋਗਾਂ ਦਾ ਪ੍ਰਗਟਾਅ ਹੌਲੀ-ਹੌਲੀ ਹੁੰਦਾ ਹੈ ਤੇ ਕਈ ਵਾਰ ਇਨ੍ਹਾਂ ਦਾ ਇਲਾਜ ਵੀ ਵੱਧ ਸਮਾਂ ਲੈ ਜਾਂਦਾ ਹੈ।ਦੂਜੇ ਬੁਲਾਰੇ ਸਾਈਕੋਲੋਜਿਸਟ ਡਾਕਟਰ ਸ਼ਿਲਪਾ ਨੇ ਮਨ ਦਾ ਮਨੋ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਮਨ ਉਤੇ ਛੋਟੀ ਉਮਰ ਤੋਂ ਹੀ ਹਰ ਛੋਟੀ ਵੱਡੀ ਗੱਲ ਦਾ ਅਸਰ ਹੁੰਦਾ ਹੈ।ਉਨ੍ਹਾਂ ਕਿਹਾ ਕਿ ਮਾਨਸਿਕ ਬਿਮਾਰੀਆਂ ਕਾਰਨ ਮਨੋਵਿਗਿਆਨਕ, ਪਰਿਵਾਰਕ, ਆਰਥਿਕ, ਸਮਾਜਿਕ, ਸਰੀਰਕ ਆਦਿ ਹੁੰਦੇ ਹਨ।ਸਵਰਨਜੀਤ ਸਿੰਘ ਦੱਸਿਆ ਕਿ ਕਿਵੇਂ ਸਿਹਤ ਪ੍ਰਬੰਧ ਉਪਰ ਤੋਂ ਹੇਠਾਂ ਤੱਕ ਵਿਗੜਿਆ ਹੋਇਆ ਹੈ, ਜਿਸ ਕਰਕੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨਸ਼ੀਲੀਆਂ ਦਵਾਈਆਂ ਬਣਾ ਕੇ ਲੋਕਾਂ ਨੂੰ ਨਸ਼ੇੜੀ ਬਣਾ ਰਹੀਆਂ ਹਨ।ਉਨ੍ਹਾਂ ਤੰਦਰੁਸਤ ਸਿਹਤ ਸੰਬੰਧੀ ਉਪਜਾਊ ਵਿਚਾਰ ਵੀ ਰੱਖੇ। ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਪੀੜਤ ਪਰਵਾਰਾਂ ਦੇ ਮਾਨਸਿਕ ਸਮੱਸਿਆਵਾਂ ਤੇ ਰਹੱਸਮਈ ਜਾਪਦੀਆਂ ਘਟਨਾਵਾਂ ਦੇ ਕੇਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

### ਕੁੱਲਰੀਆਂ ਜ਼ਮੀਨ ਮਾਮਲਾ

## ਐੱਸ ਐੱਸ ਪੀ ਤੇ ਡੀ ਸੀ ਦਫ਼ਤਰ ਦੇ ਘਿਰਾਉ ਦੀਆਂ ਤਿਆਰੀਆਂ ਮੁਕੰਮਲ : ਮਨਜੀਤ ਧਨੇਰ

**ਬੁਢਲਾਡਾ (ਅਸ਼ੋਕ ਲਾਕੜਾ)**



ਪਾਰਲੀਮੈਂਟ ਦੀਆਂ ਚੋਣਾਂ ਦੇ ਐਲਾਨ ਦੇ ਨਾਲ ਹੀ ਪੰਜਾਬ ਵਿੱਚ ਕਿਸਾਨੀ ਘੋਲਾਂ ਨੇ ਨਵਾਂ ਵੇਗ ਅਖਤਿਆਰ ਕਰ ਲਿਆ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਵੱਲੋਂ ਸੂਬਾ ਕਮੇਟੀ ਦੀ ਅਗਵਾਈ ਵਿੱਚ ਮਾਨਸਾ ਜ਼ਿਲ੍ਹੇ ਅੰਦਰ ਕੁੱਲਰੀਆਂ ਪਿੰਡ ਦੇ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਲਈ ਲੜੇ ਜਾ ਰਹੇ ਘੋਲ ਦੀ ਕਮਾਨ ਖੁਦ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਸੰਭਾਲ ਲਈ ਹੈ।

ਪਿਛਲੇ 7 ਦਿਨਾਂ ਤੋਂ ਮਾਨਸਾ ਜ਼ਿਲ੍ਹੇ ਦੇ ਸਾਰੇ ਬਲਾਕਾਂ ਦੇ ਦਰਜਣਾਂ ਪਿੰਡਾਂ ਵਿੱਚ ਵੱਡੀਆਂ ਮੀਟਿੰਗਾਂ ਹੋਈਆਂ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ।ਇਨ੍ਹਾਂ ਮੀਟਿੰਗਾਂ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ-ਮਜ਼ਦੂਰ ਅਤੇ ਬੀਬੀਆਂ ਸ਼ਾਮਲ ਹੋ ਰਹੀਆਂ ਹਨ।ਮੀਟਿੰਗਾਂ ਨੂੰ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ, ਬਲਵਿੰਦਰ ਸ਼ਰਮਾ ਖਿਆਲਾ, ਦੇਵੀ ਰਾਮ ਰੰਘੜਿਆਲ ਅਤੇ ਬਲਕਾਰ ਸਿੰਘ ਚਹਿਲਾਂ ਵਾਲੀ ਸੰਬੋਧਨ ਕਰ ਰਹੇ ਹਨ।ਪਿੰਡ ਖਿਆਲਾ ਕਲਾਂ, ਪੇਰੋਂ, ਅਨੂਪਗੜ੍ਹ, ਅਲੀਸ਼ੇਰ, ਬੋਹਾ, ਕੁੱਲਰੀਆਂ, ਬਹਾਦਰਪੁਰ, ਕਿਸ਼ਨਗੜ੍ਹ, ਅਹਿਮਦਪੁਰ, ਰੱਲਾ, ਰੜ੍ਹ, ਅਤਲਾ ਕਲਾਂ, ਕੋਟੜਾ ਕਲਾਂ, ਬੋਹਾ, ਚੱਕ ਅਲੀਸ਼ੇਰ, ਬਰ੍ਹੇ, ਮੱਲ ਸਿੰਘ ਵਾਲਾ, ਮੰਡੇਰਨਾ, ਹੁੱਲਕ, ਰਾਮਾਨੰਦੀ, ਘੁੱਦੂਵਾਲਾ, ਕੁੱਲਰੀਆਂ ਤੇ ਖਿਆਲੀ ਚਹਿਲਾਂ ਵਾਲੀ ਵਿਖੇ ਹੋਈਆਂ ਮੀਟਿੰਗਾਂ 'ਚ ਹੋਏ ਇਕੱਠ ਵਰਨਣਯੋਗ ਹਨ।ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਦੱਸਿਆ ਕਿ ਵੱਖ ਵੱਖ ਜ਼ਿਲ੍ਹਿਆਂ ਦੀਆਂ ਰਿਪੋਰਟਾਂ ਅਨੁਸਾਰ ਮਾਨਸਾ ਤੋਂ ਇਲਾਵਾ ਬਰਨਾਲਾ, ਬਠਿੰਡਾ, ਮੋਗਾ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਲੁਧਿਆਣਾ, ਮੁਕਤਸਰ ਸਾਹਿਬ, ਮੁਹਾਲੀ, ਕਪੂਰਥਲਾ, ਮਲੇਰਕੋਟਲਾ ਅਤੇ ਸੰਗਰੂਰ ਵਿਖੇ ਇਸੇ ਤਰ੍ਹਾਂ ਮੀਟਿੰਗਾਂ ਕਰ ਕੇ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਹਨ। 2 ਅਪ੍ਰੈਲ ਨੂੰ ਹਜ਼ਾਰਾਂ ਕਿਸਾਨ ਅਤੇ ਬੀਬੀਆਂ ਮਾਨਸਾ ਵਿਖੇ ਪ੍ਰਸ਼ਾਸਨ ਦਾ ਘਿਰਾਓ ਕਰਨ ਲਈ ਤਿਆਰੀਆਂ ਵਿੱਚ ਜੁਟੇ ਹੋਏ ਹਨ।ਦੱਸਣਯੋਗ ਹੈ ਕਿ ਮਾਨਸਾ ਜ਼ਿਲੇ ਅੰਦਰ ਮੁਰੱਬੇਬੰਦੀ ਵਿਭਾਗ ਵੱਲੋਂ ਕਿਸਾਨਾਂ ਨੂੰ ਅਲਾਟ ਕੀਤੀ ਜ਼ਮੀਨ ਖੋਹਣ ਲਈ ਲੱਗਭੱਗ 16 ਪਿੰਡਾਂ ਦੀਆਂ ਪੰਚਾਇਤਾਂ ਨੂੰ ਨੋਟਿਸ ਜਾਰੀ ਕੀਤੇ ਹੋਏ ਹਨ। ਪਿੰਡ ਕੁੱਲਰੀਆਂ ਦੀ ਜ਼ਮੀਨ ਤੇ ਕਬਜ਼ਾ ਕਰਨ ਲਈ ਪੰਚਾਇਤ ਤੇ ਪ੍ਰਸ਼ਾਸਨ ਨੇ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਹਨ।ਇਸ ਦੌਰਾਨ ਕਿਸਾਨਾਂ 'ਤੇ ਜਾਨਲੇਵਾ ਹਮਲੇ ਵੀ ਹੋਏ ਹਨ ਅਤੇ ਲਗਭਗ ਇੱਕ ਸਾਲ ਤੋਂ ਇਹ ਘੋਲ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ।6 ਜਨਵਰੀ ਤੋਂ ਡੀਐਸਪੀ ਬੁਢਲਾਡਾ ਦੇ ਦਫਤਰ ਅੱਗੇ ਪੱਕਾ ਮੋਰਚਾ ਸ਼ਾਂਤਮਈ ਜਾਰੀ ਹੈ।ਮਾਨਸਾ ਦੇ ਐਸਐਸਪੀ ਅਤੇ ਡੀਸੀ ਵੱਲੋਂ ਕਿਸਾਨਾਂ ਨਾਲ ਵਾਅਦਾ ਕਰਨ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਹੋ ਰਹੀ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਆਦਮੀ ਪਾਰਟੀ ਦੀ ਸਿਆਸੀ ਸ਼ਹਿ ਤੇ ਗੁੰਡਿਆਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਜਿਵੇਂ ਪੰਜਾਬ ਵਿੱਚ ਇਤਿਹਾਸਕ ਪੈਪਸੂ ਮੁਜ਼ਾਰਾ ਲਹਿਰ ਜ਼ਮੀਨੀ ਘੋਲ ਲੜਿਆ ਗਿਆ ਸੀ, ਬਿਲਕੁੱਲ ਉਸੇ ਤਰ੍ਹਾਂ ਇਹ ਘੋਲ ਵੀ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਣ ਲਈ ਲੜਿਆ ਜਾ ਰਿਹਾ ਇਤਿਹਾਸਕ ਘੋਲ ਸਾਬਤ ਹੋਵੇਗਾ।2 ਅਪ੍ਰੈਲ ਨੂੰ ਮਾਨਸਾ ਦੇ ਜ਼ਿਲ੍ਹਾ ਪ੍ਰਸ਼ਾਸਨ ਦੇ ਘਿਰਾਓ ਸਮੇਂ ਕੀਤੇ ਜਾਣ ਵਾਲਾ ਇਹ ਇਕੱਠ ਇਤਿਹਾਸਕ ਹੋਵੇਗਾ ਅਤੇ ਸਰਕਾਰਾਂ ਨੂੰ ਦੱਸ ਦੇਵੇਗਾ ਕਿ ਕਿਸਾਨ ਆਪਣੀ ਜ਼ਮੀਨ ਦਾ ਕਬਜ਼ਾ ਕਿਸੇ ਵੀ ਹਾਲਤ ਵਿੱਚ ਨਹੀਂ ਛੱਡਣਗੇ।ਪ੍ਰਸ਼ਾਸਨ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਸਾਡੇ ਘੋਲ ਨੂੰ ਲਮਕਾ ਕੇ ਕੁਲਰੀਆਂ ਦੇ ਕਿਸਾਨਾਂ ਅਤੇ ਜਥੇਬੰਦੀ ਦੇ ਸਿਦਕ ਦੀ ਪਰਖ਼ ਕਰਨਾ ਚਾਹੁੰਦੀ ਹੈ। ਆਗੂਆਂ ਨੇ ਦੱਸਿਆ ਕਿ ਇਹ ਘੋਲ ਦਿੱਲੀ ਦੇ ਘੋਲ ਦੀ ਤਰਜ਼ 'ਤੇ ਭਾਵੇਂ ਜਿੰਨਾ ਮਰਜ਼ੀ ਲੰਬਾ ਚੱਲੇ, ਪਰ ਖ਼ਤਮ ਜੇਤੂ ਜੈਕਾਰਿਆਂ ਨਾਲ ਹੀ ਹੋਵੇਗਾ।2 ਅਪ੍ਰੈਲ ਨੂੰ ਹੀ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

## ਨਸ਼ੇ ਦੀਆਂ 600 ਗੋਲੀਆਂ ਸਮੇਤ ਕਾਰ ਚਾਲਕ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਸਵਿਫਟ ਕਾਰ ਚਾਲਕ ਨੂੰ ਨਸ਼ੇ ਦੀਆਂ 600 ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਹੰਸਾਲੀ ਰੋਡ 'ਤੇ ਚੈਕਿੰਗ ਕਰ ਰਹੀ ਥਾਣੀ ਥਾਣਾ ਬਡਾਲੀ ਆਲਾ ਸਿੰਘ ਦੀ ਇੱਕ ਪੁਲਸ ਪਾਰਟੀ ਨੂੰ ਇੱਕ ਸਵਿਫਟ ਕਾਰ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਜਦੋਂ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਕਾਰ ਚਾਲਕ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਬੈਰੀਕੇਡ ਅੱਗੇ ਲਗਾ ਕੇ ਕਾਰ ਨੂੰ ਰੋਕਿਆ ਗਿਆ।ਕਾਰ ਚਾਲਕ ਨੇ ਆਪਣੀ ਪਛਾਣ ਆਕਾਸ਼ਦੀਪ ਸਿੰਘ ਵਾਸੀ ਖੰਨਾ ਵਜੋਂ ਦੱਸੀ।ਸਬ ਇੰਸਪੈਕਟਰ ਸੁਖਵਿੰਦਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਕਾਰ 'ਚੋਂ 600 ਗੋਲੀਆਂ ਲੋਮੋਟਿਲ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 22ਬੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ ਮੁੱਕਦਮੇ ਚ ਅਕਾਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਅੰਤਰਰਾਸ਼ਟਰੀ ਮਹਿਲਾ ਦਿਵਸ ਸੰਬੰਧੀ ਵਿਸ਼ੇਸ਼ ਲੈਕਚਰ ਕਰਾਇਆ



**ਦੋਰਾਹਾ (ਹਰਮਿੰਦਰ ਸੇਠ)**-ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ, ਜਿਸ ਵਿੱਚ ਸਪੀਕਰ ਡਾ. ਅੰਕਦੀਪ ਕੌਰ ਅਟਵਾਲ (ਮੁਖੀ ਅੰਗਰੇਜ਼ੀ ਵਿਭਾਗ) ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ ਵੱਲੋਂ ਇੱਕ ਵਿਚਾਰ ਉਤਸ਼ਾਹਤ ਲੈਕਚਰ ਦਿੱਤਾ ਗਿਆ।ਉਨਾਂ ਦੁਆਰਾ Gender Equality: Empowerment or Another form of Dominance ਸੰਬੰਧੀ ਮਰਦ ਤੇ ਔਰਤ ਦੀ ਬਰਾਬਰੀ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ ਗਏ।ਇਹ ਲੈਕਚਰ ਪ੍ਰੋ. ਅਗਮਜਯੋਤ ਕੌਰ ਟਿਵਾਣਾ (ਮੁਖੀ ਇਤਿਹਾਸ ਵਿਭਾਗ) ਦੁਆਰਾ ਆਯੋਜਤ ਤੇ ਪ੍ਰੋ. ਸੰਦੀਪ ਕੌਰ ਚੀਮਾ (ਰਾਜਨੀਤੀ ਵਿਗਿਆਨ ਵਿਭਾਗ) ਦੁਆਰਾ ਸੰਚਾਲਤ ਕੀਤਾ ਗਿਆ।ਸਮਾਗਮ ਵਿੱਚ ਕਾਲਜ ਦੇ ਬੀ.ਏ. ਅਤੇ ਬੀ.ਕਾਮ.ਭਾਗ ਤੀਜਾ ਦੇ ਵਿਦਿਆਰਥੀਆਂ ਤੇ ਸਮੁੱਚੇ ਸਟਾਫ਼ ਨੇ ਸ਼ਮੂਲੀਅਤ ਕੀਤੀ।ਸਮਾਗਮ ਦੀ ਸਮਾਪਤੀ ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੁਆਰਾ ਡਾ. ਅੰਕਦੀਪ ਕੌਰ ਅਟਵਾਲ ਦੇ ਲਈ ਧੰਨਵਾਦੀ ਸ਼ਬਦਾਂ ਨਾਲ ਹੋਈ।

## ਬ੍ਰੇਨ ਪੀਡੀਆ ਨੂੰ ਤਰਕਸ਼ੀਲਾਂ ਦੀ ਚੁਣੌਤੀ ਸਵੀਕਾਰ ਕਰਨ ਦੀ ਸਲਾਹ : ਜਗਤਾਰ ਸਿੰਘ

### ਅੱਖਾਂ ਬੰਦ ਕਰਕੇ ਪੜ੍ਹਨ ਵਾਲੇ ਜਿੱਤ ਲੈਣ 5 ਲੱਖ ਦਾ ਨਕਦ ਇਨਾਮ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਦੇਸ਼ ਵਿਚ ਗਿਆਨ ਵਿਗਿਆਨ ਤੇ ਤਕਨੀਕੀ ਵਿਦਿਆ ਦੇ ਪ੍ਰਚਾਰ-ਪ੍ਰਸਾਰ ਹਿਤ ਸਮਾਜਿਕ ਚੇਤਨਾ ਪੈਦਾ ਕਰ ਰਹੇ ਤਰਕਸ਼ੀਲ ਆਗੂਆਂ ਵੱਲੋਂ ਬ੍ਰੇਨ ਪੀਡੀਆ (ਅੱਖਾਂ ਬੰਦ ਕਰਕੇ ਪੜ੍ਹਨ) ਦੇ ਆਗੂਆਂ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਗਿਆ ਕਿ ਜੇਕਰ ਕਿਸੇ ਕੋਲ ਸੱਚਮੁੱਚ ਅਜਿਹੀ ਦੈਵੀ ਸ਼ਕਤੀ ਹੈ ਤਾਂ ਉਹ ਤਰਕਸ਼ੀਲ ਸੁਸਾਇਟੀ ਦੀਆਂ ਸ਼ਰਤਾਂ ਅਨੁਸਾਰ ਉਹ ਆਪਣੀ ਚਮਤਕਾਰੀ ਸ਼ਕਤੀ ਜਨਤਕ ਤੌਰ 'ਤੇ ਸਾਬਤ ਕਰਕੇ ਸੁਸਾਇਟੀ ਤੋਂ 5 ਲੱਖ ਰੁਪਏ ਨਕਦ ਇਨਾਮ ਜਿੱਤ ਸਕਦੇ ਹਨ। ਤਰਕਸ਼ੀਲ ਸੁਸਾਇਟੀ ਦੇ ਪ੍ਰਮੁੱਖ ਆਗੂ ਪੁਸ਼ਪਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਧਰਮ ਦੇ ਨਾਂਅ 'ਤੇ ਪਾਖੰਡ ਅਤੇ ਅੰਧ-ਵਿਸ਼ਵਾਸ ਫੈਲਾਉਣ ਵਾਲਿਆਂ ਨੂੰ ਖੁੱਲ੍ਹੀ ਚੁਣੌਤੀ ਹੈ ਕਿ ਜੇਕਰ ਕਿਸੇ ਕੋਲ ਸੱਚਮੁੱਚ ਅਜਿਹੀ ਦੈਵੀ ਸ਼ਕਤੀ ਹੈ ਤਾਂ ਉਹ ਤਰਕਸ਼ੀਲ ਸੁਸਾਇਟੀ ਦੀਆਂ ਸ਼ਰਤਾਂ ਅਨੁਸਾਰ ਇਹ ਇਨਾਮ ਜਿੱਤ ਕੇ ਤਰਕਸ਼ੀਲਾਂ ਨੂੰ ਜਨਤਕ ਤੌਰ ਤੇ ਹਰਾ ਸਕਦਾ ਹੈ। ਤਰਕਸ਼ੀਲ ਆਗੂਆਂ ਨੇ ਚੁਣੌਤੀ ਦਿੱਤੀ ਕਿ ਜੇਕਰ ਕੋਈ ਟ੍ਰੇਨਰ ਜੋ ਅੱਖਾਂ ਬੰਦ ਕਰਕੇ ਪੜ੍ਹਨਾ ਸਿਖਾਉਣ ਦਾ ਦਾਅਵਾ ਕਰਦਾ ਹੈ, ਉਹ ਖੁਦ ਵੀ ਇੰਝ ਪੜ੍ਹ ਕੇ ਦਿਖਾ ਦੇਵੇ ਤਾਂ ਸੁਸਾਇਟੀ ਉਸ ਨੂੰ ਵੀ 5 ਲੱਖ ਰੁਪਏ ਦਾ ਨਕਦ ਇਨਾਮ ਦੇਵੇਗੀ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸਾਡਾ ਉਦੇਸ਼ ਕਿਸੇ ਦੀਆਂ ਨਿੱਜੀ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣਾ ਨਹੀਂ, ਸਗੋਂ ਅਸੀਂ ਸਮਾਜ ਵਿੱਚੋ ਅੰਧ-ਵਿਸ਼ਵਾਸ ਤੇ ਪਾਖੰਡ ਫੈਲਾਉਣ ਵਾਲਿਆਂ ਨੂੰ ਬੇਨਕਾਬ ਕਰਨ ਲਈ ਦ੍ਰਿੜ ਸੰਕਲਪ ਨਾਲ ਕੰਮ ਕਰ ਰਹੇ ਹਾਂ। ਤਰਕਸ਼ੀਲ ਆਗ ਜਗਤਾਰ ਸਿੰਘ, ਰਣਧੀਰ ਲੰਬੀ, ਗੁਰਸੇਵਕ ਲੰਬੀ, ਕ੍ਰਿਸ਼ਨ ਕਾਇਤ, ਪਵਨ ਕੁਮਾਰ, ਸੁੱਖ ਦਿਆਲ ਅਤੇ ਮਲਕੀਤ ਸਿੰਘ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਸਮੇਤ ਅਖਬਾਰਾਂ 'ਚ ਖਬਰ ਪ੍ਰਕਾਸ਼ਤ ਕੀਤੀ ਗਈ ਕਿ ਇਕ ਲੜਕੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੜ੍ਹਣ ਅਤੇ ਰੰਗਾਂ ਨੂੰ ਪਛਾਣਨ ਦੀ ਸ਼ਕਤੀ ਰੱਖਦੀ ਹੈ। ਉਨ੍ਹਾਂ ਇਸ ਦਾਅਵੇ ਨੂੰ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਸੰਵਿਧਾਨ ਦੀ ਧਾਰਾ 51 ਏ (ਐਚ) ਅਨੁਸਾਰ ਅੰਧਵਿਸ਼ਵਾਸ ਫੈਲਾਉਣਾ ਤੇ ਦੈਵੀ ਸ਼ਕਤੀ ਦੇ ਝੂਠੇ ਦਾਅਵੇ ਕਰਨਾ ਕਾਨੂੰਨੀ ਜੁਰਮ ਹੈ।ਤਰਕਸ਼ੀਲ ਆਗੂਆਂ ਨੇ ਕਿਹਾ ਕਿ ਪਹਿਲਾਂ ਵੀ ਇੱਕ ਟਰੇਨਰ ਨੇ ਅੱਖਾਂ ਬੰਦ ਕਰਕੇ ਬੱਚਿਆਂ ਨੂੰ ਪੜ੍ਹਨਾ ਸਿਖਾਉਣ ਦਾ ਦਾਅਵਾ ਕਰਕੇ ਸਿਖਲਾਈ ਕੈਂਪ ਦੇ ਨਾਂਅ 'ਤੇ ਮੋਟੀਆਂ ਫੀਸਾਂ ਵਸੂਲ ਕੇ ਲੋਕਾਂ ਨਾਲ ਠੱਗੀ ਮਾਰੀ ਤਾਂ ਬੁੱਧੀਜੀਵੀਆਂ ਦੀ ਮਦਦ ਨਾਲ ਤਰਕਸ਼ੀਲ ਇਕਾਈ ਕਾਲਾਂਵਾਲੀ ਅਤੇ ਡੱਬਵਾਲੀ ਦੀ ਟੀਮ ਨੇ 16 ਜੂਨ 2015 ਨੂੰ ਉਸ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਅਤੇ ਥਾਣੇ 'ਚ ਹੋਈ ਪੰਚਾਇਤ ਵਿੱਚ ਉਸ ਨੇ ਸਾਰੇ ਲੋਕਾਂ ਦੇ ਪੈਸੇ ਵਾਪਸ ਕਰ ਕੇ ਲਿਖਤੀ ਮੁਆਫ਼ੀ ਮੰਗ ਕੇ ਖਹਿੜਾ ਛੁਡਵਾਇਆ ਸੀ।

## ਨਾਬਾਲਗ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ 'ਚ ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਨੌਜਵਾਨ ਖਿਲਾਫ਼ 363, 366-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਾਬਾਲਿਗ ਲੜਕੀ ਦੇ ਪਿਤਾ ਨੇ ਦੱਸਿਆ ਕਿ 29 ਮਾਰਚ ਨੂੰ ਉਹ ਸਮੇਤ ਪਰਿਵਾਰ ਕਰੀਬ 8-9 ਵਜੇ ਰੋਟੀ ਪਾਣੀ ਖਾ ਕੇ ਸੌਂ ਗਏ ਸੀ ਤੇ ਜਦ ਉਹ ਸਾਢੇ 3 ਵਜੇ ਬਾਥਰੂਮ ਲਈ ਉੱਠਿਆ ਤਾਂ ਉਸ ਨੇ ਵੇਖਿਆ ਕਿ ਉਸ ਦੀ ਨਾਬਾਲਿਗ ਲੜਕੀ ਉਮਰ 17 ਸਾਲ 3 ਮਹੀਨੇ ਆਪਣੇ ਘਰ ਵਿਚ ਨਹੀਂ ਸੀ, ਜਿਸ ਦੀ ਭਾਲ ਕਰਨ ਤੇ ਨਹੀਂ ਮਿਲੀ। ਨਾਬਾਲਗ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਸ ਨੂੰ ਯਕੀਨ ਹੈ ਕਿ ਦੋਸ਼ੀ ਆਰਿਅਨ ਪੁੱਤਰ ਵਿੱਕੀ ਉਸ ਦੀ ਨਾਬਾਲਗ ਲੜਕੀ ਨੂੰ ਵਿਆਹ ਕਰਾਉਣ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਲੋਕ ਸੇਵਾ ਸੁਸਾਇਟੀ ਨੇ ਅੱਖਾਂ ਦਾ ਫ੍ਰੀ ਚੈੱਕਅੱਪ ਤੇ ਅਪਰੇਸ਼ਨ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**

ਲੋਕ ਸੇਵਾ ਸੁਸਾਇਟੀ ਵੱਲੋਂ 50ਵਾਂ ਅੱਖਾਂ ਦਾ ਫ਼੍ਰੀ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਐੱਲ ਆਰ ਡੀ ਏ ਵੀ ਕਾਲਜ ਵਿਖੇ ਲਾਇਆ ਗਿਆ। ਏ ਪੀ ਰਿਫੈਂਡਰੀ ਦੇ ਸਹਿਯੋਗ ਨਾਲ ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਲਾਏ ਅੱਖਾਂ ਦੇ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਦਾ ਉਦਘਾਟਨ ਕਰਦਿਆਂ ਏ ਪੀ ਰਿਫੈਂਡਰੀ ਦੇ ਐੱਮ ਡੀ ਰਵੀ ਗੋਇਲ, ਅਰੁਣ ਗੋਇਲ, ਅਸ਼ੋਕ ਗਰਗ ਡੱਬਵਾਲੀ ਤੇ ਭੁਵਨ ਗੋਇਲ ਨੇ ਲੋਕ ਸੇਵਾ ਸੁਸਾਇਟੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਨਿਰਵਿਘਨ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਰੱਜ ਕੇ ਤਾਰੀਫ਼ ਕਰਦਿਆਂ ਉਨ੍ਹਾਂ ਵੱਲੋਂ ਦੋ ਸਾਲ ਵਿੱਚ ਮੁਫ਼ਤ ਅੱਖਾਂ ਦੇ ਕੈਂਪ ਲਾਉਣ ਤੋਂ ਇਲਾਵਾ ਸੁਸਾਇਟੀ ਕੰਮਾਂ ਵਿੱਚ ਹਰੇਕ ਕਿਸਮ ਦਾ ਯੋਗਦਾਨ ਪਾਉਣ ਦਾ ਐਲਾਨ ਵੀ ਕੀਤਾ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਮਨੋਹਰ ਸਿੰਘ ਟੱਕਰ ਨੇ ਏ ਪੀ ਰਿਫੈਂਡਰੀ ਵੱਲੋਂ ਸੁਸਾਇਟੀ ਨੂੰ ਦਿੱਤੇ ਜਾਂਦੇ ਸਹਿਯੋਗ ਲਈ ਜਿੱਥੇ ਤਹਿ ਦਿਲੋਂ ਧੰਨਵਾਦ ਕੀਤਾ, ਉੱਥੇ ਉਨ੍ਹਾਂ ਸੁਸਾਇਟੀ ਵੱਲੋਂ ਵਿਦਿਆਰਥੀਆਂ ਲਈ ਸ਼ੁਰੂ ਕੀਤੇ ਸਕਾਲਰਸ਼ਿਪ ਫ਼ੰਡ ਤੇ ਸੁਸਾਇਟੀ ਦੇ ਹੋਰ ਕੰਮਾਂ ਬਾਰੇ ਵਿੱਚ ਵਿਸਥਾਰ ਨਾਲ ਜਾਣਕਾਰੀ ਵੀ ਸਾਂਝੀ ਕੀਤੀ। ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਮੁੱਲਾਂਪੁਰ ਦੇ ਡਾਕਟਰ ਮਿਲੀ ਅਰੋੜਾ ਦੀ ਅਗਵਾਈ 'ਚ ਟੀਮ ਨੇ 220 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅੱਪ ਕਰਦਿਆਂ ਜਿੱਥੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ, ਉੱਥੇ 81 ਮਰੀਜ਼ਾਂ ਦੀ ਚੋਣ ਵੀ ਕੀਤੀ, ਜਿਨ੍ਹਾਂ ਦੇ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਹਸਪਤਾਲ ਵਿਖੇ ਆਉਂਦੇ ਇੱਕ ਦੋ ਦਿਨਾਂ ਵਿੱਚ ਕੀਤੇ ਜਾਣਗੇ। ਅਪ੍ਰੇਸ਼ਨ ਵਾਲੇ ਮਰੀਜ਼ਾਂ ਨੂੰ ਸੁਸਾਇਟੀ ਵੱਲੋਂ ਸ਼ੰਕਰਾ ਹਸਪਤਾਲ ਲੈ ਕੇ ਜਾਇਆ ਜਾਵੇਗਾ ਤੇ ਅਪਰੇਸ਼ਨ ਉਪਰੰਤ ਉਨ੍ਹਾਂ ਨੂੰ ਮਰੀਜ਼ਾਂ ਨੂੰ ਵਾਪਸ ਡੀ ਏ ਵੀ ਕਾਲਜ ਛੱਡਿਆ ਜਾਵੇਗਾ। ਇਸ ਮੌਕੇ ਮਰੀਜ਼ਾਂ ਦਾ ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਵੀ ਚੈੱਕ ਕੀਤਾ ਗਿਆ। ਸਾਰੇ ਮਰੀਜ਼ਾਂ ਲਈ ਦੁਪਹਿਰ ਦੇ ਖਾਣੇ ਦਾ ਵੀ ਸੁਸਾਇਟੀ ਵੱਲੋਂ ਪ੍ਰਬੰਧ ਕੀਤਾ ਗਿਆ।

## ਹਰਿਆਣਵੀਆਂ ਦੇ ਦਿਲਾਂ 'ਚ ਕਾਂਗਰਸ : ਸ਼ੈਲਜਾ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਲੋਕ ਸਭਾ ਚੋਣਾਂ ਦੇ ਚੱਲਦੇ ਸਿਰਸਾ ਦੀ ਸਾਬਕਾ ਕੇਂਦਰੀ ਮੰਤਰੀ ਕੁਮਾਰੀ ਸ਼ੈਲਜਾ ਵੱਲੋਂ ਸਿਰਸਾ ਤੇ ਅੰਬਾਲਾ ਤੋਂ ਲੋਕ ਸਭਾ ਚੋਣ ਲੜਨ ਦੀ ਗੱਲ ਕਹੀ ਗਈ। ਉਨ੍ਹਾਂ ਕਿਹਾ ਕਿ ਹਾਈਕਮਾਂਡ ਜੋ ਵੀ ਫੈਸਲਾ ਲਵੇਗੀ ਉਹ ਉਸੇ ਸੀਟ ਤੋਂ ਚੋਣ ਲੜਨਗੇ।ਕੁਮਾਰੀ ਸ਼ੈਲਜਾ ਨੇ ਕਿਹਾ ਕਿ ਉਹ ਦੋ ਵਾਰ ਸਿਰਸਾ ਸੀਟ ਤੋਂ ਐਮ.ਪੀ. ਰਹੇ ਉਨ੍ਹਾਂ ਦੇ ਪਿਤਾ ਨੂੰ ਵੀ ਸਿਰਸਾ ਵਾਸੀਆਂ ਤੋਂ ਬਹੁਤ ਅਸ਼ੀਰਵਾਦ ਮਿਲਿਆ।ਸ਼ੈਲਜਾ ਨੇ ਕਿਹਾ ਕਿ ਸਿਰਸਾ ਦੇ ਨਾਲ-ਨਾਲ ਅੰਬਾਲਾ ਵੀ ਮੇਰਾ ਕਰਮ ਸਥਾਨ ਰਿਹਾ ਹੈ।ਮੈਂ ਅੰਬਾਲਾ ਸੀਟ ਤੋਂ ਦੋ ਵਾਰ ਐਮ.ਪੀ ਰਹੀ। ਉਨ੍ਹਾਂ ਕਿਹਾ ਕਿ ਪਾਰਟੀ ਅਪ੍ਰੈਲ ਦੇ ਪਹਿਲੇ ਹਫ਼ਤੇ ਹਰਿਆਣਾ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰੇਗੀ।ਕੁਮਾਰੀ ਸ਼ੈਲਜਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਸਿਰਫ਼ ਇੱਕ ਫ਼ੀਸਦੀ ਲੋਕਾਂ ਦਾ ਧਿਆਨ ਰੱਖਿਆ ਹੈ।ਹਰਿਆਣਾ ਵਿੱਚ ਮੁੱਖ ਮੰਤਰੀ ਬਦਲਣ ਦੇ ਸਵਾਲ ਦੇ ਜਵਾਬ ਵਿੱਚ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਮੁੱਖ ਮੰਤਰੀ ਦਾ ਚਿਹਰਾ ਬਦਲਣ ਨਾਲ ਕੋਈ ਫ਼ਰਕ ਨਹੀਂ ਪਵੇਗਾ, ਇਹ ਸਿਰਫ਼ ਦਿਖਾਵਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਜੋ ਵੀ ਕੁਫਰ ਤੋਲੇ ਤੇ ਜੁਮਲੇ ਰਚੇ, ਪਰ ਹਰਿਆਣਵੀਆਂ ਦੇ ਦਿਲਾਂ ਵਿੱਚ ਕਾਂਗਰਸ ਵਸ ਚੁੱਕੀ ਹੈ।

## ਪੈਨਸ਼ਨਰ ਐਸੋਸੀਏਸ਼ਨ ਨੇ ਮਿਸ਼ਨ ਪ੍ਰਧਾਨ ਢੋਸੀਵਾਲ ਨੂੰ ਸਨਮਾਨਤ ਕੀਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੀ ਵਿਸ਼ੇਸ਼ ਮੀਟਿੰਗ ਕੋਟਕਪੂਰਾ ਰੋਡ ਸਥਿਤ ਪੈਨਸ਼ਨਰ ਭਵਨ ਵਿਖੇ ਹੋਈ।ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਦੀ ਪ੍ਰਧਾਨਗੀ ਹੋਈ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਸਮੇਤ ਚੇਅਰਮੈਨ ਬਲਦੇਵ ਸਿੰਘ ਬੇਦੀ, ਵਾਇਸ ਚੇਅਰਮੈਨ ਹਰਦੇਵ ਸਿੰਘ, ਸੇਵਾਮੁਕਤ ਡੀ.ਐਸ.ਪੀ. ਸੁੰਦਰ ਸਿੰਘ, ਗੁਰਟੇਕ ਸਿੰਘ ਬਰਾੜ, ਜਸਵੰਤ ਸਿੰਘ ਬਰਾੜ ਭਾਗਸਰ, ਕਰਨੈਲ ਸਿੰਘ ਲੁਹਾਰਾ, ਕੁਲਦੀਪ ਸਿੰਘ ਬਰਾੜ, ਕਰਨੈਲ ਸਿੰਘ ਬੇਦੀ, ਸ਼ਾਮ ਲਾਲ, ਤੇਜਾ ਸਿੰਘ ਅਤੇ ਬੋਹੜ ਸਿੰਘ ਥਾਂਦੇਵਾਲਾ ਸਮੇਤ ਕਈ ਹੋਰ ਸੇਵਾਮੁਕਤ ਕ੍ਰਮਚਾਰੀ ਮੌਜੂਦ ਸਨ। ਮੀਟਿੰਗ ਉਪਰੰਤ ਦੋ ਦਿਨ ਪਹਿਲਾਂ ਮੁਕਤਸਰ ਵਿਕਾਸ ਮਿਸ਼ਨ ਦੇ ਸਰਬਸੰਮਤੀ ਨਾਲ ਦਸਵੀਂ ਵਾਰ ਪ੍ਰਧਾਨ ਚੁਣੇ ਗਏ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਨੂੰ ਵਧਾਈ ਦਿੱਤੀ ਤੇ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਸ੍ਰੀ ਢੋਸੀਵਾਲ ਪੈਨਸ਼ਨਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ।ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਕਿਹਾ ਕਿ ਸ੍ਰੀ ਢੋਸੀਵਾਲ ਦਾ ਮਿਸ਼ਨ ਪ੍ਰਧਾਨ ਚੁਣੇ ਜਾਣਾ ਸਮੁੱਚੀ ਐਸੋਸੀਏਸ਼ਨ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਨੇ ਸਮੁੱਚੀ ਐਸੋਸੀਏਸ਼ਨ ਵੱਲੋਂ ਢੋਸੀਵਾਲ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਲੰਮੀ ਉਮਰ, ਚੰਗੀ ਸਹਿਤ ਅਤੇ ਪਰਿਵਾਰਕ ਖੁਸ਼ਹਾਲੀ ਦੀ ਕਾਮਨਾ ਕੀਤੀ।ਇਸ ਮੌਕੇ ਜਸਵੰਤ ਸਿੰਘ ਭਾਗਸਰ ਨੇ ਕਿਹਾ ਕਿ ਪ੍ਰਧਾਨ ਢੋਸੀਵਾਲ ਉਨ੍ਹਾਂ ਦੇ ਜੱਦੀ ਪਿੰਡ ਭਾਗਸਰ ਦੇ ਰਹਿਣ ਵਾਲੇ ਹਨ ਤੇ ਉਨ੍ਹਾਂ ਦਾ ਸਾਰਾ ਪਰਵਾਰ ਸ਼ੁਰੂ ਤੋਂ ਹੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਵਧੀਆ ਯੋਗਦਾਨ ਪਾਉਂਦੇ ਰਹੇ ਹਨ।ਮੀਟਿੰਗ ਦੌਰਾਨ ਸਮੂਹ ਬੁਲਾਰਿਆਂ ਨੇ ਪ੍ਰਧਾਨ ਢੋਸੀਵਾਲ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਪੁਰਜ਼ੋਰ ਸ਼ਲਾਘਾ ਕਰਦੇ ਹੋਏ ਉਹਨਾਂ ਨੂੰ ਮਿਸ਼ਨ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ।

## ਬਿੱਟੂ ਬਾਹੋਮਾਜਰਾ ਨਕਲੀ ਸ਼ਰਾਬ ਫੈਕਟਰੀ ਦੀ ਜਾਂਚ ਕਰਾਵੇ : ਕਾਲੀ ਪਾਇਲ

**ਦੋਰਾਹਾ (ਹਰਮਿੰਦਰ ਸੇਠ)**

ਕਾਂਗਰਸ ਪਾਰਟੀ ਤੋਂ ਤਿੰਨ ਵਾਰ ਮੈਂਬਰ ਪਾਰਲੀਮੈਂਟ ਰਹੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਛੱਡ ਕੇ ਬੀਜੇਪੀ ਨੂੰ ਜੁਆਇਨ ਕੀਤਾ ਤਾਂ ਉਸਨੇ ਭਾਜਪਾ ਨੂੰ ਜੁਆਇੰਨ ਕਰਨ ਦਾ ਕਾਰਨ ਨਰਿੰਦਰ ਮੋਦੀ ਦੀ ਪੰਜਾਬ ਪ੍ਰਤੀ ਸੋਚ ਤੇ ਉਹ ਖੁਦ ਪੰਜਾਬ ਦੇ ਭਲੇ ਦੀ ਗੱਲ ਕਰਦਾ ਹੈ, ਜੇ ਰਵਨੀਤ ਬਿੱਟੂ ਪੰਜਾਬ ਦਾ ਭਲਾ ਚਾਹੁੰਦੇ ਹਨ ਸਭ ਤੋਂ ਪਹਿਲਾਂ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੰਜਾਬ ਦੀ ਜਵਾਨੀ ਨੂੰ ਜ਼ਹਿਰ ਦੇਣ ਵਾਲੇ ਲੋਕਾਂ ਅਤੇ ਬਾਹੋਮਾਜਰਾ (ਖੰਨਾ) ਤੇ ਘਨੌਰੀ (ਪਟਿਆਲਾ) ਵਿੱਚ ਕਾਂਗਰਸ ਦੀ ਕੈਪਟਨ ਸਰਕਾਰ ਵੇਲੇ ਚੱਲ ਰਹੀਆਂ ਨਕਲੀ ਸ਼ਰਾਬ ਫੈਕਟਰੀ ਦੀ ਜਾਂਚ ਪਹਿਲ ਦੇ ਆਧਾਰ 'ਤੇ ਕਰਾਵੇ, ਕਿਉਂਕਿ ਲੋਕਾਂ ਵਿੱਚ ਆਮ ਧਾਰਨਾ ਬਣੀ ਹੋਈ ਹੈ ਕਿ ਭਗਵੰਤ ਨਾਲ ਰਵਨੀਤ ਬਿੱਟੂ ਦੀ ਯਾਰੀ ਹੋਣ ਕਰਕੇ ਦੀ ਬਿੱਟੂ ਨੇ ਹੁਣ ਤੱਕ ਜਾਂਚ ਨਹੀਂ ਹੋਣ ਦਿੱਤੀ।

ਜਾਂਚ ਸ਼ੁਰੂ ਹੋਣ ਤੋਂ ਪਤਾ ਚੱਲੇਗਾ ਕਿ ਉਹ ਪੰਜਾਬ ਦੇ ਭਲੇ ਲਈ ਬੀਜੇਪੀ ਵਿੱਚ ਗਿਆ ਹੈ ਜਾਂ ਉਹ ਆਪਣੇ ਪਰਵਾਰ ਨੂੰ ਬਚਾਉਣ ਲਈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪਾਇਲ ਤੋਂ ਆਜ਼ਾਦ ਚੋਣ ਲੜ ਚੁੱਕੇ ਉੱਘੇ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਨੇ ਕਹੇ।

## ਕਾਲੇ ਖੇਤੀ ਕਾਨੂੰਨਾਂ ਲਈ ਰਾਹ ਪੱਧਰਾ ਕਰਨ ਤੁਰੀ ਪੰਜਾਬ ਸਰਕਾਰ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**

ਵੱਡੇ ਕਿਸਾਨੀ ਸੰਘਰਸ਼ ਦੇ ਜੋਰ ਸਦਕਾ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਭਾਜਪਾ ਸਰਕਾਰ ਵੱਲੋਂ ਬਣਾਏ ਤਿੰਨ ਕਾਲੇ ਕਾਨੂੰਨ ਵਾਪਸ ਕਰਨ ਦਾ ਐਲਾਨ ਕੀਤਾ ਗਿਆ ਸੀ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵੀ ਉਸ ਸਮੇਂ ਮਤਾ ਪਾਸ ਕਰਕੇ ਇਹ ਕਾਨੂੰਨ ਲਾਗੂ ਨਾ ਕਰਨ ਦਾ ਵੀ ਐਲਾਨ ਕੀਤਾ ਸੀ। ਹੁਣ ਇਹ ਕਾਲੇ ਕਾਨੂੰਨ ਲਾਗੂ ਕਰਨ ਲਈ ਪੰਜਾਬ ਸਰਕਾਰ ਰਾਹ ਪੱਧਰਾ ਕਰਨ ਤੁਰ ਪਈ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸਰਕਾਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਪੰਜਾਬ ਦੇ ਜੁਝਾਰੂ ਲੋਕ ਸੰਘਰਸ਼ ਕਰਨਾ ਭੁੱਲੇ ਨਹੀਂ ਹਨ। ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਆ ਰਹੀ ਕਣਕ ਦੀ ਖਰੀਦ ਵੇਚ ਕਰਨ, ਸਟੋਰਾਂ ਵਿੱਚ ਸੰਭਾਲਣ, ਪ੍ਰੋਸੈਸਿੰਗ ਕਰਨ ਲਈ 9 ਵੱਡੇ ਕਾਰਪੋਰੇਟ ਘਰਾਣਿਆਂ ਨੂੰ ਮਨਜ਼ੂਰੀ ਦਿੱਤੀ ਹੈ। ਪੰਜਾਬ ਮੰਡੀ ਬੋਰਡ ਦੇ ਪੱਤਰ ਨੰਬਰ 1/009299-9327 ਮਿਤੀ 15 ਮਾਰਚ 24 ਰਾਹੀਂ ਅੰਮ੍ਰਿਤ ਕੌਰ ਗਿੱਲ ਸਕੱਤਰ ਪੰਜਾਬ ਮੰਡੀ ਬੋਰਡ ਨੇ ਇਹਨਾਂ ਕਾਰਪੋਰੇਟ ਘਰਾਣਿਆਂ ਨੂੰ ਸਾਈਲੋਜ ਖੋਹਲਣ ਦੀ ਪ੍ਰਵਾਨਗੀ ਦਿੱਤੀ ਹੈ, ਜਿਨ੍ਹਾਂ ਵਿੱਚ ਅਡਾਨੀ ਸਾਈਲੋ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ, ਲੀਪ ਲੋਗਿਸਟਿਕਸ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ, ਮਲੇਰਕੋਟਲਾ ਤੇ ਅਹਿਮਦਗੜ੍ਹ ਮੰਡੀ ਜਿਲ੍ਹਾ ਮਲੇਰਕੋਟਲਾ, ਸੁਨਾਮ ਤੇ ਛਾਜਲੀ ਜ਼ਿਲ੍ਹਾ ਸੰਗਰੂਰ, ਛੀਨਾ ਰੇਲ ਵਾਲਾ ਧਾਰੀਵਾਲ ਜ਼ਿਲ੍ਹਾ ਗੁਰਦਾਸਪੁਰ, ਅਦਾਨੀ ਸਾਈਲੋ ਡਗਰੂ ਜ਼ਿਲ੍ਹਾ ਮੋਗਾ, ਵੀ ਆਰ ਸੀ ਸਾਈਲੋ ਬਰਨਾਲਾ ਜਿਲ੍ਹਾ ਬਰਨਾਲਾ, ਕੱਥੂਨੰਗਲ ਸਾਈਲੋ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ, ਐਮ ਆਰ ਸੀ ਸਾਈਲੋ ਛੀਟਾਂਵਾਲਾ ਨਾਭਾ ਜ਼ਿਲ੍ਹਾ ਪਟਿਆਲਾ ਸ਼ਾਮਲ ਹਨ। ਕਾ. ਸੇਖੋਂ ਨੇ ਕਿਹਾ ਕਿ ਜਿਨ੍ਹਾਂ ਘਰਾਣਿਆਂ ਨੂੰ ਇਹ ਪ੍ਰਵਾਨਗੀ ਮਿਲੀ ਹੈ, ਉਹ ਕਣਕ ਦੀ ਖਰੀਦ ਵੇਚ ਜਾਂ ਸੰਭਾਲ ਆਪਣੀ ਮਰਜ਼ੀ ਨਾਲ ਕਰਨਗੇ। ਇਹ ਘਰਾਣੇ ਕਿਸਾਨਾਂ ਨੂੰ ਵੱਧ ਲਾਲਚ ਦੇ ਕੇ ਆਪਣੇ ਪੈਰ ਜਮਾਉਣ ਨੂੰ ਵੀ ਤਰਜ਼ੀਹ ਦੇ ਸਕਦੇ ਹਨ, ਪਰ ਅਸਲ ਵਿੱਚ ਇਹ ਕਾਰਪੋਰੇਟ ਘਰਾਣਿਆਂ ਨੂੰ ਨਿੱਜੀ ਲਾਭ ਪੁਚਾਉਣ ਵਾਲੀ ਤੇ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਕਰਨ ਦਾ ਆਧਾਰ ਬਣਾਉਣ ਦੀ ਇੱਕ ਸਾਜ਼ਿਸ਼ ਹੈ। ਜੇਕਰ ਪੰਜਾਬ ਦੇ ਲੋਕਾਂ ਨੇ ਵਿਰੋਧ ਨਾ ਕੀਤਾ ਤਾਂ ਇਹ ਸਿਲਸਿਲਾ ਅੱਗੇ ਵਧਾਇਆ ਜਾਵੇਗਾ। ਕੇਂਦਰ ਦੀ ਮੋਦੀ ਸਰਕਾਰ ਦੀ ਇਸ ਸਾਜ਼ਿਸ ਨੂੰ ਸੂਬੇ ਦੀ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਲਾਗੂ ਕਰਾਉਣ ਦੇ ਰਾਹ ਤੁਰ ਪਈ ਹੈ, ਜੋ ਕਿਸਾਨੀ ਦੀ ਤਬਾਹੀ ਦਾ ਮੁੱਢ ਬੰਨ੍ਹੇਗੀ। ਸੂਬਾ ਸਕੱਤਰ ਨੇ ਕਿਹਾ ਸੀ ਪੀ ਆਈ ਐੱਮ ਨੇ ਕਾਲੇ ਕਾਨੂੰਨ ਲਾਗੂ ਕਰਨ ਤੇ ਕਾਰਪੋਰੇਟ ਘਰਾਣਿਆਂ ਨੂੰ ਨਿੱਜੀ ਲਾਹਾ ਦੇਣ ਵਿਰੁੱਧ ਲੰਬੇ ਸਮੇਂ ਤੋਂ ਮੁਹਿੰਮ ਵਿੱਢੀ ਹੋਈ ਹੈ, ਕਿਸਾਨੀ ਸੰਘਰਸ ਵਿੱਚ ਅਗਵਾਈ ਵਾਲੀ ਭੂਮਿਕਾ ਨਿਭਾਈ ਹੈ। ਉਹਨਾਂ ਐਲਾਨ ਕੀਤਾ ਕਿ ਪਾਰਟੀ ਪੰਜਾਬ ਵਿੱਚ ਕਾਰਪੋਰੇਟ ਘਰਾਣਿਆਂ ਦੇ ਪੈਰ ਨਹੀਂ ਲੱਗਣ ਦੇਵੇਗੀ।

## ਸ੍ਰੀ ਰਾਮ ਆਸ਼ਰਮ ਮੰਦਰ 'ਚ ਰਾਮਾਇਣ ਦੇ ਪਾਠ ਦੇ ਭੋਗ ਪਾਏ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੀ ਰਾਮ ਆਸ਼ਰਮ ਮੰਦਿਰ ਚ ਹਰ ਮਹੀਨੇ ਦੀ ਤਰ੍ਹਾਂ ਸ਼੍ਰੀ ਰਮਾਇਣ ਜੀ ਦੇ ਪਾਠ ਦਾ ਆਯੋਜਨ ਕੀਤਾ ਗਿਆ ਇਸ ਮੌਕੇ ਸ਼੍ਰੀ ਸ਼ਾਮ ਸੁੰਦਰ ਅਤੇ ਰੇਣੂਕਾ ਰਾਣੀ ਜੀ ਮੁਖ ਯਜਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਤੇ ਉਨ੍ਹਾਂ ਵੱਲੋਂ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਮੰਦਰ ਕਮੇਟੀ ਵੱਲੋਂ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਮੁੱਖ ਯਜਮਾਨ ਸ਼ਾਮ ਸੁੰਦਰ ਤੇ ਰੇਣੂਕਾ ਰਾਣੀ ਨੇ ਕਿਹਾ ਕਿ ਮੰਦਰ ਕਮੇਟੀ ਵੱਲੋਂ ਪੂਰੇ ਪੁਖਤਾ ਪ੍ਰਬੰਧ ਕੀਤੇ ਗਏ ਤੇ ਸ਼੍ਰੀ ਰਮਾਇਣ ਦੇ ਪਾਠ ਦਾ ਭੋਗ ਪਾਇਆ ਗਿਆ। ਇਸ ਮੌਕੇ ਸ਼ਰਧਾਲੂ ਭਜਨਾਂ ਤੇ ਖ਼ੂਬ ਝੂਮੇ ਤੇ ਸਾਰਾ ਵਾਤਾਵਰਣ ਭਗਤਮਈ ਹੋ ਗਿਆ। ਇਸ ਮੌਕੇ ਸ੍ਰੀ ਰਾਮ ਆਸ਼ਰਮ ਮੰਦਰ ਕਮੇਟੀ ਦੇ ਪ੍ਰਧਾਨ ਸ੍ਰੀ ਤਰੁਣ ਬਾਂਸਲ, ਸਰੋਜ ਰਾਣੀ, ਭਾਵੇਸ਼ ਗਰਗ, ਪ੍ਰੇਮ ਚੰਦ, ਓਮ ਪ੍ਰਕਾਸ਼ ਬਲੇਚਾ, ਰਾਮਦਾਸ ਕਾਂਸਲ, ਓਮ ਪ੍ਰਕਾਸ਼ ਵਰਮਾ, ਗੁਰਦਿਆਲ ਗਰਗ, ਕ੍ਰਿਸ਼ਨ ਸਿੰਗਲਾ, ਸੁਰੇਸ਼, ਰਿੰਕਾ ਗਰਗ, ਇੰਦੂ ਸਾਹਨੀ, ਕੁਸਮ ਗਰਗ, ਰਜਨੀ ਗਰਗ, ਅਸ਼ੋਕ ਕੁਮਾਰ ਵਰਮਾ, ਐਡਵੋਕੇਟ ਇੰਦਰਪਾਲ ਗਰਗ, ਸੌਰਵ ਜੈਨ, ਗਗਨਦੀਪ ਗਰਗ ਅਤੇ ਮਹਿੰਦਰ ਸਿੰਘ ਆਦਿ ਮੌਜੂਦ ਸੀ।

page-6-1-April.-2024.qxd 3/31/2024 10:45 PM Page 1



# ਭਿੱਖੀਵਿੰਡ ਤੋਂ ਸ਼ੰਭੂ ਬਾਰਡਰ ਲਈ ਕਿਸਾਨਾਂ ਦਾ ਵਿਸ਼ਾਲ ਜਥਾ ਅੱਜ ਹੋਵੇਗਾ ਰਵਾਨਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਦੀ ਮੀਟਿੰਗ ਧੰਨ-ਧੰਨ ਸ਼ਹੀਦ ਬਾਬਾ ਸੁੱਖਾ ਸਿੰਘ ਜੀ ਬਾੜੀ ਦੇ ਅਸਥਾਨ ਪਿੰਡ ਮਾੜੀ ਮੇਘਾ ਵਿਖੇ ਨਿਸ਼ਾਨ ਸਿੰਘ ਮਾੜੀਮੇਘਾ ਤੇ ਮਾਨ ਸਿੰਘ ਮਾੜੀ ਮੇਘਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਤੇ ਰੇਸ਼ਮ ਸਿੰਘ ਘੁਰਕਵਿੰਡ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਦੀ ਇਮਾਨਦਾਰ ਸਰਕਾਰ ਵੱਲੋਂ ਦੇਸ਼ ਦੇ 9 ਧਨਾਢ ਕਾਰਪੋਰੇਟ ਘਰਾਣਿਆਂ ਨੂੰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹਾੜ੍ਹੀ ਦੇ ਸੀਜਨ 2024-25 ਲਈ ਕਣਕ ਦੀ ਫ਼ਸਲ ਦੀ ਖ਼ਰੀਦ, ਵੇਚ, ਸਟੋਰੇਜ ਅਤੇ ਪ੍ਰੋਸੈਸਿੰਗ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਹੁਣ ਇਹ 9 ਧਨਾਢ ਕਾਰਪੋਰੇਟ ਘਰਾਣੇ ਆਪਣੀ ਮਰਜ਼ੀ ਨਾਲ ਕਣਕ ਖ਼ਰੀਦਣਗੇ ਤੇ ਵੇਚਣਗੇ।ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀਕਰਨ ਬੋਰਡ ਦੀ ਮਾਰਕੀਟ ਫੀਸ ਅਤੇ ਹੋਰ ਖਰਚਿਆਂ ਨੂੰ ਦੇਖਦਿਆਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ 26 ਮਾਰਕੀਟ ਕਮੇਟੀਆਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਮਰਜ ਕਰਨ ਦੀ ਤਜਵੀਜ਼ ਵੀ ਰੱਖ ਦਿੱਤੀ ਗਈ ਹੈ, ਜੋ ਸਰਕਾਰਾਂ ਦੀ ਦੋਗਲੀ ਨੀਤੀ ਨੂੰ ਜੱਗ ਜ਼ਾਹਿਰ ਕਰਦੀ ਹੈ।ਇਸ ਮੌਕੇ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ, ਪੂਰਨ ਸਿੰਘ ਮੱਦਰ ਤੇ ਰਣਜੀਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਪਿਛਲੇ ਅੰਦੋਲਨ ਦੌਰਾਨ ਮੰਨੀਆਂ ਮੰਗਾਂ ਨੂੰ ਤੁਰੰਤ ਲਾਗੂ ਕਰੇ ਤੇ ਸਾਰੀਆਂ ਫ਼ਸਲਾਂ ਦੀ ਖਰੀਦ ਤੇ ਐੱਮਐੱਸਪੀ ਗਾਰੰਟੀ ਕਾਨੂੰਨ ਬਣਾਵੇ ਤੇ ਫ਼ਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਤੈਅ ਕਰੇ।ਇਸ ਤੋਂ ਇਲਾਵਾ ਸਰਕਾਰ ਕਿਸਾਨ-ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰੇ, ਫ਼ਸਲੀ ਬੀਮਾ ਯੋਜਨਾ ਲਾਗੂ ਕਰੇ, ਜ਼ਮੀਨਾਂ ਐਕਵਾਇਰ ਕਰਨ ਸੰਬੰਧੀ ਕਾਨੂੰਨ ਨੂੰ 2013 ਵਾਲੇ ਰੂਪ ਵਿੱਚ ਬਹਾਲ ਕੀਤਾ ਜਾਵੇ, ਲਖੀਮਪੁਰ ਖੀਰੀ ਕਤਲਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆ ਜਾਣ, ਦਿੱਲੀ ਅੰਦੋਲਨ ਦੌਰਾਨ ਕਿਸਾਨਾਂ ਵਿਰੁੱਧ ਦਰਜ ਕੀਤੇ ਪੁਲਸ ਮੁਕੱਦਮੇ ਰੱਦ ਕੀਤੇ ਜਾਣ, ਖੇਤੀ ਸੈਕਟਰ ਨੂੰ ਪ੍ਰਦੂਸ਼ਣ ਕਾਨੂੰਨ ਵਿੱਚੋਂ ਬਾਹਰ ਕੀਤਾ ਜਾਵੇ, ਭਾਰਤ ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਸਮਝੌਤੇ ਵਿੱਚੋਂ ਬਾਹਰ ਕੀਤੀ ਜਾਵੇ, ਬਿਜਲੀ ਸੋਧ ਬਿੱਲ 2020 ਨੂੰ ਪੂਰੀ ਤਰ੍ਹਾਂ ਰੱਦ ਕਰਕੇ ਲੋਕਾਂ ਨੂੰ ਸਸਤੀ ਬਿਜਲੀ ਮੁਹੱਈਆ ਕਰਵਾਈ ਜਾਵੇ।ਇਸ ਮੌਕੇ ਆਗੂਆਂ ਨੇ ਕਿਹਾ ਕਿ ਦਿੱਲੀ ਅੰਦੋਲਨ 2.0 ਮੰਗੀ ਦੀ ਪੂਰਤੀ ਲਈ ਤੱਕ ਨਿਰੰਤਰ ਜਾਰੀ ਰਹੇਗਾ ਤੇ ਭਿੱਖੀਵਿੰਡ ਜ਼ੋਨ ਤੋਂ ਵਿਸ਼ਾਲ ਜਥੇ ਲਗਾਤਾਰ ਅੰਦੋਲਨ ਵਿੱਚ ਸ਼ਮੂਲੀਅਤ ਕਰਦੇ ਰਹਿਣਗੇ।ਇਸ ਮੌਕੇ ਉਨ੍ਹਾਂ ਕਿਹਾ ਕਿ 1 ਅਪ੍ਰੈਲ ਨੂੰ ਭਿੱਖੀਵਿੰਡ ਤੋਂ ਵਿਸ਼ਾਲ ਜਥਾ ਸ਼ੰਭੂ ਮੋਰਚੇ 'ਚ ਸ਼ਮੂਲੀਅਤ ਲਈ ਰਵਾਨਾ ਹੋਵੇਗਾ।ਇਸ ਮੌਕੇ ਜਰਨੈਲ ਸਿੰਘ ਕੱਚਾ ਪੱਕਾ, ਹਰਭਜਨ ਸਿੰਘ ਕੱਚਾ ਪੱਕਾ, ਅਜ਼ਮੇਰ ਸਿੰਘ ਕੱਚਾ ਪੱਕਾ , ਬਚਿੱਤਰ ਸਿੰਘ ਨਵਾਂ ਪਿੰਡ, ਰਵੇਲ ਸਿੰਘ ਨਵਾਂ ਪਿੰਡ, ਮਾਸਟਰ ਪਲਵਿੰਦਰ ਸਿੰਘ ਨਵਾਂ ਪਿੰਡ, ਅੰਗਰੇਜ਼ ਸਿੰਘ ਵਾਂ, ਅਮਰਜੀਤ ਸਿੰਘ ਵਾਂ, ਜਗਜੀਤ ਸਿੰਘ ਭੈਣੀ ਮੱਸਾ ਸਿੰਘ, ਗੁਰਜੀਤ ਸਿੰਘ ਭੈਣੀ ਮੱਸਾ ਸਿੰਘ, ਸਵਰਨ ਸਿੰਘ ਡਲੀਰੀ, ਜੋਗਿੰਦਰ ਸਿੰਘ ਡਲੀਰੀ, ਸੁਖਦੇਵ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਹਰਪਾਲ ਸਿੰਘ ਕਲਸੀਆਂ, ਮੇਜਰ ਸਿੰਘ ਕਲਸੀਆਂ, ਅਵਤਾਰ ਸਿੰਘ ਢੋਲਾ, ਜਗਰੂਪ ਸਿੰਘ ਮਾੜੀਮੇਘਾ, ਗੁਰਸੇਵਕ ਸਿੰਘ ਬੱਬੂ ਸਰਪੰਚ ਮਾੜੀਮੇਘਾ, ਗੁਰਸਾਬ ਸਿੰਘ ਮਾੜੀਮੇਘਾ, ਹੀਰਾ ਸਿੰਘ ਮੱਦਰ, ਲਖਬੀਰ ਸਿੰਘ ਮੱਦਰ, ਰੇਸ਼ਮ ਸਿੰਘ ਮੱਦਰ, ਹਰਜਿੰਦਰ ਸਿੰਘ ਮੱਦਰ, ਨਿਰਵੈਲ ਸਿੰਘ ਚੇਲਾ, ਦਲਜੀਤ ਸਿੰਘ ਚੇਲਾ, ਜਸਬੀਰ ਸਿੰਘ ਮੱਖੀ ਕਲ੍ਹਾ, ਸੁਬੇਗ ਸਿੰਘ ਮੱਖੀ ਕਲ੍ਹਾ, ਪਾਲ ਸਿੰਘ ਮਨਾਵਾ, ਪ੍ਰਤਾਪ ਸਿੰਘ ਮਨਾਵਾ, ਅਰੂੜ ਸਿੰਘ ਥੇਹ ਨੌਸ਼ਹਿਰਾ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਗੋਪਾ ਸਿੰਘ ਪਹਿਲਵਾਨ ਮਨਿਹਾਲਾ, ਰਾਜਬੀਰ ਸਿੰਘ ਮਨਿਹਾਲਾ ਆਦਿ ਆਗੂ ਸਹਿਬਾਨ ਹਾਜ਼ਰ ਸਨ।



## ਜੌਨ ਸਪਿੱਕ ਨੇ ਹਰਜਸ ਸਕੂਲ ਦੇ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਝੜੌਦੀ ਵਿਖੇ ਸਥਿਤ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝੜੌਦੀ ਵਿਖੇ ਐੱਨ.ਐੱਮ.ਆਈ. ਗਰੁੱਪ ਇੰਗਲੈਂਡ ਦੀ ਮੁੱਖ ਵਿੱਤ ਮੰਤਰੀ ਜੌਨ ਸਪਿੱਕ ਤੇ ਮਿਸਟਰ ਜੋਸ਼ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਮੁਲਾਕਾਤ ਕਰਦਿਆਂ ਸਕੂਲ ਪ੍ਰਬੰਧਾਂ 'ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਸਕੂਲ ਦੀ ਸੁੰਦਰਤਾ, ਸਾਫ਼-ਸਫਾਈ, ਵਿਦਿਆਰਥੀਆਂ ਵਿਚ ਅਨੁਸ਼ਾਸਨ ਤੇ ਪੜ੍ਹਾਈ ਦੇ ਪੱਧਰ ਨੂੰ ਦੇਖਦਿਆਂ ਸਮੁੱਚੇ ਸਟਾਫ਼ ਨੂੰ ਇਸ ਦੀ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਹਰਜਸ ਸਕੂਲ ਵਿਚ ਇੰਗਲੈਂਡ ਦੇ ਸਕੂਲਾਂ ਵਾਂਗ ਵੱਖ-ਵੱਖ ਵਿਸ਼ਿਆਂ ਨੂੰ ਪ੍ਰੈਕਟੀਕਲ ਰੂਪ 'ਚ ਪੜ੍ਹਾਉਣ ਦੀ ਜੋ ਵਿਵਸਥਾ ਕੀਤੀ ਗਈ ਹੈ, ਉਹ ਸ਼ਾਨਦਾਰ ਹੈ। ਉਨ੍ਹਾਂ ਸਕੂਲ ਜਮਾਤਾਂ, ਲਾਇਬ੍ਰੇਰੀ, ਕੰਪਿਊਟਰ ਲੈਬ, ਸਾਇੰਸ ਲੈਬ ਤੇ ਪਲੇਅ-ਵੇਅ-ਜਮਾਤ ਦੇ ਕਮਰਿਆਂ ਦਾ ਨਿਰੀਖਣ ਕੀਤਾ। ਉਨ੍ਹਾਂ ਸਕੂਲ ਦੇ ਵੱਖ-ਵੱਖ ਸਥਾਨਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਦਿਆਂ ਅਧਿਆਪਕਾਂ ਨਾਲ ਵੀ ਇੱਕ ਗਰੁੱਪ ਫੋਟੋ ਕਰਾਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਹਰਜਸ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇੰਗਲੈਂਡ ਆਉਣ ਦਾ ਸੱਦਾ ਦਿੰਦੇ ਹਨ ਤੇ ਉੱਥੇ ਉਚੇਚਾ ਪ੍ਰਬੰਧ ਵੀ ਕਰਨਗੇ।

# ਰੂਸ 'ਚ ਫਸੇ ਭਾਰਤੀ ਨੌਜਵਾਨਾਂ ਦੀ ਆਈ ਇਕ ਹੋਰ ਵੀਡੀਓ ਸਾਹਮਣੇ

## ਨੌਜਵਾਨਾਂ ਨੇ 'ਬਚਾ ਲੈਣ' ਦੀ ਭਾਰਤ ਸਰਕਾਰ ਨੂੰ ਕੀਤੀ ਅਪੀਲ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਭਾਰਤ ਦੇ ਸੱਤ ਨੌਜਵਾਨ ਜਿਨ੍ਹਾਂ ਦੀ ਰਸ਼ੀਆ ਤੋਂ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਕਰੀਬ ਇੱਕ ਮਹੀਨਾ ਪਹਿਲਾਂ ਵਾਇਰਲ ਹੋਈ ਸੀ ਜਿਸ ਵਿੱਚ ਨੌਜਵਾਨ ਜੋ ਪੰਜਾਬ ਅਤੇ ਹਰਿਆਣਾ ਸੂਬੇ ਦੇ ਦੱਸਦੇ ਹੋਏ ਕਹਿ ਰਹੇ ਸਨ ਕਿ ਉਹ ਰੂਸ ਵਿੱਚ ਘੁੰਮਣ ਲਈ ਆਏ ਸਨ, ਜਿੱਥੇ ਉਨ੍ਹਾਂ ਨੂੰ ਫੜ ਲਿਆ ਗਿਆ ਅਤੇ ਜ਼ਬਰਦਸਤੀ ਫੌਜ ਵਿੱਚ ਭਰਤੀ ਕਰ ਕੇ ਯੂਕਰੇਨ ਲਿਆਂਦਾ ਗਿਆ ਹੈ ਅਤੇ ਜੰਗ ਵਿੱਚ ਭੇਜਿਆ ਜਾ ਰਿਹਾ ਹੈ।ਭਾਵੇਂ ਕਿ ਵੀਡੀਓ ਦੇ ਵਾਇਰਲ ਹੋਣ ਤੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੇ ਇਸ ਮਾਮਲੇ ਨੂੰ ਉਦੋਂ ਸੰਜੀਦਾ ਲੈਂਦੇ ਹੋਏ ਜਲਦ ਨੌਜਵਾਨਾਂ ਦੀ ਮਦਦ ਲਈ ਪਰਿਵਾਰਾਂ ਨੂੰ ਭਰੋਸਾ ਦਿੱਤਾ ਸੀ, ਲੇਕਿਨ ਹੁਣ ਦੋਬਾਰਾ ਉਨ੍ਹਾਂ ਨੌਜਵਾਨਾਂ ਦੀਆਂ ਦੋ ਹੋਰ ਵੀਡੀਓ ਆਈਆਂ ਹਨ, ਜਿਸ 'ਚ ਨੌਜਵਾਨ ਦੱਸ ਰਹੇ ਹਨ ਕਿ ਉਹ ਫੌਜ ਕੋਲ ਹੀ ਹਨ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਉਸ ਜਗ੍ਹਾ 'ਤੇ ਭੇਜਿਆ ਗਿਆ ਹੈ ਜਿੱਥੇ ਜੰਗ ਲੱਗੀ ਹੋਈ ਹੈ। ਉਥੇ ਹੀ ਵੀਡੀਓ 'ਚ ਮਜੂਦ ਨੌਜਵਾਨਾਂ 'ਚੋਂ ਇਕ ਨੌਜਵਾਨ ਗੁਰਦਾਸਪੁਰ ਦੇ ਪਿੰਡ ਡੇਹਰੀਵਾਲ ਕਿਰਨ ਦਾ ਗਗਨਦੀਪ ਸਿੰਘ ਹੈ ਅਤੇ ਪਿੱਛੇ ਉਸਦੇ ਪਰਿਵਾਰ 'ਚ ਮਾਤਾ-ਪਿਤਾ ਦਾ ਬੁਰਾ ਹਾਲ ਹੈ ਅਤੇ ਗਗਨਦੀਪ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਨੇ ਗੱਲਬਾਤ ਕਰਦੇ ਆਪਣੇ ਬੇਟੇ ਅਤੇ ਉਸਦੇ ਨਾਲ ਜੋ ਸਾਥੀ ਸਨ, ਉਨ੍ਹਾਂ ਦਾ ਹਾਲ ਬਿਆਨ ਕੀਤਾ ਅਤੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸਦੇ ਬੇਟੇ ਗਗਨਦੀਪ ਨੇ ਫ਼ੋਨ ਕਰ ਕੇ ਹਾਲਾਤ ਦੱਸੇ ਹਨ ਕਿ ਉਨ੍ਹਾਂ ਨੂੰ ਅੱਗੇ ਭੇਜਿਆ ਸੀ ਅਤੇ ਉਨ੍ਹਾਂ ਨੂੰ ਬੰਕਰਾਂ 'ਚ ਰੱਖਿਆ ਅਤੇ ਬੰਦੂਕਾਂ ਅਤੇ ਗੋਲੇ ਫੜਾ ਦਿਤੇ ਸਨ। ਪਿਤਾ ਬਲਵਿੰਦਰ ਸਿੰਘ ਦੱਸਦੇ ਹਨ ਕਿ ਉਨ੍ਹਾਂ ਆਪਣੇ ਪੁੱਤ ਦੀ ਘਰ ਵਾਪਿਸੀ ਲਈ ਕੇਂਦਰ ਸਰਕਾਰ ਤੋਂ ਅਪੀਲ ਕੀਤੀ ਹੈ ਅਤੇ ਪੰਜਾਬ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੀ ਘਰ ਆ ਕੇ ਭਰੋਸਾ ਦੇ ਕੇ ਗਏ ਸਨ ਲੇਕਿਨ ਹੁਣ ਤੱਕ ਕੁਝ ਨਹੀਂ ਹੋਇਆ ਹੈ ਅਤੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰ ਰਹੇ ਹਨ ਕਿ ਉਹ ਇਸ ਮਾਮਲੇ 'ਚ ਜਲਦ ਕਦਮ ਚੁੱਕਣ ਅਤੇ ਜਲਦ ਉਨ੍ਹਾਂ ਦੇ ਬੱਚੇ ਅਤੇ ਹੋਰ ਜੋ ਨੌਜਵਾਨ ਉਥੇ ਫਸੇ ਹਨ ਉਨ੍ਹਾਂ ਨੂੰ ਜਲਦ ਭਾਰਤ ਵਾਪਿਸ ਲਿਆਂਦਾ ਜਾਵੇ।

# ਜਥੇਬੰਦੀਆਂ ਨੇ ਪੈਦਲ ਰੋਸ ਮਾਰਚ ਕੱਢਿਆ

ਮੱਖੂ (ਰਛਪਾਲ ਸਿੰਘ ਸੰਧੂ)-ਪਿੰਡ ਸੱਧਰਵਾਲਾ ਵਿਖੇ ਬਾਬਾ ਠਾਕੁਰ ਸਿੰਘ ਦਮਦਮੀ ਟਕਸਾਲ ਵਾਲਿਆਂ ਦਾ ਗੁਰਦੁਆਰਾ ਅਕਾਲ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਭੁਪਿੰਦਰ ਸਿੰਘ ਦਮਦਮੀ ਟਕਸਾਲ ਵਾਲਿਆਂ ਦੇ ਹੱਕ ਵਿੱਚ ਭਾਰਤੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਇਲਾਕੇ ਦੀਆਂ ਭਾਰੀ ਗਿਣਤੀ ਵਿੱਚ ਸੰਗਤਾਂ ਵੱਲੋ ਹੱਥਾਂ ਵਿਚ ਕਾਲੀਆਂ ਝੰਡੀਆਂ ਫੜ ਕੇ ਬਹੁਤ ਹੀ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਅਕਾਲ ਦਰਬਾਰ ਤੋਂ ਪੈਦਲ ਰੋਸ ਮਾਰਚ ਗੁਰਦੁਆਰਾ ਸਾਹਿਬ ਬਾਬਾ ਬਾਠਾਂ ਵਾਲਾ ਤੱਕ ਕੱਢਿਆ। ਪੈਦਲ ਰੋਸ ਮਾਰਚ ਵਿਚ ਹਾਜਰ ਸੰਗਤਾਂ ਵੱਲੋਂ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਗਿਆ। ਇਸ ਪੈਦਲ ਰੋਸ ਮਾਰਚ ਮੌਕੇ ਜਥੇਬੰਦੀਆਂ ਦੇ ਆਗੂਆਂ ਵੱਲੋਂ ਡੀਐਸਪੀ ਜ਼ੀਰਾ ਗੁਰਦੀਪ ਸਿੰਘ ਸੰਧੂ ਨੂੰ ਮੰਗ ਪੱਤਰ ਸੌਂਪਦਿਆਂ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਸਾਰਾ ਇਲਾਕਾ ਬਾਬਾ ਭੁਪਿੰਦਰ ਸਿੰਘ ਦੇ ਨਾਲ ਖੜਿਆ ਹੈ।ਇਸ ਪੈਦਲ ਰੋਸ ਮਾਰਚ ਦੌਰਾਨ ਲੱਗੇ ਚੋਣ ਜਾਬਤੇ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਅਤੇ ਇਹ ਮਾਰਚ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਕੀਤਾ ਗਿਆ। ਇਸ ਮਾਰਚ ਵਿੱਚ ਬੀਕੇਯੂ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ, ਬੀਕੇਯੂ ਰਾਜੇਵਾਲ ਦੇ ਸੂਬਾਈ ਸਕੱਤਰ ਪਰਗਟ ਸਿੰਘ ਤਲਵੰਡੀ, ਸਰਪ੍ਰਸਤ ਗੁਰਦੇਵ ਸਿੰਘ ਵਾਰਸਵਾਲਾ, ਗੁਰਵਿੰਦਰ ਸਿੰਘ ਢਿੱਲੋਂ ਬਾਹਰਵਾਲੀ ਐਗਜੈਕਟਿਵ ਕਮੇਟੀ ਮੈਂਬਰ, ਪਰਗਟ ਸਿੰਘ ਲਹਿਰਾ, ਗੁਰਚਰਨ ਸਿੰਘ ਪੀਰ ਮੁਹੰਮਦ, ਜੋਗਿੰਦਰ ਸਿੰਘ ਸਭਰਾ ਸੀਨੀਅਰ ਮੀਤ ਪ੍ਰਧਾਨ ਪੰਜਾਬ, ਗੁਰਪਾਲ ਸਿੰਘ ਸਭਰਾ ਸੀਨੀਅਰ ਆਗੂ ਜ਼ਿਲ੍ਹਾ ਫਿਰੋਜ਼ਪੁਰ, ਡਾ. ਬਲਵੰਤ ਸਿੰਘ ਸਿੱਧੂ, ਜਰਨੈਲ ਸਿੰਘ ਸੰਧੂ ਵਰਿਆਂ ਮੀਤ ਪ੍ਰਧਾਨ ਪੰਜਾਬ, ਇਕਬਾਲ ਸਿੰਘ ਜੱਗੇਵਾਲਾ, ਗੁਰਲਾਲ ਸਿੰਘ ਸਿੱਧੂ ਸ਼ੀਹਾਂਪਾੜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਸਿੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ ।



# ਆਈ ਐੱਸ ਐੱਫ ਕਾਲਜ ਦੇ ਵਿਦਿਆਰਥੀਆਂ ਵੱਲੋਂ ਸੀਵਰੇਜ ਟਰੀਟਮੈਂਟ ਪਲਾਂਟ ਦਾ ਦੌਰਾ



ਮੋਗਾ (ਇਕਬਾਲ ਸਿੰਘ ਖਹਿਰਾ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ ਫਾਰਮੇਸੀ ਦੇ ਡਿਪਲੋਮਾ ਪਹਿਲੇ ਸਾਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸੀਵਰੇਜ ਟਰੀਟਮੈਂਟ ਪਲਾਂਟ ਮੋਗਾ ਦਾ ਦੌਰਾ ਕੀਤਾ। ਸੰਸਥਾ ਦੇ ਡਾਇਰੈਕਟਰ ਡਾ. ਜੀ ਡੀ ਗੁਪਤਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਫਾਰਮੇਸੀ ਕੌਂਸਲ ਆਫ਼ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਜਾਣਕਾਰੀ ਹਾਸਲ ਕੀਤੀ ਹੈ। ਉਨ੍ਹਾ ਦੱਸਿਆ ਕਿ ਡੀ. ਫਾਰਮ ਹੈੱਡ ਕਰਿਸ਼ਮਾ ਅਗਰਵਾਲ ਤੇ ਸਾਕਸ਼ੀ ਗੁਪਤਾ ਦੇ ਨਾਲ ਸੀਵਰੇਜ ਟਰੀਟਮੈਂਟ ਪਲਾਂਟ ਦੇ ਕਾਰਜਕਾਰੀ ਇੰਜਨੀਅਰ ਸੁਪਿੰਦਰ ਸਿੰਘ ਤੇ ਐੱਸ ਡੀ ਓ ਗੁਰਵਿੰਦਰ ਸਿੰਘ, ਜੇ ਈ ਨੀਰਜ ਗੋਇਲ, ਜੇ ਈ ਨਾਲ ਪਹਿਲੇ ਸਾਲ ਦੇ ਡਿਪਲੋਮਾ ਫਾਰਮੇਸੀ ਦੇ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਗਈ। ਗੁਰਪ੍ਰੀਤ ਸਿੰਘ ਨੇ ਸੀਵਰੇਜ ਟਰੀਟਮੈਂਟ ਪਲਾਂਟ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਵਿਦਿਆਰਥੀਆਂ ਨੂੰ ਪਾਣੀ ਨੂੰ ਸਾਫ਼ ਕਰਨ ਤੇ ਪਾਣੀ ਨੂੰ ਖੇਤੀ ਲਈ ਲਾਹੇਵੰਦ ਬਣਾਉਣ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਪਾਣੀ ਦੀ ਸ਼ੁੱਧਤਾ, ਕਲੋਰੀਨੇਸ਼ਨ, ਕੋਏਗੂਲੇਸ਼ਨ, ਫਿਲਟਰੇਸ਼ਨ, ਬੈਕਟੀਰੀਆ ਮੁਕਤ ਪਾਣੀ ਆਦਿ ਸਬੰਧੀ ਸਵਾਲਾਂ ਦੇ ਜਵਾਬ ਦਿੱਤੇ ਗਏ। ਇਸ ਦੌਰੇ ਦੌਰਾਨ ਸੰਸਥਾ ਦੇ ਡਾਇਰੈਕਟਰ ਡਾ. ਜੀ ਡੀ ਗੁਪਤਾ ਤੇ ਡਾ. ਆਰ ਕੇ ਨਾਰੰਗ ਨੇ ਸੀਵਰੇਜ ਟਰੀਟਮੈਂਟ ਪਲਾਂਟ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ: ਮੁਸਕਾਨ ਗਰਗ, ਡਾਇਰੈਕਟਰ ਡਾ: ਜੀ ਡੀ ਗੁਪਤਾ, ਪ੍ਰਿੰਸੀਪਲ ਡਾ: ਆਰ ਕੇ ਨਾਰੰਗ ਨੇ ਵਿਦਿਆਰਥੀਆਂ ਨੂੰ ਸੀਵਰੇਜ ਟਰੀਟਮੈਂਟ ਪਲਾਂਟ ਦੇ ਦੌਰੇ ਦੀ ਸਫ਼ਲਤਾ 'ਤੇ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਇਸ ਫੀਲਡ ਦੌਰੇ ਦਾ ਭਰਪੂਰ ਲਾਭ ਮਿਲੇਗਾ।

# ਪੁਲਸ ਪ੍ਰਸ਼ਾਸਨ ਵੱਲੋਂ ਭੁਮੱਦੀ 'ਚ ਬੈਲ ਗੱਡੀਆਂ ਦੀਆਂ ਦੌੜਾਂ ਬੰਦ ਕਰਾਈਆਂ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪਿੰਡ ਭੁਮੱਦੀ ਵਿਖੇ ਬੈਲ ਦੌੜਾਕਾਂ ਵੱਲੋਂ ਬੈਲ ਗੱਡੀਆਂ ਭਜਾਉਣ ਦੀ ਖੇਡ ਰੱਖੀ ਹੋਈ ਸੀ।ਇਸ ਖੇਡ ਨੂੰ ਬੰਦ ਸਿਵਲ ਪ੍ਰਸ਼ਾਸਨ ਤੇ ਪੁਲਸ ਕਰਾਉਣ ਲਈ ਕਿਸੇ ਅਗਿਆਤ ਵਿਅਕਤੀ ਵੱਲੋਂ ਸਿਵਲ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਗਈ।ਸ਼ਿਕਾਇਤ ਮਿਲਣ ਤੋਂ ਬਾਅਦ ਥਾਣਾ ਸਦਰ ਦੇ ਐਸਐਚ ਓ ਹਰਦੀਪ ਸਿੰਘ ਆਪਣੀ ਪੁਲਸ ਫੋਰਸ ਲੈ ਕੇ ਬੈਲ ਗੱਡੀਆਂ ਦੀ ਦੌੜ ਕਰਾ ਰਹੇ ਪ੍ਰਬੰਧਕਾਂ ਕੋਲ ਪਹੁੰਚੇ ਤੇ ਖੇਡ ਪ੍ਰਬੰਧਕਾਂ ਨਾਲ ਗੱਲਬਾਤ ਕਰਕੇ ਤੇ ਬੈਲ ਗੱਡੀਆਂ ਦੀ ਖੇਡ ਬੰਦ ਕਰਾਈ ਗਈ।ਪਿੰਡ ਭੁਮੱਦੀ ਵਾਸੀਆਂ, ਇਲਾਕਾ ਨਿਵਾਸੀਆਂ, ਖੇਡ ਪ੍ਰੇਮੀਆਂ ਤੇ ਬੈਲ ਦੌੜਾਕਾਂ ਵਿੱਚ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਖਿਲਾਫ ਬਹੁਤ ਜਿਆਦਾ ਗੁੱਸੇ ਵਿੱਚ ਦਿਖਾਈ ਦਿੱਤੇ। ਖੇਡ ਮੇਲੇ ਵਿੱਚ ਪੰਜਾਬ ਭਰ ਵਿੱਚੋਂ ਬੈਲ ਗੱਡੀਆਂ ਦੇ ਪ੍ਰਸ਼ੰਸਕ ਪਹੁੰਚੇ ਹੋਏ ਸਨ।ਬੈਲ ਦੌੜਾਕ ਹਜ਼ਾਰਾਂ ਰੁਪਏ ਦਾ ਤੇਲ ਫੂਕ ਕੇ ਇਸ ਖੇਡ ਵਿੱਚ ਆਪਣੇ ਬੈਲ ਭਜਾਉਣ ਲਈ ਆਏ ਹੋਏ ਸਨ। ਬੈਲ ਦੌੜਾਕਾਂ ਦੇ ਮਨ ਵਿੱਚ ਸ਼ਿਕਾਇਤ ਕਰਨ ਵਾਲੇ ਵਿਅਕਤੀ ਦੇ ਵਿਰੁੱਧ ਵਿੱਚ ਬਹੁਤ ਜ਼ਿਆਦਾ ਗੁੱਸਾ ਸੀ।ਇਸ ਸਮੇਂ ਬੈਲ ਗੱਡੀਆਂ ਦੌੜਕ ਕਮੇਟੀ ਦੇ ਜਰਨਲ ਸਕੱਤਰ ਨਿਰਮਲ ਸਿੰਘ ਨਿੰਮਾ ਲਲੌੜੀ ਕਲਾਂ ਨੇ ਕਿਹਾ ਗਿਆ ਕਿ ਸਾਨੂੰ ਪਿਛਲੇ ਕੁੱਝ ਮਹੀਨੇ ਪਹਿਲਾਂ ਸੁਪਰੀਮ ਕੋਰਟ ਵੱਲੋਂ ਪਿੰਡਾਂ ਵਿੱਚ ਬੈਲ ਗੱਡੀਆਂ ਦੀਆਂ ਦੌੜਾਂ ਕਰਾਉਣ ਸਬੰਧੀ ਸਾਨੂੰ ਇਜਾਜ਼ਤ ਮਿਲੀ ਹੋਈ ਹੈ।ਉਨ੍ਹਾਂ ਵੱਲੋਂ ਦੇਸ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ 21 ਨਵੰਬਰ 2023 ਨੂੰ ਇੱਕ ਚਿੱਠੀ ਜਾਰੀ ਕਰਕੇ ਪੰਜਾਬ ਦੇ ਬੈਲ ਦੌੜਾਕਾਂ ਨੂੰ ਭਰੋਸਾ ਦਿਵਾਇਆ। ਇਸ ਚਿੱਠੀ ਵਿੱਚ ਲਿਖਿਆ ਹੈ ਕਿ ਤੁਹਾਡੇ ਸਾਰੇ ਕਾਗ਼ਜ਼ ਪੱਤਰ ਸਾਡੇ ਕੋਲ ਪਹੁੰਚ ਚੁੱਕੇ ਹਨ, ਅਸੀਂ ਤੁਹਾਡੇ ਮਸਲੇ ਦਾ ਹੱਲ ਪਹਿਲ ਦੇ ਅਧਾਰ 'ਤੇ ਜਲਦੀ ਤੋਂ ਜਲਦੀ ਕਰਾਂਗੇ।ਅਮਿਤ ਸ਼ਾਹ ਵੱਲੋਂ ਦਿੱਤੀ ਇੱਕ ਚਿੱਠੀ ਵਿੱਚ ਲਿਖਿਆ ਹੋਇਆ ਹੈ।ਇਹ ਚਿੱਠੀ ਨਿਰਮਲ ਸਿੰਘ ਲਲੌੜੀ ਵੱਲੋਂ ਪੱਤਰਕਾਰਾਂ ਨੂੰ ਦਿਖਾਈ ਗਈ।ਪੁਲਸ ਵੱਲੋਂ ਬੈਲ ਦੌੜਾਕਾਂ ਨਾਲ ਧੱਕਾਸ਼ਾਹੀ ਕਰਕੇ ਬੈਲ ਗੱਡੀਆਂ ਨਹੀਂ ਭਜਾਉਣ ਦਿੱਤੀਆਂ।ਪੁਲਸ ਦੀ ਇਸ ਧੱਕੇਸ਼ਾਹੀ ਦਾ ਬੈਲ ਦਾ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ।ਇਸ ਮੌਕੇ ਬੈਲ ਦੌੜਾਕ ਕਮੇਟੀ ਦੇ ਜਨਰਲ ਸਕੱਤਰ ਨਿਰਮਲ ਸਿੰਘ ਨਿੰਮਾ, ਅਮਰਜੀਤ ਸਿੰਘ ਪੱਪੂ ਭੋਏਪੁਰ, ਜਗਰੂਪ ਸਿੰਘ ਜਰਗੜੀ, ਜਸਵੰਤ ਸਿੰਘ ਧੌਲ ਮਾਜਰਾ ਨੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਵਾਲ ਕਰਦੇ ਆਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਹ ਬਿਆਨ ਦਿਆ ਕਰਦੇ ਸਨ ਕਿ ਪੰਜਾਬ ਦੀਆਂ ਵਿਰਾਸਤੀ ਖੇਡਾਂ ਬੈਲ ਗੱਡੀਆਂ ਦੀਆਂ ਦੌੜਾਂ ਪੰਜਾਬ ਵਿੱਚੋਂ ਕਦੇ ਵੀ ਬੰਦ ਨਹੀਂ ਹੋਣਗੀਆਂ, ਜਦੋਂ ਸਾਡੀ ਸਰਕਾਰ ਆਵੇਗੀ ਤਾਂ ਮੈਂ ਖੁਦ ਗੱਡੀ ਉੱਪਰ ਬੈਠ ਕੇ ਬੈਲ ਗੱਡੀ ਭਜਾਵਾਂਗਾ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤੇ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੈ ਫਿਰ ਇਹ ਬੈਲ ਗੱਡੀਆਂ ਦੀਆਂ ਦੌੜਾਂ ਪੰਜਾਬ ਵਿੱਚ ਕਿਉਂ ਨਹੀਂ ਹੋ ਰਹੀਆਂ।ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਅੱਜ ਬੈਲ ਗੱਡੀਆਂ ਦੀਆਂ ਦੌੜਾਂ ਕਿਉਂ ਬੰਦ ਹਨ। ਐਸਐਚ ਓ ਸਦਰ ਇੰਸਪੈਕਟਰ ਹਰਦੀਪ ਸਿੰਘ ਨਾਲ ਗੱਲ ਕਰੀ ਤਾਂ ਉਨ੍ਹਾਂ ਕਿਹਾ ਇਹ ਖੇਡ ਕਾਨੂੰਨੀ ਪ੍ਰਕਿਰਿਆ ਅਧੀਨ ਹੈ।

# ਬੱਸ ਯਾਤਰਾ ਧਾਰਮਕ ਸਥਾਨਾਂ ਲਈ ਰਵਾਨਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਸ਼੍ਰੀ ਬਾਲਾ ਜੀ ਬੱਸ ਸੇਵਾ ਮੰਡਲ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਸੰਗਤਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਾਏ ਜਾ ਰਹੇ ਰਹੇ ਹਨ।ਇਸੇ ਲੜੀ ਨੂੰ ਜਾਰੀ ਰੱਖਦਿਆਂ ਸ਼੍ਰੀ ਬਾਲਾ ਜੀ ਬੱਸ ਸੇਵਾ ਮੰਡਲ ਵੱਲੋਂ 24ਵੀਂ ਬੱਸ ਯਾਤਰਾ ਧਾਰਮਿਕ ਸਥਾਨਾਂ ਲਈ ਰਵਾਨਾਂ ਕੀਤੀ ਗਈ।24ਵੀਂ ਬੱਸ ਯਾਤਰਾ ਨੂੰ ਰਵਾਨਾ ਕਰਨ ਦੀ ਰਸਮ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਗੌਰਵ ਖੁਰਾਣਾ ਮਾਤੂ ਸ਼੍ਰੀ ਵਾਲੇ ਤੇ ਪਵਨ ਗੋਇਲ ਸਮਾਜ ਸੇਵੀ ਵੱਲੋਂ ਹਰੀ ਝੰਡੀ ਦਿਖਾ ਕੇ ਕੀਤੀ ਗਈ।ਬੱਸ ਯਾਤਰਾ ਸੰਗਤਾਂ ਨੂੰ ਸ਼੍ਰੀ ਸਾਲਾਸਰ ਧਾਮ, ਸ਼੍ਰੀ ਖਾਟੂ ਜੀ ਧਾਮ ਅਤੇ ਸ਼੍ਰੀ ਇੱਛਾਪੂਰਨ ਮੰਦਰ ਦੇ ਦਰਸ਼ਨ ਕਰਾਏਗੀ ਇਸ ਮੌਕੇ ਮੰਡਲ ਦੇ ਮੈਂਬਰਾਂ ਸੁਰਿੰਦਰ ਬਾਂਸਲ, ਯੋਗੇਸ਼ ਬਾਂਸਲ ਯੋਗੀ, ਰਾਜ ਦਵਿੰਦਰ ਕਟਾਰੀਆ, ਆਸ਼ੂਤੋਸ਼ ਭੰਡਾਰੀ, ਚੰਦਰ ਬਾਂਸਲ, ਨਰੇਸ਼ ਕੁਮਾਰ ਮੰਗਾ, ਸਚਿਨ ਸਿੰਗਲਾ, ਰਮੇਸ਼ ਕੁਮਾਰ ਟੋਨੀ, ਕਰਮਵੀਰ ਕਟਾਰੀਆ, ਵਿੱਕੀ ਲੂੰਬਾ, ਸੂਰਜ ਗਰਗ ਅਤੇ ਅਨਮੋਲ ਠਕੁਰਾਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਹ ਯਾਤਰਾ ਪਿਛਲੇ ਲੰਮੇ ਸਮੇਂ ਤੋਂ ਕਰਾਈ ਜਾ ਰਹੀ ਹੈ ਤੇ ਜੋ ਵੀ ਵਿਅਕਤੀ ਜਾਂ ਸ਼ਰਧਾਲੂ ਧਾਰਮਿਕ ਯਾਤਰਾ ਕਰਨਾ ਚਾਹੁੰਦਾ ਹੈ ਤਾਂ ਉਹ ਕਿਸੇ ਵੀ ਮੈਂਬਰ ਨੂੰ ਆਪਣਾ ਨਾਂਅ ਦਰਜ ਕਰਵਾ ਸਕਦਾ ਹੈ।ਇਸ ਮੌਕੇ ਮੰਡਲ ਦੇ ਮੈਂਬਰਾਂ ਵੱਲੋਂ ਗੌਰਵ ਖੁਰਾਣਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।

# ਗੁਰਦੁਆਰਾ ਪ੍ਰਬੰਧਕਾਂ ਵੱਲੋਂ ਲੰਗਰ ਲਗਾਉਣ ਵਾਲਿਆਂ ਦਾ ਸਨਮਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪਿਛਲੇ ਕਈ ਸਾਲਾਂ ਤੋਂ ਫਿਰੋਜ਼ਪੁਰ ਦੇ ਪਿੰਡ ਕੀਮੇਵਾਲ, ਚਿਰਾਗਵਾਲੀ, ਰੰਗੇਵਾਲੀ ਤੇ ਹਸਮਤਵਾਲਾ ਤੋਂ ਹੋਲਾ-ਮਹੱਲਾ ਮੌਕੇ ਇੱਕ ਹਫ਼ਤੇ ਲਈ ਲੰਗਰ ਲਗਾਉਣ ਵਾਲੇ ਸੇਵਾਦਾਰਾਂ ਦਾ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸਮਾਪਤੀ ਮੌਕੇ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਨ੍ਹਾਂ ਚਾਰੇ ਪਿੰਡਾਂ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਹੋਲਾ-ਮਹੱਲਾ ਮੌਕੇ ਇੱਕ ਹਫ਼ਤਾ ਪਹਿਲਾਂ ਹੀ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜੋ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਲਈ ਸਹੂਲਤ ਵਜੋਂ ਕੰਮ ਕਰਦਾ ਹੈ। ਇਸ ਲੰਗਰ ਵਿੱਚ ਆਮ ਸਾਦੇ ਪ੍ਰਸ਼ਾਦੇ ਤੋਂ ਇਲਾਵਾ ਵੱਖ-ਵੱਖ ਪਕਵਾਨ ਲੱਡੂ, ਜਲੇਬੀ, ਬਰਫ਼ੀ, ਸਮੋਸੇ, ਬਰੈੱਡ, ਖੀਰ ਆਦਿ ਵੀ ਵਰਤਾਈ ਜਾਂਦੀ ਹੈ। ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਵੀ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ। ਲੰਗਰ ਲਗਾਉਣ ਵਾਲਿਆਂ ਨੇ ਆਪਣੇ ਨਾਮ ਨਾ ਛਾਪਣ ਦੀ ਸੂਰਤ ਵਿੱਚ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਹੀ ਸੰਗਤਾਂ ਦੀ ਸੇਵਾ ਕਰਦੇ ਰਹਿਣਗੇ। ਗੁਰਦੁਆਰਾ ਪ੍ਰਬੰਧਕਾਂ ਵਿੱਚ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਇੰਸਪੈਕਟਰ ਮਨਜਿੰਦਰ ਸਿੰਘ, ਗੁਰਬਚਨ ਸਿੰਘ, ਅਕਾਊਂਟੈਂਟ ਸੁਖਦੇਵ ਸਿੰਘ, ਰਿਕਾਰਡ ਕੀਪਰ ਭੁਪਿੰਦਰ ਸਿੰਘ, ਖਜ਼ਾਨਚੀ ਜਸਪਿੰਦਰ ਸਿੰਘ, ਸਟੋਰ ਕੀਪਰ ਗੁਲਜ਼ਾਰ ਸਿੰਘ, ਸੇਵਾਦਾਰ ਮਨਦੀਪ ਸਿੰਘ ਆਦਿ ਮੌਜੂਦ ਸਨ।


## COURT NOTICE

Court Notice
(U/o 5 Rule 20 CPC)
In The Cour of
Sh. Barinder Singh Ramana
Principal Judge Family Court,
Rupnagar
CNR No. PBRO01-004465-2022
Next Date :- 26-04-2024
Manjinder Kumar Bhargav
Vs.
Swati Bhargav Alias Swati Kapil
Petition U/s 13 of Hindu Marriage Act
Publication Issued to :
Swati Bhargav Alias Swati Kapil Wife of Manjinder Kumar Bhargav and Daughter of Rajesh Kapli R/o Village Majri, Tehsil Kharar, District SAS Nagar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26.04.2024 at 10:00 A.M.

For details logon to https://highcourtchd.gov.in/?trs=district_notice&district= ropar

Principal Judge, Family Court,
Rupnagar
Dated this day of 21-03-2024

## Appx

**Registration of Vendor for Local Purchase of Medicines and Consumable from OGLP and ECHS fund for FY 2024-25**

Applications with full requisite documents insealed envelope are invited from OEM/OEM authorized distributor for local purchase of medicines, surgical and consumables items by 172 MH for Fy 24-25 through Limited Tender Enquiry. Application form my be collected from this hospital from 09.00 hrs to 13.00 hrs wef 01 Apr. 2024 which are to be submittd on or before 1200hrs on 06 Apr. 2024. The vendor/firm will be accepted subject to verification of original documents on a date which be notified by mail.

ਬੈਂਕ ਔਫ਼ ਬੜੌਦਾ Bank of Baroda

Branch:- Focal Point, B-XXX,, 1626-C, Sherpur Road, Behind Aarti Steeel, Ludhiana PB -141010

## ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਫੋਕਲ ਪੁਆਇੰਟ, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦੇ ਦਿੰਦੇ ਡਿਮਾਂਡ ਨੋਟਿਸ ਜਾਰੀ ਕੀਤੇ ਹਨ। ਕਰਜ਼ਦਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਫੋਕਲ ਪੁਆਇੰਟ, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ ਜਮ੍ਹਾਂ, ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ: | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਖੜ੍ਹੀ ਰਕਮ |
|---|---|---|---|---|---|
| 1. | (ਕਰਜ਼ਦਾਰ) :- ਸ੍ਰੀ ਮੁਸ਼ਫੀਕ ਆਲਮ ਪੁੱਤਰ ਫਰਮੂਦੀਨ, ਮਕਾਨ ਨੰ: 586, ਗਲੀ ਨੰ: 2, ਜਨਕਪੁਰੀ, ਨੇੜੇ ਚੀਮਾ ਚੌਕ, ਲੁਧਿਆਣਾ-141008 | ਵਪਾਰਕ ਜਾਇਦਾਦ ਦੀ ਈ ਐਮ ਡੀ ਟੀ ਡੀ, ਐੱਮ ਸੀ ਨੰ: -ਬੀ- XXIII-649/1 , ਗਲੀ ਨੰ: 2, ਜਾਇਦਾਦ ਰਕਬਾ 50 ਵਰਗ ਗਜ਼, ਖਸਰਾ ਨੰ: 90, ਖੱਤਾ ਨੰ: 1000/1341, ਜਮ੍ਹਾਂਬੰਦੀ ਸਾਲ 1999-2000, (ਖੱਤਾ ਨੰ: 1012/1363, ਜਮ੍ਹਾਂਬੰਦੀ ਸਾਲ 2009-2010) ਪਿੰਡ ਢੋਲੇਵਾਲ ਵਿਖੇ ਸਥਿਤ, ਹੱਦਬਸਤ ਨੰ: 174, ਅਬਾਦੀ ਗਲੀ ਨੰ: 2, ਮੁਹੱਲਾ ਜਨਕਪੁਰੀ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ। ਬੈਨਾਮਾ ਵਸੀਕਾ ਨੰ: 14724 ਮਿਤੀ 13/12/2005, ਹੱਦਾਂ ਬੈਨਾਮੇ ਅਨੁਸਾਰ, ਉੱਤਰ : (29'-06") ਮਦਨ ਲਾਲ, ਪੂਰਬ : (14'-09") ਹੋਰ ਮਾਲਕ, ਦੱਖਣ : (30'-06") ਹੋਰ ਮਾਲਕ, ਪੱਛਮ : (14'-09") ਗਲੀ 12' ਚੌੜੀ। | 23.01.2024 | 29.03.2024 | ਸੰਕੇਤਕ ਕਬਜ਼ਾ 31.12.2023 ਨੂੰ ਰੁਪਏ 9,83,209.64 (ਰੁਪਏ ਨੌਂ ਲੱਖ ਤਰਿਆਸੀ ਹਜ਼ਾਰ ਦੋ ਸੌ ਨੌਂ ਰੁਪਏ ਅਤੇ ਚੌਂਹਠ ਪੈਸੇ ਕੇਵਲ) ਤੁਸਾਂ ਨੂੰ 31.12.2023 ਤੋਂ ਭਵਿੱਖੀ ਵਿਆਜ ਅਤੇ ਵਿਆਜ 'ਤੇ ਹੋਰ ਕਾਨੂੰਨੀ ਚਾਰਜਿਜ਼ ਅਦਾ ਕਰਨੇ ਹੋਣਗੇ। |
| 2. | (ਕਰਜ਼ਦਾਰ) :-ਸ੍ਰੀ ਆਰ ਏ ਰੋਸ਼ਨ, ਮਕਾਨ ਨੰ: 586, ਗਲੀ ਨੰ: 2, ਜਨਕਪੁਰੀ, ਨੇੜੇ ਚੀਮਾ ਚੌਕ, ਲੁਧਿਆਣਾ-141008. | ਰਿਹਾਇਸ਼ੀ ਜਾਇਦਾਦ ਦੀ ਈ ਐਮ ਡੀ ਟੀ ਡੀ, ਐੱਮ ਸੀ ਨੰ: -ਬੀ- XXIII-586 ਰਕਬਾ 75 ਵਰਗ ਗਜ਼, ਖਸਰਾ ਨੰ: 8/17, ਜਮ੍ਹਾਂਬੰਦੀ ਸਾਲ 1999-2000 (ਖੱਤਾ ਨੰ: 8/17) ਜਮ੍ਹਾਂਬੰਦੀ ਸਾਲ 2009-10 ਪਿੰਡ ਢੋਲੇਵਾਲ ਵਿਖੇ ਸਥਿਤ, ਹੱਦਬਸਤ ਨੰ: 174, ਅਬਾਦੀ ਗਲੀ ਨੰ: 2, ਮੁਹੱਲਾ ਜਨਕਪੁਰੀ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ। ਬੈਨਾਮਾ ਵਸੀਕਾ ਨੰ: 6740 ਮਿਤੀ 15/07/2004, ਹੱਦਾਂ ਬੈਨਾਮੇ ਅਨੁਸਾਰ, ਉੱਤਰ : (31'-06") ਮਕਾਨ ਨੰ: 587, ਹੰਸ ਰਾਜ, ਪੂਰਬ : (21'-06") , ਗਲੀ ਨੰ: 2, 12' ਚੌੜੀ, ਦੱਖਣ : (31'-06"), ਮਕਾਨ ਨੰ: 585, ਪੱਛਮ : (21'-06") ਗੁਆਂਢੀ। | 23.01.2024 | 29.03.2024 | ਸੰਕੇਤਕ ਕਬਜ਼ਾ 31.12.2023 ਨੂੰ ਰੁਪਏ 29,05,636.77/- (ਰੁਪਏ ਉਨੱਤੀ ਲੱਖ ਪੰਜ ਹਜ਼ਾਰ ਛੇ ਸੌ ਛੱਤੀ ਰੁਪਏ ਅਤੇ ਸਤੱਤਰ ਪੈਸੇ ਕੇਵਲ) ਤੁਸਾਂ ਨੂੰ 31.12.2023 ਤੋਂ ਭਵਿੱਖੀ ਵਿਆਜ ਅਤੇ ਵਿਆਜ 'ਤੇ ਹੋਰ ਕਾਨੂੰਨੀ ਚਾਰਜਿਜ਼ ਅਦਾ ਕਰਨੇ ਹੋਣਗੇ। |
| 3. | (ਕਰਜ਼ਦਾਰ) :-ਮੈਸ. ਐੱਸ ਆਰ ਚਵਾਇਸ, ਮਕਾਨ ਨੰ: 586, ਗਲੀ ਨੰ: 2, ਜਨਕਪੁਰੀ, ਨੇੜੇ ਚੀਮਾ ਚੌਕ, ਲੁਧਿਆਣਾ-141008. | ਜਾਇਦਾਦ ਦੀ ਈ ਐਮ ਡੀ ਟੀ ਡੀ, ਐੱਮ ਸੀ ਨੰ: -ਬੀ- XXIII-586 ਰਕਬਾ 75 ਵਰਗ ਗਜ਼, ਖਸਰਾ ਨੰ: 8/17, ਜਮ੍ਹਾਂਬੰਦੀ ਸਾਲ 1999-2000 (ਖੱਤਾ ਨੰ: 8/17) ਜਮ੍ਹਾਂਬੰਦੀ ਸਾਲ 2009-10 ਪਿੰਡ ਢੋਲੇਵਾਲ ਵਿਖੇ ਸਥਿਤ, ਹੱਦਬਸਤ ਨੰ: 174, ਅਬਾਦੀ ਗਲੀ ਨੰ: 2, ਮੁਹੱਲਾ ਜਨਕਪੁਰੀ, ਜ਼ਿਲ੍ਹਾ ਲੁਧਿਆਣਾ। ਵਸੀਕਾ ਨੰ: 6740 ਮਿਤੀ 15.07.2004, ਹੱਦਾਂ ਬੈਨਾਮੇ ਅਨੁਸਾਰ, ਉੱਤਰ : (31'-06") ਮਕਾਨ ਨੰ: 587, ਹੰਸ ਰਾਜ, ਪੂਰਬ : (21'-06") , ਗਲੀ ਨੰ: 2, 12' ਚੌੜੀ, ਦੱਖਣ : (31'-06"), ਮਕਾਨ ਨੰ: 585, ਪੱਛਮ : (21'-06") ਗੁਆਂਢੀ। | 23.01.2024 | 29.03.2024 | ਸੰਕੇਤਕ ਕਬਜ਼ਾ 31.12.2023 ਨੂੰ ਰੁਪਏ 8,14013.34/-(ਰੁਪਏ ਅੱਠ ਲੱਖ ਚੌਦਾਂ ਹਜ਼ਾਰ ਤੇਰਾਂ ਰੁਪਏ ਅਤੇ ਚੌਂਤੀ ਪੈਸੇ ਕੇਵਲ) ਤੁਸਾਂ ਨੂੰ 31.12.2023 ਤੋਂ ਭਵਿੱਖੀ ਵਿਆਜ ਅਤੇ ਵਿਆਜ 'ਤੇ ਹੋਰ ਕਾਨੂੰਨੀ ਚਾਰਜਿਜ਼ ਅਦਾ ਕਰਨੇ ਹੋਣਗੇ। |

ਮਿਤੀ : 31.03.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

## ਕਲਾਸੀਫਾਈਡ ਇਸ਼ਤਿਹਾਰ

### Change of Name

I Veena Rani W/o Kamal Kishore R/o H.No. E.K. 319/3, Phagwara Gate, Jalandhar-144001, Punjab, have changed my name from Veena Rani to Veena belongs to one and same person.

I Bipasha D/o Bhupinder Pal R/o Vill. khalwara PO Pandori, Teh. phagwara , Kapurthala-144401, Punjab, have changed my name from Bipasha to Bipasha Nayyar .(surname as Nayyar).

I, Narinder Singh S/o Sh. Jarnail Singh R/o Ashiana, Green Avenue Puda Colony, Ward No 7, Anandpur Sahib Road, Garhshankar, Distt. Hoshiarpur, Punjab, India Have Changed My Minor Son's Name Vinenderdeep Singh To Vinenderdeep Singh Notey.

I, Narinder Singh S/O Sh. Jarnail Singh R/o Ashiana, Green Avenue Puda Colony, Ward No 7, Anandpur Sahib Road, Garhshankar, Distt. Hoshiarpur, Punjab, India Have Changed My Minor Son's Name Japharshdeep Singh To Japharshdeep Singh Notey.

I, Sukhvant Singh S/O Bhagat Singh R/O Vpo Chohal Tehsil Hoshiarpur, Distt. Hoshiarpur Have Changed My Name Sukhvant Singh To Sukhwant Singh.

I, Jeet Singh S/o Garja Singh R/o H.No.16, 1 Amar Garden Sandour Road, Sanaur, Patiala, Punjab-147103, have changed my name and shall hereafter be Known as Surjit Singh. All Please Note.

I, Satish Chander Mehta Alias Satish Mehta Alias Satish Mohan Mehta S/o Iqbal Mohan Mehta, R/o H.No.1182, Third Floor, Near MVN School, Sector-17, PO: Sector-16 A, Faridabad, Haryana-121002, have changed my name and shall hereafter be Known as Satish Chander Mohan Mehta.

I, Ripkao W/o George Mand R/o Mand Kulla, Kapurthala, Punjab-144631. have changed my name and shall hereafter be Known as Ripka Mand. All Please Note.

I, Sweta Bansal D/o Subhash Kumar R/o Flat No-034, Tower G2, Indian Bull Centrum Park, Daultabad(53), Haryana- 122006. have changed my name and shall hereafter be Known as Shwetashree Bansal. All Please Note.

I, Neeta Panwar W/o Vikrant Rajput R/o H.No.495, Sector- 7, Urban Estate Karnal h Haryana 132001 have changed the name of my minor daughter Urvii Rajput to Urvii Rajput Alias Urvii Panwar. All Please Note.

I, Jasleen Kaur D/o Kulwant Singh Deol R/o VPO. Chiheru, Tehsil Phagwara, Distt.Kapurthala, Punjab have changed my name from Jasleen Kaur to Jasleen Kaur Deol. All Please Note.

### Change of Name

I, Harpreet Kaur D/o Bagicha Singh W/o Balvir Singh R/o VPO. Ucha, Distt. Jalandhar declare that Harpreet Kaur and Kamaljeet Kaur is one and the same person. All Please Note.

I, Sharndip Singh S/o Mangal Singh R/o VPO. Fattu Dhinga, Distt. Kapurthala-144601, Punjab have changed my name spelling as Sharandeep Singh (Singh is Surname) All Please Note.

I, Mohan Lal s/o Late. Darshan Ram r/o H.No. 413A, Baba Ishar Singh Nagar, Pholriwal, Jalandhar have changed the name of my son from Kirat Mohan lal to Kirat Mohan Singh. All Please Note.

I, Ritik Ghai s/o Kuldip Kumar r/o H.No.WM-24, Dr. Goyal Wali Gali, Basti Guzan, Jalandhar-144002, Punjab have changed my name to Kunal Ghai. All Please Note.

I Baljinder Singh S/O Avtar Singh R/O Vill Indna Kalas Ke Po Dosanjh Kalan Tehsil Phillaur Distt Jalandhar Have Changed My Name Baljinder Singh To Baljinder Singh Dosanjh.

I Gurwinder Kaur W/O Baljinder Singh Dosanjh R/O Vill Indna Kalas Ke Po Dosanjh Kalan Tehsil Phillaur Distt Jalandhar Have Changed My Name From Gurwinder Kaur To Gurwinder Kaur Dosanjh.

I Dilpreet Singh S/O Baljinder Singh Dosanjh R/O Vill Indna Kalas Ke Po Dosanjh Kalan Tehsil Phillaur Distt Jalandhar Have Changed My Name From Dilpreet Singh To Dilpreet Singh Dosanjh .

I Jaspreet Kaur D/O Sukhdev Lal R/O Vpo Paddi Jagir Tehsil Phillaur Distt Jalandhar Have Changed My Name From Jaspreet Kaur To Surname As Kaur And Given Name As Jaspreet. All Note.

I hitherto known as Manpreet D/O Jeet Ram R/O House No-C 51, Trar Village, Trar, Jalandhar, Pubjab-144026 have changed my name and shall hereafter be known as Manpreet Kaur.

### ਨਾਂਅ ਦੀ ਬਦਲੀ

ਮੈਂ, ਸਰਵਜੀਤ ਪੁੱਤਰ ਪਾਲ ਰਾਮ ਵਾਸੀ ਪਿੰਡ ਕਟਾਣਾ, ਡਾਕ. ਅੱਪਰਾ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਸਰਬਜੀਤ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਸ਼ੀਤਾ ਕਲਾਂ, ਪੱਤੀ ਮੱਤੇ ਕੀ, ਤਹਿਸੀਲ/ਜ਼ਿਲ੍ਹਾ ਅੰਮ੍ਰਿਤਸਰ-143413 ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਦਾ ਨਾਂਅ ਫਕੀਰ ਸਿੰਘ ਤੋਂ ਬਦਲ ਕੇ ਅੰਮ੍ਰਿਤਪਾਲ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

### Change of Name

I, Kulwant Singh Deol S/o Nirmal Singh R/o VPO.Chiheru, Tehsil Phagwara, Distt.Kapurthala, Punjab have changed my minor child name from Sukhman Singh to Sukhman Singh Deol. All Please Note.

I, Harsh Dhawan S/o Om Prakash Dhawan R/o Golf Course Extension Road, UT E-25 01, Tower-E, Ireo Uptown, Sector-66, Badshahpur, Gurgaon, Haryana- 122101, have changed my name and shall hereafter be Known as Harsshh Dhawan. All Please Note.

### ਬੇਦਖਲੀ ਨੋਟਿਸ

ਮੈਂ, ਡਾਕਟਰ ਬਿਮਲ ਸ਼ਰਮਾ ਪੁੱਤਰ ਸ਼੍ਰੀ ਕ੍ਰਿਸ਼ਨ ਚੰਦਰ ਸ਼ਰਮਾ ਵਾਸੀ H.No- 980, ਸੈਕਟਰ 12A, ਪੰਚਕੂਲਾ (ਹਰਿਆਣਾ) ਘੋਸ਼ਣਾ ਕਰਦਾ ਹਾਂ ਕਿ ਮੇਰੀ ਪਤਨੀ ਸ੍ਰੀਮਤੀ ਅਨੀਤਾ ਅਤੇ ਮੇਰਾ ਪੁੱਤਰ ਅੰਕੁਸ਼ ਸ਼ਰਮਾ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ। ਇਸ ਲਈ ਮੈਂ ਆਪਣੀ ਪਤਨੀ ਤੇ ਪੁੱਤਰ ਨੂੰ ਆਪਣੀ ਸਾਰੀ ਚਲ ਅਚਲ ਸੰਪਤੀ ਤੋਂ ਬੇਦਖਲ ਕਰਦਾ ਹਾਂ। ਭਵਿੱਖ ਵਿਚ ਜੋ ਵੀ ਓਹਨਾ ਨਾਲ ਲੈਣ ਦੇਣ ਕਰੇਗਾ ਉਹ ਖੁਦ ਆਪ ਜਿੰਮੇਵਾਰ ਹੋਵੇਗਾ।

ਮੈਂ ਗੁਲਜ਼ਾਰ ਸਿੰਘ ਆਧਾਰ ਕਾਰਡ ਨੰਬਰ 4891 6613 1243 ਪੁੱਤਰ ਅਜੀਤ ਸਿੰਘ ਪਿੰਡ ਬੱਦੋਵਾਲ ਡਾਕਖਾਨਾ ਚੌਧਰੀਵਾਲ ਤਹਿਸੀਲ ਬਟਾਲਾ ( ਗੁਰਦਾਸਪੁਰ ) ਦਾ ਹਾਂ। ਮੇਰਾ ਲੜਕਾ ਜੁਗਰਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਉਸ ਦੇ ਕਿਸੇ ਪਵਨਪ੍ਰੀਤ ਕੌਰ ਨਾਲ ਨਜਾਇਜ਼ ਸਬੰਧ ਹਨ। ਇਸ ਲਈ ਮੈਂ ਉਸ ਨੂੰ 06-01-2024 ਤੋਂ ਆਪਣੀ ਚੱਲ/ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਹੈ ਉਸ ਨਾਲ ਲੈਣ ਦੇਣ ਕਰਨ ਵਾਲਾ ਆਪ ਜ਼ਿੰਮੇਵਾਰ ਹੋਵੇਗਾ।

### ਆਮ ਸੂਚਨਾ

ਮੈਂ, ਗੰਧਰਵ ਸੈਨ ਪੁੱਤਰ ਰਾਮ ਆਸਰਾ ਵਾਸੀ ਮਕਾਨ ਨੰ. 5, ਸਾਹਮਣੇ ਇਲਡੇਕੋ ਆਰ.ਸੀ.ਐਫ ਕਲੋਨੀ, ਖਾਂਬਰਾ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਅਸ਼ੂਤੋਸ਼ ਅਤੇ ਉਸਦੀ ਪਤਨੀ ਰਿਤੂ ਬਾਂਗਰ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 24-02-2024 ਨੂੰ ਇੰਡੀਅਨ ਐਕਸਪ੍ਰੈਸ ਅਤੇ ਨਵਾਂ ਜ਼ਮਾਨਾ ਅਤੇ ਉੱਤਮ ਹਿੰਦੂ ਅਖ਼ਬਾਰ ਵਿੱਚ ਦਿੱਤੇ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਸ਼ੂਤੋਸ਼ ਅਤੇ ਉਸਦੀ ਪਤਨੀ ਰਿਤੂ ਬਾਂਗਰ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

### PUBLIC NOTICE

Sealed tenders are invited for School Canteen (2024-25) in M.G.N. PUBLIC School Adarsh Nagar Jalandhar latest by 2.4.2024, 10 a.m. Principal.

I, Gurjit Singh S/o Late. Sawaran Singh R/o Vill. Kurali, Po. Lambra, Distt. Jalandhar, Punjab declare that my son Pawandeep Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# 'ਭਾਜਪਾ ਨੂੰ ਬੇਨਕਾਬ ਕਰਨ ਦੀ ਮੁਹਿੰਮ ਲੋਕਾਂ ਤੱਕ ਪਚਾਈ ਜਾਵੇਗੀ'

**ਲੁਧਿਆਣਾ (ਐੱਮ ਐੱਸ ਭਾਟੀਆ)**-ਐੱਸ ਕੇ ਐੱਮ ਦੀ ਰਾਸ਼ਟਰੀ ਤਾਲਮੇਲ ਕਮੇਟੀ (ਐਨ ਸੀ ਸੀ) ਨੇ ਰੋਹਤਕ ਵਿਖੇ ਆਪਣੀ ਮੀਟਿੰਗ ਵਿੱਚ ਰਾਮ ਲੀਲਾ ਮੈਦਾਨ ਵਿੱਚ 14 ਮਾਰਚ ਦੀ ਮਹਾਂਪੰਚਾਇਤ ਵਿੱਚ ਭਾਜਪਾ ਦੀਆਂ ਵਿਨਾਸ਼ਕਾਰੀ ਕਾਰਪੋਰੇਟ ਪੱਖੀ ਨੀਤੀਆਂ ਤੇ ਤਾਨਾਸ਼ਾਹੀ ਦਾ ਵਿਰੋਧ ਕਰਨ, ਬੇਨਕਾਬ ਕਰਨ ਤੇ ਸਬਕ ਸਿਖਾਉਣ ਦੇ ਦਿੱਤੇ ਗਏ ਸੱਦੇ ਦਾ ਸਮਰਥਨ ਕੀਤਾ ਹੈ।ਸੰਯੁਕਤ ਕਿਸਾਨ ਮੋਰਚਾ ਦੇ ਮੀਡੀਆ ਸੈੱਲ ਨੇ ਕਿਹਾ ਕਿ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਸਤਿਆਵਾਨ, ਡਾ. ਅਸ਼ੀਸ਼ ਮਿੱਤਲ, ਇੰਦਰਜੀਤ ਸਿੰਘ, ਜੋਗਿੰਦਰ ਨੈਨ, ਕੇ ਡੀ ਸਿੰਘ ਅਤੇ ਚੰਦਰ ਸ਼ੇਖਰ 'ਤੇ ਅਧਾਰਤ ਅੱਠ ਮੈਂਬਰੀ ਪ੍ਰਧਾਨਗੀ ਮੰਡਲ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਸੌ ਦੇ ਕਰੀਬ ਕਿਸਾਨ ਆਗੂਆਂ ਨੇ ਸ਼ਮੂਲੀਅਤ ਕੀਤੀ। ਐਸਕੇਐਮ ਦੇ ਆਗੂਆਂ ਨੇ ਦੱਸਿਆ ਕਿ ਐਸਕੇਐਮ ਰਾਜ ਪੱਧਰ ਤੇ ਟਰੇਡ ਯੂਨੀਅਨਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ ਤੇ ਗੈਰ ਸਰਕਾਰੀ ਸੰਗਠਨਾਂ ਆਦਿ ਨਾਲ ਕਨਵੈਨਸ਼ਨ ਕਰ ਕੇ ਵਿਸ਼ੇਸ਼ ਯੋਜਨਾਵਾਂ ਤਿਆਰ ਕਰਨਗੇ। ਮੀਟਿੰਗ ਨੇ ਦੇਸ਼ ਭਰ ਵਿੱਚ ਜ਼ਮੀਨੀ ਪੱਧਰ ਤੱਕ ਮਹਾਂਪੰਚਾਇਤਾਂ ਤੇ ਰੈਲੀਆਂ ਦੇ ਆਯੋਜਨ ਦੁਆਰਾ ਤਿੱਖੀ ਜਨ ਮੁਹਿੰਮ ਰਾਹੀਂ ਭਾਜਪਾ ਨੂੰ ਸਬਕ ਸਿਖਾਉਣ ਦੇ ਸੱਦੇ ਨੂੰ ਅਮਲ ਵਿੱਚ ਲਿਆਉਣ ਲਈ ਇੱਕ ਵਿਸਤ੍ਰਿਤ ਯੋਜਨਾ ਤਿਆਰ ਕੀਤੀ ਹੈ।ਕਿਸਾਨ ਮਜ਼ਦੂਰ ਏਕਤਾ ਨੂੰ ਹੋਰ ਜਨਤਕ ਜਥੇਬੰਦੀਆਂ ਤੇ ਸਮਾਜਿਕ ਜਥੇਬੰਦੀਆਂ ਨੂੰ ਇਸ ਦੇ ਘੇਰੇ ਵਿੱਚ ਲੈ ਕੇ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸੰਭਵ ਪਲੇਟਫਾਰਮ ਵਿੱਚ ਸ਼ਾਮਲ ਕਰਕੇ ਰੋਜ਼ੀ-ਰੋਟੀ ਦੀ ਤਬਾਹੀ, ਸਮਾਜਿਕ ਤਾਣੇ-ਬਾਣੇ ਦੀ ਰਾਖੀ ਤੇ ਸੰਵਿਧਾਨਕ ਸੰਸਥਾਵਾਂ ਦੀ ਰਾਖੀ ਲਈ ਇੱਕ ਲੋਕ ਲਹਿਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

# ਚੋਣਾਂ 'ਚ ਲੋਕ ਧਰਮ ਨਿਰਪੱਖ ਤੇ ਇਮਾਨਦਾਰ ਆਗੂਆਂ ਦੀ ਚੋਣ ਕਰਨ : ਫੈਡਰੇਸ਼ਨ ਮਹਿਤਾ



ਪ੍ਰੈੱਸ ਨਾਲ ਗੱਲਬਾਤ ਕਰਦੇ ਭਾਈ ਜਸਪਾਲ ਸਿੰਘ ਤੇ ਸਾਥੀ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਗਾਮੀ ਲੋਕ ਸਭ ਚੋਣਾਂ ਵਿੱਚ ਜਨਤਾ ਧਰਮ ਨਿਰਪੱਖ ਤੇ ਇਮਾਨਦਾਰ ਵਿਅਕਤੀਆਂ ਦੀ ਚੋਣ ਕਰਕੇ ਇੱਕ ਸਾਫ ਸੁਥਰੇ ਵਿਅਕਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਵੇ, ਜਿਸ ਨਾਲ ਪੂਰੇ ਭਾਰਤ ਦਾ ਨਾਮ ਦੁਨੀਆ ਵਿੱਚ ਰੌਸ਼ਨ ਹੋਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਧਾਰਮਿਕ, ਸਮਾਜਿਕ ਤੇ ਰਾਜਨੀਤਕ ਖੇਤਰ ਦੀ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਆਗੂਆਂ ਨੇ ਅੱਜ ਪ੍ਰੈੱਸ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ ਤੇ ਕੌਮੀ ਮੀਤ ਪ੍ਰਧਾਨ ਸੁਖਦੇਵ ਸਿੰਘ ਲਾਡਾ ਤੇ ਸਾਥੀਆਂ ਨੇ ਕਿਹਾ ਕਿ ਫਿਰਕਾਪ੍ਰਸਤ ਆਗੂਆਂ ਦੇ ਸੱਤਾ 'ਚ ਆਉਣ ਨਾਲ ਸਾਰੇ ਦੇਸ਼ ਦੀ ਸਥਿਤੀ ਡਾਵਾਂ ਡੋਲ ਬਣੀ ਰਹਿੰਦੀ ਹੈ ਅਤੇ ਦੇਸ਼ ਤਰੱਕੀ ਨਹੀਂ ਕਰ ਸਕਦਾ, ਕਿਉਂਕਿ ਅਜਿਹੇ ਆਗੂ ਕਿਸੇ ਖਾਸ ਧਰਮ ਦੇ ਹੀ ਹੋ ਕੇ ਰਹਿ ਜਾਂਦੇ ਹਨ ਅਤੇ ਦੂਜੇ ਧਰਮਾਂ ਨੂੰ ਪੂਰਾ ਇਨਸਾਫ ਨਾ ਮਿਲਣ ਕਰਕੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਹੁੰਦਾ ਹੈ ਅਤੇ ਉਨ੍ਹਾਂ ਨੂੰ ਸਿਰਫ ਧਰਨਿਆਂ ਮੁਜ਼ਾਹਰਿਆਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ, ਜਿਸ ਕਰਕੇ ਕੋਈ ਵੀ ਕੰਮ ਅਸਾਨੀ ਨਾਲ ਨਹੀਂ ਹੋ ਸਕਦਾ। ਭਾਈ ਜਸਪਾਲ ਸਿੰਘ ਤੇ ਸਾਥੀਆਂ ਨੇ ਕਿਹਾ ਕਿ ਜੇ ਦੇਸ਼ ਦੀ ਸਰਕਾਰ ਨਿਰਪੱਖ ਰੂਪ ਵਿੱਚ ਸਾਰੇ ਧਰਮਾਂ ਦਾ ਸਤਿਕਾਰ ਕਰੇ ਤਾਂ ਉਸ ਦੀ ਵਿਰੋਧਤਾ ਨਾ ਹੋਣ ਕਰਕੇ ਸਾਰੇ ਕੰਮ ਅਸਾਨੀ ਨਾਲ ਸਿਰੇ ਚੜ੍ਹ ਜਾਂਦੇ ਹਨ। ਆਗੂਆਂ ਨੇ ਕਿਹਾ ਕਿ ਸਾਰੇ ਦੇਸ਼ ਦੇ ਨਾਗਰਿਕਾਂ ਨੂੰ ਬਰਾਬਰ ਦਾ ਸਤਿਕਾਰ ਤੇ ਕਾਨੂੰਨ ਵੀ ਸਾਰਿਆਂ ਲਈ ਇੱਕ ਹੀ ਹੋਣਾ ਚਾਹੀਦਾ ਹੈ। ਆਖਰ ਵਿੱਚ ਉਕਤ ਆਗੂਆਂ ਨੇ ਦੇਸ਼ ਦੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਵੋਟ ਪਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਕੇ ਕਿਸੇ ਉੱਚੀ ਤੇ ਸੁੱਚੀ ਸੋਚ ਰੱਖਣ ਵਾਲੇ ਵਿਅਕਤੀ ਨੂੰ ਹੀ ਵੋਟ ਪਾਉਣ। ਇਸ ਮੌਕੇ ਭਾਈ ਜਸਪਾਲ ਸਿੰਘ, ਸੁਖਦੇਵ ਸਿੰਘ ਲਾਡਾ ਤੋਂ ਇਲਾਵਾ ਜਰਨੈਲ ਸਿੰਘ ਗਾਬੜੀਆ, ਡਾ. ਗੁਰਮੀਤ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਬੱਬੀ, ਕੁਲਦੀਪ ਸਿੰਘ ਨੱਢਾ, ਮਿਹਰ ਸਿੰਘ ਜੋਸਨ, ਰਣਜੀਤ ਸਿੰਘ ਬੱਬਲੂ, ਗੁਰਮੇਲ ਸਿੰਘ ਭੇਡੀਆ, ਜਗਦੇਵ ਸਿੰਘ ਲਾਡੀ, ਬਲਕਾਰ ਸਿੰਘ ਤੇ ਮੰਗਲ ਸਿੰਘ ਆਦਿ ਆਗੂ ਹਾਜ਼ਰ ਸਨ।

## ਕਣਕ ਪ੍ਰਬੰਧਾਂ ਨੂੰ ਲੈ ਕੇ ਐੱਸ ਡੀ ਐੱਮ ਨੇ ਨਵੀਂ ਦਾਣਾ ਮੰਡੀ ਦਾ ਕੀਤਾ ਦੌਰਾ



ਜਗਰਾਉਂ (ਸੰਜੀਵ ਅਰੋੜਾ)-ਕਣਕ ਸੀਜ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਗਾਮੀ ਪ੍ਰਬੰਧਾਂ ਨੂੰ ਲੈ ਕੇ ਸਥਾਨਕ ਐਸ. ਡੀ. ਐਮ. ਗੁਰਵੀਰ ਸਿੰਘ ਕੋਹਲੀ ਨੇ ਏਸ਼ੀਆ ਦੀ ਦੂਸਰੀ ਸਭ ਤੋਂ ਵੱਡੀ ਅਨਾਜ ਮੰਡੀ ਦਾ ਦੌਰਾ ਕੀਤਾ ਅਤੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਸੈਕਟਰੀ ਕੰਵਲਜੀਤ ਸਿੰਘ ਕਲਸੀ ਵੀ ਹਾਜ਼ਰ ਸਨ। ਐਸ. ਡੀ. ਐਮ. ਨੇ ਮੰਡੀ 'ਚ ਸਾਫ਼ ਸਫਾਈ, ਪਾਣੀ ਦੇ ਪ੍ਰਬੰਧਾਂ ਨੂੰ ਦੇਖਿਆ ਅਤੇ ਤਸੱਲੀ ਪ੍ਰਗਟਾਈ। ਇਸ ਮੌਕੇ ਐਸ. ਡੀ. ਐਮ ਕੋਹਲੀ ਨੇ ਕਿਹਾ ਕਿ ਕਣਕ ਦਾ ਸੀਜ਼ਨ ਸ਼ੁਰੂ ਹੋ ਰਿਹਾ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

# ਸਾਢੇ 4 ਕਿੱਲੋ ਅਫ਼ੀਮ ਤੇ 760 ਲੀਟਰ ਲਾਹਣ ਸਮੇਤ ਗ੍ਰਿਫ਼ਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬਸੀ ਪਠਾਣਾਂ ਪੁਲਸ ਵੱਲੋਂ 4 ਕਿੱਲੋ 500 ਗ੍ਰਾਮ ਅਫ਼ੀਮ ਤੇ 760 ਲੀਟਰ ਲਾਹਣ ਬਰਾਮਦਗੀ ਮਾਮਲੇ 'ਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਡੀ.ਐਸ.ਪੀ. ਬੱਸੀ ਪਠਾਣਾਂ ਮੋਹਿਤ ਕੁਮਾਰ ਸਿੰਗਲਾ ਨੇ ਦੱਸਿਆ ਕਿ ਚੋਣਾਂ ਦੇ ਮੱਦੇਨਜ਼ਰ ਬਸੀ ਪਠਾਣਾਂ ਪੁਲਸ ਵੱਲੋਂ ਮੋਰਿੰਡਾ ਰੋਡ ਟੀ-ਪੁਆਇੰਟ 'ਤੇ ਊਸ਼ਾ ਮਾਤਾ ਮੰਦਰ ਨਜ਼ਦੀਕ ਸਪੈਸ਼ਲ ਨਾਕਾਬੰਦੀ ਕੀਤੀ ਗਈ ਸੀ, ਜਿੱਥੇ ਬੀਤੀ ਸ਼ਾਮ ਪੌਣੇ ਕੁ ਸੱਤ ਵਜੇ ਦੇ ਕਰੀਬ ਮੋਰਿੰਡਾ ਸਾਈਡ ਤੋਂ ਸਕੂਟਰੀ 'ਤੇ ਆ ਰਿਹਾ। ਇੱਕ ਵਿਅਕਤੀ ਪੁਲਸ ਦੀ ਚੈਕਿੰਗ ਹੁੰਦੀ ਦੇਖ ਕੇ ਘਬਰਾ ਗਿਆ ਤੇ ਸਕੂਟਰੀ ਪਿੱਛੇ ਮੋੜਨ ਲੱਗ ਪਿਆ, ਜਿਸ ਨੂੰ ਕਾਬੂ ਕਰਕੇ ਪੁਲਸ ਕ੍ਰਮਚਾਰੀਆਂ ਵੱਲੋਂ ਉਸਦਾ ਨਾਂਅ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਪਛਾਣ ਨਾਜ਼ਰ ਸਿੰਘ ਵਾਸੀ ਪਿੰਡ ਬਿਲਾਸਪੁਰ ਵਜੋਂ ਦੱਸੀ।

ਸ਼ੱਕ ਪੈਣ 'ਤੇ ਐਸ.ਐਚ.ਓ. ਥਾਣਾ ਬਸੀ ਪਠਾਣਾਂ ਥਾਣੇਦਾਰ ਨਰਪਿੰਦਰ ਪਾਲ ਸਿੰਘ ਵੱਲੋਂ ਜਦੋਂ ਉਸ ਦੀ ਤਲਾਸ਼ੀ ਕੀਤੀ ਗਈ ਤਾਂ ਨਾਜ਼ਰ ਸਿੰਘ ਦੇ ਕਬਜ਼ੇ ਵਾਲੀ ਸਕੂਟਰੀ ਵਿੱਚੋਂ 4 ਕਿੱਲੋ 500 ਗ੍ਰਾਮ ਅਫ਼ੀਮ ਬਰਾਮਦ ਹੋਈ। ਬਸੀ ਪਠਾਣਾਂ ਵਿਖੇ ਅ/ਧ 18/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਨਾਜ਼ਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪੁਲਸ ਹਿਰਾਸਤ ਦੌਰਾਨ ਨਾਜ਼ਰ ਸਿੰਘ ਵੱਲੋਂ ਕੀਤੇ ਗਏ ਇੰਕਸ਼ਾਫ ਦੇ ਆਧਾਰ 'ਤੇ ਪੁਲਸ ਪਾਰਟੀ ਵੱਲੋਂ ਜਦੋਂ ਪਿੰਡ ਬਿਲਾਸਪੁਰ ਵਿਖੇ ਉਸ ਦੇ ਪਸ਼ੂਆਂ ਵਾਲੇ ਬਾੜੇ 'ਚ ਛਾਪੇਮਾਰੀ ਕੀਤੀ ਗਈ ਤਾਂ ਉਥੋਂ ਚਾਰ ਢੋਲਾਂ 'ਚ ਰੱਖੀ 760 ਲੀਟਰ ਲਾਹਣ ਬਰਾਮਦ ਹੋਈ, ਜਿਸ 'ਤੇ ਮੁੱਕਦਮੇ 'ਚ ਅ/ਧ 61/1/14 ਆਬਕਾਰੀ ਐਕਟ ਦਾ ਵਾਧਾ ਕਰਦੇ ਹੋਏ ਐਸ.ਐਚ.ਓ. ਨਰਪਿੰਦਰ ਪਾਲ ਸਿੰਘ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਨਾਜ਼ਰ ਸਿੰਘ ਵਿਰੁੱਧ ਪਹਿਲਾਂ ਵੀ ਵੱਖ ਵੱਖ ਥਾਣਿਆਂ 'ਚ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ।

# ਪੁਲਸ ਵੱਲੋਂ 1 ਕਿਲੋ ਅਫ਼ੀਮ ਸਮੇਤ ਇੱਕ ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**

ਭਾਗੀਰਥ ਸਿੰਘ ਮੀਨਾ ਐਸ.ਪੀ ਵੱਲੋਂ ਜ਼ਿਲ੍ਹਾ ਅੰਦਰ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਜਿੱਥੇ ਪੁਲਸ ਦੀਆਂ ਅਲੱਗ-ਅਲੱਗ ਟੁਕੜੀਆਂ ਬਣਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਨਸ਼ਾ ਤਸਕਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਤਹਿਤ ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ) ਤੇ ਜਸਪਾਲ ਸਿੰਘ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ ਤੇ ਪੁਲਸ ਪਾਰਟੀ ਵੱਲੋਂ ਕਾਰਵਾਈ ਕਰਦੇ ਹੋਏ 1 ਵਿਅਕਤੀ ਨੂੰ 1 ਕਿਲੋ ਅਫ਼ੀਮ ਸਮੇਤ ਕਾਬੂ ਕੀਤਾ ਗਿਆ ਹੈ।ਸੀ.ਆਈ.ਏ ਪੁਲਸ ਪਾਰਟੀ ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਚੱਕ ਕਾਲਾ ਸਿੰਘ ਵਾਲਾ ਮੌਜੂਦ ਸੀ ਤਾਂ ਇੱਕ ਵਿਅਕਤੀ ਪੁਲ ਸੂਆ ਪਰ ਖੜਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੀ ਬਿਨ੍ਹਾ 'ਤੇ ਉਸ ਵਿਅਕਤੀ ਦਾ ਨਾਂਅ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਸਵਰਨ ਕੁਮਾਰ ਪੁੱਤਰ ਖੁਸ਼ਹਾਲ ਸਿੰਘ ਵਾਸੀ ਪਿੰਡ ਸੋਹਣਗੜ੍ਹ ਰੱਤੇਵਾਲਾ ਥਾਣਾ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ ਦੱਸਿਆ।ਪੁਲਸ ਵੱਲੋਂ ਸ਼ੱਕ ਦੇ ਅਧਾਰ 'ਤੇ ਉਨ੍ਹਾਂ ਦੀ ਤਲਾਸ਼ੀ ਕੀਤੀ ਤਾਂ ਉਨ੍ਹਾਂ ਪਾਸੋਂ 1 ਕਿੱਲੋ ਅਫ਼ੀਮ ਬਰਾਮਦ ਹੋਈ, ਜਿਸ 'ਤੇ ਉਕਤ ਦੋਸ਼ੀ ਤੇ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਪੁਲਸ ਵਲੋਂ ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ।

# ਐੱਫ ਐੱਸ ਟੀ ਪੁਲਸ ਨੇ 24 ਬੋਤਲਾਂ ਸ਼ਰਾਬ ਠੇਕਾ ਅੰਗਰੇਜ਼ੀ ਕੀਤੀ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਐੱਫਐੱਸਟੀ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ 24 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਥਾਣਾ ਗੁਰੂਹਰਸਹਾਏ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਐੱਫ਼ ਐਸ ਟੀ ਦੇ ਇੰਚਾਰਜ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਲੋਕ ਸਭਾ ਚੋਣਾਂ 2024 ਦੌਰਾਨੇ ਚੈਕਿੰਗ ਏਰੀਆ ਗੁਰੂਹਰਸਹਾਏ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕੋਈ ਅਣਪਛਾਤੇ ਵਿਅਕਤੀ ਸਕੂਟਰੀ 'ਤੇ ਸਵਾਰ ਹੋ ਕੇ ਚੌਕ ਗ੍ਰਾਮੀਣ ਬੈਂਕ (ਨਾਨਕ ਚੌਂਕ) ਗੁਰੂਹਰਸਹਾਏ ਤੋਂ ਵੇਚਣ ਲਈ ਬਾਜ਼ਾਰ ਲੈ ਕੇ ਜਾ ਰਿਹਾ ਹੈ, ਜੇਕਰ ਹੁਣੇ ਇਸ ਦਾ ਪਿੱਛਾ ਕੀਤਾ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ ਦਾ ਪਿੱਛਾ ਕੀਤਾ ਗਿਆ ਤਾਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ ਤੇ ਮੌਕੇ 'ਤੇ 6 ਬੋਤਲਾਂ ਸਿਗਨੇਚਰ, 6 ਬੋਤਲਾਂ ਬਲੈਂਡਰ ਪ੍ਰਾਈਡ ਤੇ 12 ਬੋਤਲਾਂ ਆਰਸੀ ਅੰਗਰੇਜ਼ੀ ਸ਼ਰਾਬ ਬਰਾਮਦ ਹੋਈਆਂ।

ਪੁਲਸ ਨੇ ਦੱਸਿਆ ਕਿ ਉਕਤ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

# ਸਰਕਾਰੀ ਮੰਡੀਆਂ ਦਾ ਪ੍ਰਬੰਧ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਨਿਖੇਧੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੂਟਾ ਬੁਰਜ ਗਿੱਲ ਦੇ ਜਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ ਨੇ ਪਿੰਡ ਵੜਿੰਗ ਵਿਖੇ ਕਿਸਾਨਾਂ ਦੀ ਮੀਟਿੰਗ ਦੌਰਾਨ ਦੱਸਿਆ ਕਿ ਖੇਤੀ ਕਿਸਾਨੀ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਮੋਦੀ-ਸ਼ਾਹ ਸਰਕਾਰ ਦੇ ਚਿਰੋਕਣੀ ਦੇਸ਼ ਵਿਰੋਧੀ ਸਾਜ਼ਿਸ਼ ਦਾ ਨਵੇਂ ਸਿਰਿਓਂ ਮੁੱਢ ਬੰਨ੍ਹਣ ਵਾਲੇ ਉਕਤ ਫੈਸਲੇ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਹੈ।ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮੰਡੀਆਂ ਖਤਮ ਕਰਨ ਵਾਲੇ ਕਾਨੂੰਨ ਨੂੰ ਰੱਦ ਕਰਾਉਣ ਲਈ ਦੇਸ਼ ਦੇ ਕਿਸਾਨ-ਖੇਤ ਮਜ਼ਦੂਰ, ਆੜ੍ਹਤੀਏ, ਮੰਡੀਆਂ ਦੇ ਕਾਮੇ, ਆਮ ਖਪਤਕਾਰ ਤੇ ਪ੍ਰਚੂਨ ਵਪਾਰੀ ਕਿਵੇਂ ਸਾਂਝੇ ਘੋਲ ਦੇ ਮੈਦਾਨ ਵਿਚ ਨਿੱਤਰ ਆਏ ਸਨ।ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਕੇਂਦਰ ਦੇ ਦਬਾਅ ਹੇਠ ਸਰਕਾਰੀ ਮੰਡੀਆਂ ਦਾ ਪ੍ਰਬੰਧ ਕਾਰਪੋਰੇਟ ਘਰਾਣਿਆਂ ਨੂੰ ਦੇ ਰਹੀ ਹੈ।ਪੰਜਾਬ ਦੇ ਕਿਸਾਨ ਕੇਂਦਰ ਦੇ ਇਸ਼ਾਰਿਆਂ 'ਤੇ ਕਾਰਪੋਰੇਟ ਪੱਖੀ ਨੀਤੀਆਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ।

## ਕਾਤਰਾਂ

### ਲੋਕ ਭਾਜਪਾ ਤੇ 'ਆਪ' ਖ਼ਿਲਾਫ਼ ਖੁੱਲ੍ਹ ਕੇ ਸਾਹਮਣੇ ਆਉਣਗੇ : ਪਾਰਸ ਸ਼ਰਮਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਲੋਕ ਸਭਾ ਚੋਣਾਂ ਦੇ ਐਲਾਨ ਹੋਣ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਗੁੱਸਾ ਬਾਹਰ ਆਉਣ ਲੱਗ ਪਿਆ ਹੈ ਤੇ ਹੁਣ ਲੋਕ ਪੰਜਾਬ ਦੀ ਮਾਨ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਤੋਂ ਹਿਸਾਬ ਮੰਗਣਗੇ, ਜਿਹੜੀਆਂ ਇਨ੍ਹਾਂ ਨੇ ਲੋਕਾਂ ਨਾਲ ਵਧੀਕੀਆਂ ਕੀਤੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਲੋਕ ਸਭਾ ਸੋਸ਼ਲ ਮੀਡੀਆ ਕੋਆਰਡੀਨੇਟਰ ਪਾਰਸ ਸ਼ਰਮਾ ਨੇ ਲੋਕ ਸਭਾ ਚੋਣਾਂ ਨੂੰ ਲੈ ਕੇ ਕਿਹਾ ਕਿ ਮੋਦੀ ਸਰਕਾਰ ਦੇ ਦਸ ਸਾਲ ਦੇ ਸ਼ਾਸਨ ਵਿਚ ਦੇਸ਼ ਦੇ ਕਿਸਾਨਾਂ ਦੀ ਹਾਲਤ ਤਰਸਯੋਗ ਹੋ ਕੇ ਰਹਿ ਗਈ ਹੈ, ਜਿਹੜੇ ਆਪਣੀ ਪੁੱਤਾਂ ਵਾਂਗ ਪਾਲੀਆਂ ਫਸਲਾਂ ਦੇ ਮੁੱਲ ਲੈਣ ਲਈ ਸੜਕਾਂ 'ਤੇ ਰੁਲਣ ਲਈ ਮਜਬੂਰ ਕਰ ਦਿੱਤਾ ਗਿਆ ਹੈ ਤੇ ਆਮ ਛੋਟਾ ਵਪਾਰੀ ਟੈਕਸਾਂ ਦੀ ਮਾਰ ਹੇਠ ਦੱਬ ਕੇ ਮਜ਼ਦੂਰੀਆਂ ਕਰਨ ਲਈ ਮਜਬੂਰ ਕਰ ਦਿੱਤਾ ਤੇ ਮਜ਼ਦੂਰ ਤੇ ਗਰੀਬ ਪਰਿਵਾਰਾਂ ਨੂੰ ਰੋਟੀ ਦੇ ਜੁਗਾੜ ਲਈ ਪੰਜਾਬ ਛੱਡ ਕੇ ਦੂਜੇ ਸੂਬਿਆਂ ਵਿੱਚ ਦਿਹਾੜੀਆਂ ਕਰਨੀਆਂ ਪੈ ਰਹੀਆਂ ਹਨ।ਪਾਰਸ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਵੀ ਵੱਡੇ ਵੱਡੇ ਸੁਪਨੇ ਦਿਖਾ ਕੇ ਸਰਕਾਰ ਬਣਾਉਣ ਵਾਲੇ ਆਮ ਘਰਾਂ ਦੇ ਕਾਕੇ ਹੁਣ ਖਾਸ ਬਣਕੇ ਦੁਬਾਰਾ ਜਨਤਾ ਤੋਂ ਵੋਟਾਂ ਮੰਗਣ ਲਈ ਜਨਤਾ ਦੀ ਕਚਹਿਰੀ ਵਿਚ ਭੋਲਾ ਭਾਲਾ ਚਿਹਰਾ ਬਣਾ ਕੇ ਠੱਗਣ ਲਈ ਆ ਗਏ ਹਨ।ਪਾਰਸ ਸ਼ਰਮਾ ਨੇ ਕਿਹਾ ਕਿ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਕਾਂਗਰਸ ਦੇ ਉਮੀਦਵਾਰ ਨੂੰ ਵੱਡੀ ਗਿਣਤੀ ਵਿਚ ਵੋਟਾਂ ਪਾ ਕੇ ਹਲਕੇ ਦੇ ਲੋਕ ਦੋਵੇਂ ਪਾਰਟੀਆਂ ਨੂੰ ਸਬਕ ਸਿਖਾਉਣਗੇ ਤੇ ਆਮ ਆਦਮੀ ਪਾਰਟੀ ਨੇ ਪੰਜ ਮੰਤਰੀਆਂ ਨੂੰ ਟਿਕਟ ਦੇ ਕੇ ਆਪਣੀ ਹਾਰ ਪਹਿਲਾ ਹੀ ਮੰਨ ਲਈ ਕਿ ਹਾਰ ਤੋਂ ਬਾਅਦ ਵਿਧਾਇਕ ਤਾਂ ਬਣੇ ਰਹਿਣਗੇ, ਜੋ ਪੰਜਾਬ ਦੀ ਰਾਜਨੀਤੀ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ।

### ਮਾਨਸਿਕ ਪ੍ਰੇਸ਼ਾਨੀ ਕਾਰਨ ਲੜਕੀ ਵੱਲੋਂ ਖ਼ੁਦਕੁਸ਼ੀ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਇੱਕ ਲੜਕੀ ਵਲੋਂ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰਨ ਦਾ ਪਤਾ ਲੱਗਿਆ ਹੈ।ਜਸਵਿੰਦਰ ਕੌਰ (18) ਪੁੱਤਰੀ ਬੂਟਾ ਸਿੰਘ ਪਿਛਲੇ ਕੁੱਝ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ, ਇਸੇ ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਉਸ ਨੇ ਸ਼ੁੱਕਰਵਾਰ ਦੀ ਸ਼ਾਮ ਨੂੰ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ। ਪਰਵਾਰਕ ਮੈਂਬਰਾਂ ਵਲੋਂ ਤੁਰੰਤ ਨੀਮ ਬੇਹੋਸ਼ੀ ਦੀ ਹਾਲਤ 'ਚ ਜਸਪਿੰਦਰ ਕੌਰ ਨੂੰ ਇਲਾਜ ਲਈ ਬਰਨਾਲਾ ਦੇ ਇਕ ਹਸਪਤਾਲ 'ਚ ਭਰਤੀ ਕਰਾਇਆ ਗਿਆ, ਪਰ ਉਸ ਦੀ ਜਾਨ ਨਹੀਂ ਬਚ ਸਕੀ। ਮ੍ਰਿਤਕਾ ਨੇ ਅਜੇ ਥੋੜ੍ਹਾ ਸਮਾਂ ਪਹਿਲੀ ਹੀ +2 ਤੱਕ ਦੀ ਪੜ੍ਹਾਈ ਪੂਰੀ ਕੀਤੀ ਸੀ।ਮਹਿਲ ਕਲਾਂ ਪੁਲਸ ਨੇ ਮ੍ਰਿਤਕਾ ਦੇ ਪਿਤਾ ਬੂਟਾ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਤਹਿਤ ਸਿਵਲ ਹਸਪਤਾਲ ਬਰਨਾਲਾ ਤੋਂ ਪੋਸਟਮਾਰਟਮ ਕਰਾ ਕੇ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ।ਉਪਰੰਤ ਮ੍ਰਿਤਕਾ ਜਸਪਿੰਦਰ ਕੌਰ ਦਾ ਅੰਤਮ ਸੰਸਕਾਰ ਮਹਿਲ ਰਿਹਾ ਹੈ।

### ਸੇਵਾ ਭਾਰਤੀ ਨੇ ਲਾਇਆ ਮੁਫ਼ਤ ਮੈਡੀਕਲ ਕੈਂਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਗੋਨਿਆਨਾ ਰੋਡ 'ਤੇ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਸੇਵਾ ਭਾਰਤੀ ਵੱਲੋਂ ਨਰ ਸੇਵਾ ਨਾਰਾਇਣ ਸੇਵਾ ਦੇ ਤਹਿਤ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ 'ਚ ਕੁੱਲ 157 ਮਰੀਜ਼ਾਂ ਦਾ ਚੈੱਕਅਪ ਹੋਇਆ।ਸੇਵਾ ਭਾਰਤੀ ਦੇ ਪ੍ਰਧਾਨ ਡਾਕਟਰ ਵਰੁਣ ਬਜਾਜ, ਡਾਕਟਰ ਅਜੇ ਛਾਬੜਾ ਤੇ ਉਨ੍ਹਾਂ ਦੀ ਟੀਮ ਵੱਲੋਂ ਕੀਤਾ ਗਿਆ।ਰਿਚੀ ਭਟੇਜਾ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ।ਪ੍ਰਧਾਨ ਡਾਕਟਰ ਵਰੁਣ ਬਜਾਜ ਨੇ ਕਿਹਾ ਕਿ ਸੇਵਾ ਭਾਰਤੀ ਵੱਲੋਂ ਸਮੇਂ-ਸਮੇਂ ਸਿਰ ਅਜਿਹੇ ਕੈਂਪ ਲਾਏ ਜਾਂਦੇ ਨੇ ਤਾਂ ਜੋ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ।

# ਜਦੋਂ ਇੱਕ 'ਮਾਂ' ਨੇ ਆਪਣੇ ਚਾਰ ਬੱਚਿਆਂ ਦਾ ਮਾਤਮ ਮਨਾਇਆ... !



**ਸਮਰਾਲਾ (ਸੁਰਜੀਤ ਸਿੰਘ)**-ਕਿਹਾ ਜਾਂਦਾ ਹੈ ਕਿ ਜਿੱਥੇ ਰੱਬ ਖੁਦ ਹਾਜ਼ਰ ਨਹੀਂ ਹੋ ਸਕਦਾ ਤਾਂ ਉਹ ਆਪਣੇ ਪ੍ਰਤੀਨਿਧ ਮਾਂ ਦੇ ਰੂਪ ਵਿਚ ਆਪਣਾ ਦੂਤ ਭੇਜ ਦਿੰਦਾ ਹੈ।ਇਸ ਕਸਬੇ ਦੇ ਇੱਕ ਮੁਹੱਲੇ ਵਿਚ ਵੀ ਮਾਂ ਦੇ ਅਥਾਹ ਪਿਆਰ ਦੀ ਇੱਕ ਦਰਦਨਾਕ ਘਟਨਾ ਦੇਖਣ ਨੂੰ ਉਦੋਂ ਸਾਹਮਣੇ ਆਈ, ਜਦੋਂ ਸੜਕ ਹਾਦਸੇ ਵਿਚ ਇੱਕ ਤੋਂ ਬਾਅਦ ਇੱਕ ਆਪਣੇ ਚਾਰ ਬੱਚਿਆਂ ਵਿਚੋਂ ਇੱਕ ਕੁੱਤੀ ਨੇ ਆਪਣੇ ਤਿੰਨਾਂ ਨੂੰ ਗਵਾ ਦਿੱਤਾ ਤੇ ਚੌਥਾ ਵੀ ਸੜਕ ਹਾਦਸੇ ਵਿੱਚ ਜ਼ਖ਼ਮੀ ਹੋ ਗਿਆ।ਜਦੋਂ ਮੁਹੱਲੇ ਵਿੱਚ ਘੁੰਮਦੀ ਕੁੱਤੀ ਨੂੰ ਬੱਚੇ ਦੇ ਜ਼ਖ਼ਮੀ ਹੋਣ ਦਾ ਪਤਾ ਚੱਲਿਆ ਤਾਂ ਉਹ ਘਟਨਾ ਵਾਲੀ ਥਾਂ 'ਤੇ ਭੱਜੀ ਆਈ ਅਤੇ ਜ਼ਖ਼ਮੀ ਕਤੂਰੇ ਨੂੰ ਘੜੀਸ ਕੇ ਸੜਕ ਕਿਨਾਰੇ ਲੈ ਕੇ ਬੈਠ ਗਈ।ਦ੍ਰਿਸ਼ ਉਸ ਵੇਲੇ ਬਹੁਤ ਭਾਵੁਕ ਹੋ ਗਿਆ, ਜਦੋਂ ਲੋਕ ਜ਼ਖ਼ਮੀ ਕਤੂਰੇ ਨੂੰ ਦੇਖਣ ਲਈ ਰੁਕ ਜਾਂਦੇ ਅਤੇ ਕੁੱਤੀ ਉੱਥੇ ਮੌਜੂਦ ਲੋਕਾਂ ਦੇ ਪੈਰ ਚੁੰਮ ਚੁੰਮ ਕੇ ਤੇ ਪੂਛ ਹਿਲਾ-ਹਿਲਾ ਕੇ ਕਤੂਰੇ ਦੀ ਮਦਦ ਕਰਨ ਲਈ ਇਸ਼ਾਰੇ ਕਰਦੀ, ਪਰ ਕੋਈ ਉਸ ਦੀ ਮਦਦ ਨਾ ਕਰ ਸਕਿਆ।ਕੁੱਤੀ ਵੀ ਕਿਸੇ ਮਦਦ ਦੀ ਇੰਤਜ਼ਾਰ ਵਿਚ ਅੱਖਾਂ ਵਿਚ ਹੰਝੂ ਲਈ ਚੁਪਚਾਪ ਜ਼ਖ਼ਮੀ ਕਤੂਰੇ ਕੋਲ ਬੈਠੀ ਰਹੀ। ਅਜਿਹਾ ਲਗਾਤਾਰ ਦੋ ਦਿਨ ਤੱਕ ਚਲਦਾ ਰਿਹਾ।ਲੋਕ ਕੁੱਤੀ ਨੂੰ ਖਾਣਾ ਦੇਣ ਦੀ ਕੋਸ਼ਿਸ਼ ਕਰਦੇ ਰਹੇ, ਪਰ ਉਹ ਖਾਣਾ ਖਾਣ ਦੀ ਬਜਾਏ ਪੂਛ ਹਿਲਾ ਕੇ ਅਤੇ ਪੈਰ ਚੱਟ ਕੇ ਜ਼ਖ਼ਮੀ ਕਤੂਰੇ ਦੀ ਮਦਦ ਦੇ ਲਈ ਇਸ਼ਾਰੇ ਕਰਦੀ ਰਹੀ। ਆਖਰ ਕਤੂਰਾ ਸਹਿਕ-ਸਹਿਕ ਕੇ ਦਮ ਤੋੜ ਗਿਆ ਅਤੇ ਕੁੱਤੀ ਉਸ ਕਤੂਰੇ ਕੋਲ ਉਸ ਵੇਲੇ ਤੱਕ ਭੁੱਖੀ ਪਿਆਸੀ ਉਸਦੇ ਜ਼ਿੰਦਾ ਹੋਣ ਦੀ ਆਸ ਲਈ ਬੈਠੀ ਰਹੀ।ਜਦੋਂ ਕਤੂਰਾ ਮਰ ਗਿਆ ਤਾਂ ਉਹ ਬੇਵਸ ਹੋ ਕੇ ਉੱਥੋਂ ਚਲੀ ਗਈ।ਅੱਜ ਵੀ ਉਹ ਮੁਹੱਲੇ ਵਿਚ ਮਾਯੂਸ ਜਿਹੀ ਬਾਕੀ ਕੁੱਤਿਆਂ ਤੋਂ ਅਲੱਗ ਚੁੱਪ-ਚਾਪ ਅੱਖਾਂ ਵਿਚ ਹੰਝੂ ਲਈ ਆਪਣੇ ਮਰੇ ਬੱਚਿਆਂ ਦਾ ਮਾਤਮ ਮਨਾ ਰਹੀ ਦੇਖੀ ਜਾਂਦੀ ਹੈ।

# 28 ਬੋਤਲਾਂ ਸ਼ਰਾਬ ਠੇਕਾ ਅੰਗਰੇਜ਼ੀ ਸਮੇਤ ਤਿੰਨ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫ਼ਿਰੋਜ਼ਪੁਰ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਤਿੰਨ ਵਿਅਕਤੀਆਂ ਨੂੰ 28 ਬੋਤਲਾਂ ਸ਼ਰਾਬ ਠੇਕਾ ਅੰਗਰੇਜ਼ੀ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਲਾਇਟਾਂ ਵਾਲਾ ਚੌਕ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਪ੍ਰਦੀਪ ਕੁਮਾਰ ਪੁੱਤਰ ਅਨੰਦ ਕਿਸ਼ੋਰ, ਸਾਹਿਲ ਕੁਮਾਰ ਪੁੱਤਰ ਕਾਨਾ ਰਾਮ ਤੇ ਅਮਨ ਕੁਮਾਰ ਪੁੱਤਰ ਬੰਸੀ ਲਾਲ ਵਾਸੀਅਨ ਭਾਰਤ ਨਗਰ ਸਿਟੀ ਫ਼ਿਰੋਜ਼ਪੁਰ ਕਾਰ ਸਵਿਫਟ ਡਿਜ਼ਾਇਰ 'ਤੇ ਸ਼ਰਾਬ ਠੇਕਾ ਰੱਖ ਕੇ ਕੈਂਟ ਫ਼ਿਰੋਜ਼ਪੁਰ ਤੋਂ ਬਾਹਰ ਆ ਰਹੇ ਹਨ। ਜੇਕਰ ਯਤੀਮਖਾਨਾ ਚੌਕ 'ਤੇ ਨਾਕਾਬੰਦੀ ਕਰਕੇ ਚੈੱਕ ਕੀਤਾ ਜਾਵੇ ਤਾਂ ਨਜਾਇਜ਼ ਸ਼ਰਾਬ ਠੇਕਾ ਅੰਗਰੇਜ਼ੀ ਸਮੇਤ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀਅਨ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 28 ਬੋਤਲਾਂ ਸ਼ਰਾਬ ਠੇਕਾ ਅੰਗਰੇਜ਼ੀ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਜੀ ਬੀ ਇੰਟਰਨੈਸ਼ਨਲ ਸਕੂਲ ਦਾ ਸਾਲਾਨਾ ਨਤੀਜਾ 100% ਰਿਹਾ



**ਨਾਭਾ (ਵਰਿੰਦਰ ਵਰਮਾ)**-ਵਿਦਿਆਰਥੀਆਂ ਦੇ ਜੀਵਨ ਵਿੱਚ ਸਮੇਂ ਦੀ ਅਤੇ ਸਿੱਖਿਆ ਦੀ ਸਹੀ ਵਰਤੋਂ ਕਰਨਾ ਕਿਸੇ ਸੰਸਥਾ 'ਤੇ ਨਿਰਭਰ ਕਰਦਾ ਹੈ।ਜੀਬੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਵਿੱਦਿਅਕ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਸ ਦਾ ਸਬੂਤ ਦਿੱਤਾ ਹੈ। 31 ਮਾਰਚ ਨੂੰ ਜੀ.ਬੀ.ਇੰਟਰਨੈਸ਼ਨਲ ਸਕੂਲ ਵਿਖੇ ਸਲਾਨਾ ਨਤੀਜਾ ਸਮਾਰੋਹ ਸਫਲਤਾ ਪੂਰਵਕ ਸੰਪੰਨ ਹੋਇਆ।ਇਸ ਮੌਕੇ ਜਮਾਤ ਪਹਿਲੀ ਤੋਂ ਨੌਵੀਂ ਤੇ ਗਿਆਰ੍ਹਵੀਂ ਜਮਾਤ ਦਾ ਸਲਾਨਾ ਨਤੀਜਾ 100 ਪ੍ਰਤੀਸ਼ਤ ਰਿਹਾ।ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਅਤੇ ਸਕੂਲ ਦੇ ਡਾਇਰੈਕਟਰ ਅੰਸ਼ੂ ਬਾਂਸਲ ਅਨੁਸਾਰ ਸਾਰੇ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ ਤੇ ਉੱਚ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਵਧੀ ਹੈ।ਇਸ ਤਰ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਪਿੱਛੇ ਸੰਦੀਪ ਬਾਂਸਲ ਦੇ ਗਤੀਸ਼ੀਲ ਯਤਨ ਰਹੇ। ਅਧਿਆਪਕ ਆਪਣੇ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਜੀ.ਬੀ.ਆਈ.ਐਸ. ਦੇ ਅਧਿਆਪਕਾਂ ਨੇ ਜੋ ਭੂਮਿਕਾ ਨਿਭਾਈ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ।ਉਨ੍ਹਾਂ ਵੱਲੋਂ ਸਾਲ ਭਰ ਦੀ ਸਖ਼ਤ ਮਿਹਨਤ, ਕਮਜ਼ੋਰ ਵਿਦਿਆਰਥੀਆਂ ਲਈ ਰਿਮੇਡੀਅਲ ਕਲਾਸਾਂ ਲੈ ਕੇ, ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਗਲਤੀਆਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਸਿੱਖਣ ਦੀ ਸਹੀ ਦਿਸ਼ਾ ਵੱਲ ਮੋੜਨ ਦਾ ਯਤਨ ਸਹੀ ਸਾਬਤ ਹੋਇਆ ਹੈ। ਅੱਜ ਸਫਲ ਹੋਣ ਲਈ ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਇਸ ਸਫ਼ਲਤਾ 'ਚ ਉਨ੍ਹਾਂ ਦਾ ਪੂਰਾ ਸਹਿਯੋਗ ਹੈ।

# ਮਾਮੇ-ਭਾਣਜੇ ਦੀ ਕੁੱਟਮਾਰ ਦੇ ਦੋਸ਼ 'ਚ ਚਾਰ ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੋਲਬਾਗ ਸੋਕੜ ਨਹਿਰ ਵਿਖੇ ਮਾਮੇ ਭਾਣਜੇ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 3 ਬਾਏ ਨੇਮ ਵਿਅਕਤੀਆਂ ਅਤੇ 1 ਅਣਪਛਾਤੇ ਵਿਅਕਤੀ ਖਿਲਾਫ਼ 324, 323, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੋਨੂੰ ਪੁੱਤਰ ਦੌਲਤ ਰਾਮ ਵਾਸੀ ਗੋਲਬਾਗ ਸੋਕੜ ਨਹਿਰ ਸਿਟੀ ਫ਼ਿਰੋਜ਼ਪੁਰ ਨੇ ਦੱਸਿਆ ਕਿ 24 ਮਾਰਚ ਨੂੰ ਕਰੀਬ 8.30 ਪੀਐੱਮ 'ਤੇ ਆਪਣੇ ਘਰ ਰੋਟੀ ਖਾ ਰਿਹਾ ਸੀ, ਤਾਂ ਅਚਾਨਕ ਨਾਲ ਵਾਲੀ ਵਿਚ ਰੌਲਾ ਪੈ ਗਿਆ ਤਾਂ ਉਸ ਨੇ ਜਾ ਕੇ ਵੇਖਿਆ ਕਿ ਉਸ ਦੇ ਭਾਣਜੇ ਵੰਸ਼ ਦੀ ਦੋਸ਼ੀਅਨ ਜਿਊਣ ਪੁੱਤਰ ਸੱਤਾ, ਰੂਪਾ ਪੁੱਤਰ ਜਿਊਣ ਵਾਸੀਅਨ ਗੋਲਬਾਗ ਸੋਕੜ ਨਹਿਰ, ਮਨੀ ਪੁੱਤਰ ਮੌੜ ਵਾਸੀ ਕੁਤਬੇ ਵਾਲਾ ਤੇ 1 ਅਣਪਛਾਤਾ ਵਿਅਕਤੀ ਕੁੱਟਮਾਰ ਕਰ ਰਹੇ ਸਨ, ਜਦ ਉਹ ਆਪਣੇ ਭਾਣਜੇ ਨੂੰ ਛੁਡਾਉਣ ਲਈ ਅੱਗੇ ਹੋਇਆ ਤਾਂ ਦੋਸ਼ੀਅਨ ਨੇ ਉਸ ਦੀ ਵੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਸੋਨੂੰ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# 4 ਪ੍ਰਤੀਸ਼ਤ ਲੋਕ ਅੱਜ ਵੀ ਸਿਹਤਮੰਦ ਖੁਰਾਕ ਖਰੀਦਣ ਤੋਂ ਅਸਮਰੱਥ : ਕੌਸ਼ਿਕ, ਤੂੰਗਾਂ



**ਸੰਗਰੂਰ (ਪ੍ਰਵੀਨ ਸਿੰਘ)**

ਪਿੰਡ ਉੱਪਲੀ ਵਿਖੇ ਬਾਬਾ ਰਵੀਦਾਸ ਧਰਮਸ਼ਾਲਾ ਵਿਚ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਦੀ ਮੀਟਿੰਗ ਕਾਮਰੇਡ ਕਰਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੀਟੂ ਦੇ ਜ਼ਿਲ੍ਹਾ ਸੰਗਰੂਰ ਦੇ ਆਗੂ ਕਾਮਰੇਡ ਵਰਿੰਦਰ ਕੌਸ਼ਿਕ ਤੇ ਮਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਦੇ ਜ਼ਿਲ੍ਹਾ ਆਗੂ ਸਤਵੀਰ ਸਿੰਘ ਤੂੰਗਾਂ ਤੇ ਰਾਮ ਸਿੰਘ ਸੋਹੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੀ 74 ਪ੍ਰਤੀਸ਼ਤ ਅਬਾਦੀ ਸਿਹਤਮੰਦ ਅਨਾਜ ਖਰੀਦਣ ਤੋਂ ਅਸਮਰੱਥ ਹੈ।ਕਾਮਰੇਡ ਵਰਿੰਦਰ ਕੌਸ਼ਿਕ ਨੇ ਕਿਹਾ ਕਿ 20 ਪ੍ਰਤੀਸ਼ਤ ਲੋਕ ਇੱਕ ਵਕਤ ਦੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਹਨ।ਆਗੂਆਂ ਨੇ ਕਿਹਾ ਕਿ ਨਿਰਮਾਣ ਮਜ਼ਦੂਰਾਂ ਵੱਲੋਂ ਆਪਣੇ ਪੜ੍ਹਾਈ ਕਰ ਰਹੇ ਬੱਚਿਆਂ ਦੇ ਜੋ ਵਜ਼ੀਫ਼ੇ ਦੇ ਫਾਰਮ ਭਰੇ ਹਨ। ਲੇਬਰ ਕੰਸਟਰਕਸ਼ਨ ਵੈਲਫੇਅਰ ਬੋਰਡ ਦੇ ਸੰਬਧਤ ਅਧਿਕਾਰੀਆਂ ਵੱਲੋਂ ਵਾਰ-ਵਾਰ ਉਨ੍ਹਾਂ ਉਪਰ ਇਤਰਾਜ਼ ਲਾਏ ਜਾ ਰਹੇ ਹਨ ਅਤੇ 27 ਨੰਬਰ ਫਾਰਮ ਵਾਰ-ਵਾਰ ਮੰਗਿਆ ਜਾ ਰਿਹਾ ਹੈ, ਜੋ ਕੇ ਨਿਰਮਾਣ ਮਜ਼ਦੂਰਾਂ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ।ਕਾਮਰੇਡ ਵਰਿੰਦਰ ਕੌਸ਼ਿਕ ਨੇ ਕਿਹਾ ਆਉਣ ਵਾਲੇ ਦਿਨਾਂ ਵਿੱਚ ਨਿਰਮਾਣ ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਲੇਬਰ ਵੈਲਫੇਅਰ ਬੋਰਡ ਦੇ ਅਧਿਕਾਰੀਆਂ ਖਿਲਾਫ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ।ਕਾਮਰੇਡ ਸਤਵੀਰ ਤੂੰਗਾਂ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 100 ਦਿਨ ਕੰਮ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ ਕਾਨੂੰਨ ਮੁਤਾਬਕ 100 ਦਿਨ ਕੰਮ ਨਹੀਂ ਦਿੱਤਾ ਜਾਂਦਾ ਤਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਮਨਰੇਗਾ ਦੇ ਜੌਬ ਕਾਰਡ ਬਣਾਉਣ 'ਤੇ ਚੋਣ ਜ਼ਾਬਤੇ ਦਾ ਕੋਈ ਅਸਰ ਨਹੀਂ, ਜ਼ਰੂਰਤਮੰਦ ਲੋਕਾਂ ਦੇ ਨਵੇਂ ਜੌਬ ਕਾਰਡ ਬਣਾਏ ਜਾ ਸਕਦੇ ਹਨ।

# ਮਿਆਦ ਖ਼ਤਮ ਹੋਣ ਕਾਰਨ ਭਲਕੇ ਆਪੇ ਬੰਦ ਹੋ ਜਾਵੇਗਾ ਮਹਿਲ ਕਲਾਂ ਦਾ ਟੋਲ ਪਲਾਜ਼ਾ : ਜਥੇ: ਹਮੀਦੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਪੰਜਾਬ ਦੇ ਮੁੱਖ ਮੰਤਰੀ ਵਲੋਂ ਮਹਿਲ ਕਲਾਂ ਟੋਲ ਪਲਾਜ਼ਾ ਨੂੰ ਬੰਦ ਕਰਨ ਦਾ ਐਲਾਨ ਕਰਕੇ ਲੋਕਾਂ ਨੂੰ ਸ਼ਰੇਆਮ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦਕਿ ਸੱਚਾਈ ਇਹ ਹੈ ਕਿ ਇਸ ਟੋਲ ਪਲਾਜ਼ੇ ਦੀ ਮਿਆਦ ਹੀ 2 ਅਪ੍ਰੈਲ ਤੱਕ ਸੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਤਜਿੰਦਰ ਬੱਤਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਨੇ ਟੋਲ ਪਲਾਜ਼ਾ ਮਹਿਲ ਕਲਾਂ ਵਿਖੇ ਕੀਤਾ।ਉਨ੍ਹਾਂ ਕਿਹਾ ਕਿ ਇਸ ਟੋਲ ਪਲਾਜ਼ੇ ਪ੍ਰਬੰਧਕਾਂ ਵਲੋਂ ਬਕਾਇਦਾ ਲਿਖਤੀ ਰੂਪ ਲਾਇਆ ਗਿਆ ਹੈ ਕਿ ਇਸ ਟੋਲ ਪਲਾਜ਼ੇ ਦੀ ਹਕ ਜੋੜਿਆਂ ਮਿਆਦ 15 ਮਈ 2009 ਤੋਂ 2 ਅਪ੍ਰੈਲ ਤੱਕ ਹੈ, ਪਰ ਅੱਜ ਮਿਆਦ ਖ਼ਤਮ ਹੋਣ ਤੋਂ ਦੋ ਦਿਨ ਪਹਿਲਾਂ ਮੁੱਖ ਮੰਤਰੀ ਵਲੋਂ ਇਹ ਟੋਲ ਪਲਾਜ਼ੇ ਨੂੰ ਬੰਦ ਕਰਨ ਐਲਾਨ ਕਰ ਕੇ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਇਹ ਟੋਲ ਪਲਾਜ਼ਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬੰਦ ਕੀਤਾ ਗਿਆ ਹੈ।ਇਸ ਮੌਕੇ ਉਨ੍ਹਾਂ ਨਾਲ ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ ਵੀ ਹਾਜ਼ਰ ਸਨ

# ਕੰਬਾਇਨਾਂ ਨਾਲ ਕਣਕ ਕੱਟਣ 'ਤੇ ਸ਼ਾਮ 7 ਤੋਂ ਸਵੇਰ 10 ਵਜੇ ਤੱਕ ਪਾਬੰਦੀ

**ਮਾਲੇਰਕੋਟਲਾ (ਅਸਗਰ ਪਰਿਹਾਰ)**

ਜ਼ਿਲ੍ਹਾ ਮੈਜਿਸਟਰੇਟ, ਮਾਲੇਰਕੋਟਲਾ ਡਾ. ਪੱਲਵੀ ਵਲੋਂ ਜ਼ਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਏ ਹੋਏ ਜ਼ਿਲ੍ਹਾ ਮਾਲੇਰਕੋਟਲਾ ਅੰਦਰ ਸ਼ਾਮ 07:00 ਵਜੇ ਤੋਂ ਸਵੇਰੇ 10:00 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ ਦੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਹੁਕਮਾਂ 'ਚ ਕਿਹਾ ਗਿਆ ਹੈ ਕਿ ਕਣਕ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ।ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਕਣਕ ਦੀ ਕਟਾਈ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ।ਰਾਤ ਸਮੇਂ ਕੰਬਾਇਨਾਂ ਚੱਲਣ ਨਾਲ ਜਾਨੀ-ਮਾਲੀ ਨੁਕਸਾਨ ਹੋਣ ਦਾ ਡਰ ਰਹਿੰਦਾ ਹੈ।ਕੰਬਾਇਨਾਂ ਰਾਤ ਵੇਲੇ ਹਰੀ ਕਣਕ, ਜੋ ਚੰਗੀ ਤਰ੍ਹਾਂ ਪੱਕੀ ਨਹੀਂ ਹੁੰਦੀ, ਕੱਚਾ ਦਾਣਾ ਵੀ ਕੱਟ ਦਿੰਦੀਆਂ ਹਨ, ਜਿਸ ਕਾਰਨ ਹਰਾ ਕੱਟਿਆ ਹੋਇਆ ਦਾਣਾ ਸੁੱਕਣ 'ਤੇ ਕਾਲਾ ਪੈ ਜਾਂਦਾ ਹੈ।ਬਹੁਤ ਸਾਰੀਆਂ ਪੁਰਾਣੀਆਂ ਹੋ ਚੁੱਕੀਆਂ ਕੰਬਾਇਨਾਂ ਵੀ ਕਟਾਈ ਕਰਦੀਆਂ ਹਨ, ਜਿਸ ਨਾਲ ਕਣਕ ਦੀ ਕੁਆਲਟੀ ਗਿਰ ਜਾਂਦੀ ਹੈ।ਇਸ ਤੋਂ ਇਲਾਵਾ ਕੰਬਾਇਨਾਂ ਵਿੱਚ ਮਕੈਨੀਕਲ ਨੁਕਸ ਹੋਣ ਕਾਰਨ ਵੀ ਕਣਕ ਦੀ ਕੁਆਲਟੀ ਪ੍ਰਭਾਵਤ ਹੁੰਦੀ ਹੈ, ਜਿਸ ਕਰਕੇ ਖ਼ਰੀਦ ਏਜੰਸੀਆਂ ਕਣਕ ਦੀ ਖ਼ਰੀਦ ਕਰਨ ਤੋਂ ਝਿਜਕਦੀਆਂ ਹਨ, ਜਿਸ ਨਾਲ ਜਿੱਥੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ, ਉੱਥੇ ਅਸਿੱਧਾ ਅਸਰ ਦੇਸ਼ ਦੇ ਉਤਪਾਦਨ ਤੇ ਵੀ ਪੈਂਦਾ ਹੈ।ਕਣਕ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਕਾਨੂੰਨ ਭੰਗ ਹੋਣ ਦੀ ਸਥਿਤੀ ਉਤਪੰਨ ਹੁੰਦੀ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਮਾਲੇਰਕੋਟਲਾ ਅੰਦਰ ਕਣਕ ਦੀ ਕਟਾਈ ਕਰਨ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਹੈ ਕਿ ਕੋਈ ਵਾ ਕੰਬਾਇਨ ਹਾਰਵੈਸਟਰ ਸੁਪਰ ਐਸ.ਐਮ.ਐਸ. ਲਗਾਏ ਬਗੈਰ ਫ਼ਸਲ ਦੀ ਕਟਾਈ ਨਹੀਂ ਕਰੇਗੀ ਤੇ ਹਾਰਵੈਸਟਰ ਕੰਬਾਈਨਜ਼ ਦੀ ਖੇਤੀਬਾੜੀ ਵਿਭਾਗ ਰਾਹੀਂ ਓਪਰੇਸ਼ਨ ਬਾਰੇ ਇੰਸਪੈਕਸ਼ਨ ਕਰਵਾਈ ਜਾਵੇ।ਮੁੱਖ ਖੇਤੀਬਾੜੀ ਅਫ਼ਸਰ ਮਾਲੇਰਕੋਟਲਾ ਤੋਂ ਇਲਾਵਾ ਸੀਨੀਅਰ ਕਪਤਾਨ ਪੁਲਿਸ, ਮਾਲੇਰਕੋਟਲਾ, ਕਾਰਜਕਾਰੀ ਇੰਜੀਨੀਅਰ, ਪ੍ਰਦੂਸ਼ਣ ਕੰਟਰੋਲ ਬੋਰਡ, ਸੰਗਰੂਰ, ਉਪ ਮੰਡਲ ਮੈਜਿਸਟ੍ਰੇਟ ਮਲੇਰਕੋਟਲਾ, ਅਹਿਮਦਗੜ੍ਹ, ਅਮਰਗੜ੍ਹ, ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਮਾਲੇਰਕੋਟਲਾ ਨੂੰ ਇਹਨਾਂ ਹੁਕਮਾਂ ਨੂੰ ਲਾਗੂ ਕਰਾਉਣ ਲਈ ਅਗਲੀ ਕਾਰਵਾਈ ਅਮਲ 'ਚ ਲਿਆਉਣ ਲਈ ਕਿਹਾ ਗਿਆ ਹੈ।ਇਹ ਹੁਕਮ 31 ਮਈ ਤੱਕ ਲਾਗੂ ਰਹਿਣਗੇ।

# ਗਊਸ਼ਾਲਾ ਨੰਗਲਾ 'ਚ ਧਾਰਮਿਕ ਸਮਾਗਮ ਕਰਾਇਆ



**ਦਿੜ੍ਹਬਾ (ਜਸਵੀਰ ਲਾਡੀ)**-ਬਾਬਾ ਪਰਸਰਾਮ ਗਊਸ਼ਾਲਾ ਨੰਗਲਾ ਵਿਖੇ ਧਾਰਮਿਕ ਪ੍ਰੋਗਰਾਮ ਕਰਾਇਆ ਗਿਆ। ਮਹੰਤ ਸ਼੍ਰੀ ਰਾਮ ਮੁਨੀ ਜੀ ਨੇ ਦੱਸਿਆ ਕਿ ਇਹ ਧਾਰਮਿਕ ਪ੍ਰੋਗਰਾਮ ਨਗਰ ਦੀ ਸੁੱਖ-ਸ਼ਾਂਤੀ ਵਾਸਤੇ ਤੇ ਗਊਆਂ ਦੀ ਸੁੱਖ ਸ਼ਾਂਤੀ ਵਾਸਤੇ ਕਰਾਇਆ ਜਾ ਰਿਹਾ ਹੈ ਤਾਂ ਜੁ ਸਾਰੇ ਨਗਰ ਵਿੱਚ ਸੁੱਖ ਸ਼ਾਂਤੀ ਤੇ ਤੰਦਰੁਸਤੀ ਰਹੇ। ਪ੍ਰਧਾਨ ਨਿਹਾਲ ਸਿੰਘ ਜੀ ਨੇ ਦੱਸਿਆ ਕਿ ਇਹ ਪ੍ਰੋਗਰਾਮ ਅਸੀਂ ਹਰ ਸਾਲ ਦੋ ਵਾਰ ਕਰਾਉਂਦੇ ਹਾਂ। ਸਾਰੇ ਨਗਰ ਦੀ ਸਹਾਇਤਾ ਨਾਲ ਸਾਰੇ ਨਗਰ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਕੀਤੇ ਜਾਂਦੇ ਹਨ ਤਾਂ ਜੁ ਸਾਰੇ ਪਿੰਡ ਦੇ ਵਿੱਚ ਭਾਈਚਾਰਾ ਬਣਿਆ ਰਹੇ ਤੇ ਗਊਆਂ ਦੀ ਸੇਵਾ ਹੁੰਦੀ ਰਹੇ ਤੇ ਪਿੰਡ ਵਿੱਚ ਤੰਦਰੁਸਤੀਆਂ ਰਹਿਣ। ਸਮਾਗਮ ਵਿੱਚ ਸ਼੍ਰੀ ਨਰਾਇਣ ਮੁਨੀ ਜੀ ਕਲਵਾਣੂ ਵਾਲੇ, ਮਹੰਤ ਸ਼੍ਰੀ ਅੰਮ੍ਰਿਤ ਬਣ ਜੀ ਛਾਜਲੀ ਵਾਲੇ ਤੇ ਹੋਰ ਵੀ ਮਹਾਤਮਾ ਦੀਆਂ ਮੰਡਲੀਆਂ ਪਹੁੰਚ ਕੇ ਇਸ ਜਗ ਨੂੰ ਸੰਪੂਰਨ ਕੀਤਾ ਤੇ ਸਾਰੇ ਹੀ ਪਿੰਡ ਨੇ ਸ਼ਿਰਕਤ ਕੀਤੀ।ਸੇਵਾ ਸਿੰਘ ਮੀਤ ਪ੍ਰਧਾਨ, ਮਿੱਠੂ ਸਿੰਘ ਖ਼ਜ਼ਾਨਚੀ ਤੋਂ ਬਿਨਾਂ ਬਾਬਾ ਕ੍ਰਿਸ਼ਨ ਸਿੰਘ, ਬਿੱਲੂ ਸਿੰਘ, ਭੋਲਾ ਸਿੰਘ, ਜਗਤਾਰ ਟਹਿਲ, ਰਣਜੀਤ ਕੈਪਟਨ, ਸੰਦੀਪ ਸਿੰਘ, ਜਗਰਾਜ ਸਿੰਘ ਨੇ ਸੇਵਾ ਵਿੱਚ ਵਿਸ਼ੇਸ਼ ਤੌਰ 'ਤੇ ਹਿੱਸਾ ਪਾਇਆ।

# ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ 6 ਰੋਜ਼ਾ ਗੁਰਮਤਿ ਕੈਂਪ ਆਯੋਜਿਤ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਬਜੀਦਪੁਰ ਵਿਖੇ ਪ੍ਰਿੰਸੀਪਲ ਡਾ. ਹਰਜੀਤ ਕੌਰ ਦੀ ਸੁਚੱਜੀ ਅਗਵਾਈ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਸਿੱਖੀ ਸਿਧਾਂਤਾਂ ਅਤੇ ਵਡਮੁੱਲੇ ਵਿਰਸੇ ਨਾਲ ਜੋੜਨ ਲਈ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਮਹਾਰਾਜਾ ਰਣਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ 29 ਮਾਰਚ ਤੋਂ 3 ਅਪ੍ਰੈਲ ਤੱਕ ਲਾਏ ਜਾ ਰਹੇ 6 ਰੋਜ਼ਾ ਗੁਰਮਤਿ ਕੈਂਪ ਵਿੱਚ ਸਕੂਲ ਦੇ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਈ ਗਈ, ਜਿੱਥੇ ਬੱਚਿਆਂ ਨੂੰ ਨਿੱਤਨੇਮ ਨਾਲ ਜੋੜਨ, ਸਵੇਰੇ ਜਲਦੀ ਉੱਠਣ ਅਤੇ ਚੰਗਾ ਜੀਵਨ ਜਿਊਣ ਦੀ ਸੇਧ ਦਿੱਤੀ ਜਾਂਦੀ ਹੈ।ਬੱਚਿਆਂ ਨੂੰ ਆਪਣੇ ਧਰਮ ਨਾਲ ਜੋੜਨ ਕੇ ਰੱਖਣ ਲਈ ਅਜਿਹੇ ਕੈਂਪ ਦਾ ਆਯੋਜਨ ਕਰਨਾ, ਅਜੋਕੇ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਬੱਚੇ ਆਪਣੇ ਗੌਰਵਮਈ ਵਿਰਸੇ ਨਾਲ ਜੁੜ ਕੇ ਰਹਿਣ ਕਿਉਂਕਿ ਜੜ੍ਹਾਂ ਨਾਲੋਂ ਟੁੱਟ ਕੇ ਇਨਸਾਨ ਜ਼ਿਆਦਾ ਦੇਰ ਤੱਕ ਜੀਵਤ ਨਹੀਂ ਰਹਿ ਸਕਦਾ।

# ਸਾਧੂ ਸਿੰਘ, ਮਾਤਾ ਈਸ਼ਰ ਕੌਰ ਤੇ ਅਮਰਜੀਤ ਸਿੰਘ ਦੀ ਯਾਦ 'ਚ ਅੱਖਾਂ ਦਾ ਚੈੱਕਅੱਪ ਕੈਂਪ



**ਨਾਭਾ (ਵਰਿੰਦਰ ਵਰਮਾ)**

ਰੋਟਰੀ ਕਲੱਬ ਵੱਲੋਂ ਸਵ. ਸ. ਸਾਧੂ ਸਿੰਘ, ਮਾਤਾ ਈਸ਼ਰ ਕੌਰ ਤੇ ਅਮਰਜੀਤ ਸਿੰਘ ਦੀ ਨਿੱਘੀ ਯਾਦ ਵਿੱਚ ਮਲਕੀਤ ਐਗਰੋ ਟੈਕ ਪ੍ਰਾ. ਲਿਮ. ਤੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਬਿਨਾਂ ਚੀਰਾ ਬਿਨਾਂ ਟਾਂਕਾ ਅੱਖਾਂ ਵਿੱਚ ਲੈਂਜ਼ ਪਾਉਣ ਦਾ ਅੱਖਾਂ ਦਾ ਮੁਫ਼ਤ ਚੈਕਅੱਪ ਤੇ ਆਪ੍ਰੇਸ਼ਨ ਕੈਂਪ ਰੋਟਰੀ ਭਵਨ, ਪਟਿਆਲਾ ਗੇਟ ਵਿਖੇ ਲਾਇਆ ਗਿਆ।ਕੈਂਪ ਵਿੱਚ ਡਾ. ਅਤੁੱਲ ਕੱਕੜ (ਅੱਖਾਂ ਦੇ ਰੋਗਾਂ ਦੇ ਮਾਹਿਰ) ਕੱਕੜ ਆਈ ਹਸਪਤਾਲ, ਪਟਿਆਲਾ, ਐਚ.ਐਸ ਰੰਧਾਵਾ ਦੀ ਟੀਮ ਵੱਲੋਂ 410 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ।ਇਨ੍ਹਾਂ ਮਰੀਜ਼ਾਂ ਵਿੱਚੋਂ 100 ਦੇ ਕਰੀਬ ਅੱਖਾਂ ਦੇ ਵਿੱਚ ਲੈਂਜ਼ ਪਾਉਣ ਵਾਲੇ ਮਰੀਜ਼ਾਂ ਨੂੰ ਚੁਣਿਆ ਗਿਆ।ਕੈਂਪ ਦੇ ਮੁੱਖ ਮਹਿਮਾਨ ਐਸ ਡੀ ਐਮ ਤਰਸੇਮ ਚੰਦ ਤੇ ਵਿਸ਼ੇਸ਼ ਮਹਿਮਾਨ ਮਲਕੀਤ ਸਿੰਘ ਚੇਅਰਮੈਨ ਮਲਕੀਤ ਐਗਰੋ ਟੈਗ ਇੰਡਸਟਰੀਜ਼ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਰੋਟਰੀ ਕਲੱਬ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜਾਂ ਵਿੱਚ ਅੱਗੇ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਹਰ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਅੱਗੇ ਆ ਕੇ ਅਜਿਹੇ ਕਾਰਜ ਕਰਨੇ ਚਾਹੀਦੇ ਹਨ ਤਾਂ ਜੁ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾ ਸਕੇ।ਇਸ ਮੌਕੇ ਪ੍ਰੋਜੈਕਟ ਚੇਅਰਮੈਨ ਚਰਨ ਸਿੰਘ, ਪ੍ਰਧਾਨ ਦਰਸ਼ਨ ਸਿੰਘ ਬੁੱਟਰ ਤੇ ਐਡਵਾਈਜ਼ਰ ਦਲਜੀਤ ਸਿੰਘ ਸੰਧੂ ਅਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ, ਡਾਕਟਰ ਦੀ ਟੀਮ ਅਤੇ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਾਬਕਾ ਸਿਵਲ ਸਰਜਨ ਡਾਕਟਰ ਆਈਡੀ ਗੋਇਲ ਤੇ ਜੀਵਨ ਪ੍ਰਕਾਸ਼ ਬਾਂਸਲ ਨੇ ਦੱਸਿਆ ਕਿ ਦਵਾਈਆਂ ਅਤੇ ਅਨੇਕਾਂ ਕਲੱਬ ਵੱਲੋਂ ਮੁਫਤ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮਰੀਜ਼ਾਂ ਲਈ ਚਾਹ ਪਾਣੀ ਤੇ ਲੰਗਰ ਦਾ ਪ੍ਰਬੰਧ ਕਲੱਬ ਵੱਲੋਂ ਕੀਤਾ ਗਿਆ ਹੈ।ਕੈਂਪ ਵਿੱਚ ਸਮਾਜ ਸੇਵੀ ਸੂਰਜ ਭਾਨ ਸਿੰਗਲਾ, ਓਮ ਪ੍ਰਕਾਸ਼ ਠੇਕੇਦਾਰ, ਕੇਵਲ ਕ੍ਰਿਸ਼ਨ ਕੱਮੀ, ਧਨੰਜੇ ਵਾਲੀਆ ਆਦਿ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ।

# ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਦੀ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੀ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਪਰਮਜੀਤ ਕੌਰ ਬੈਰਸਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਉਨ੍ਹਾਂ ਤਨਖਾਹਾਂ ਨਾ ਮਿਲਣ ਕਾਰਨ ਰੋਸ ਪ੍ਰਦਰਸ਼ਨ ਕੀਤਾ। ਮੀਤ ਪ੍ਰਧਾਨ ਪਰਮਜੀਤ ਕੌਰ ਨੇ ਕਿਹਾ ਕਿ ਸਰਕਾਰ ਬਾਲ ਵਿਕਾਸ ਦਫ਼ਤਰ ਮਾਛੀਵਾੜਾ ਵਿੱਚ ਸੀ.ਡੀ.ਪੀ.ਓ ਦੀ ਖਾਲੀ ਪਈ ਪੋਸਟ ਜਲਦ ਭਰੇ ਤਾਂ ਜੁ ਤਨਖਾਹਾਂ ਤੋਂ ਵਾਂਝੀਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਮਾਣ ਭੱਤਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਬਾਲਣ ਦੇ ਪੈਸੇ, ਪੀ.ਐਮ, ਐਮ.ਵਾਈ. ਦੇ ਪੈਸੇ, ਟੀ.ਏ, ਡੀ.ਏ, ਅਤੇ ਪੋਸ਼ਣ ਅਭਿਮਾਨ ਦਾ ਪੈਸਾ ਬਜਟ ਵਿੱਚ ਪੇਸ਼ ਹੋਣ ਤੋਂ ਬਾਵਜੂਦ ਕੋਈ ਵੀ ਬਿੱਲ ਪਾਸ ਨਹੀਂ ਹੋ ਰਿਹਾ। ਆਗੂਆਂ ਨੇ ਫ਼ੈਸਲਾ ਕੀਤਾ ਕਿ ਜੇਕਰ ਦੇ ਇੱਕ ਹਫ਼ਤੇ ਦੇ ਅੰਦਰ-ਅੰਦਰ ਕਿਸੇ ਸੀ.ਡੀ.ਪੀ.ਓ ਨੂੰ ਡੀ.ਡੀ.ਓ ਪਾਵਰ ਦੇ ਕੇ ਬਣਦਾ ਮਾਣਭੱਤਾ ਤੇ ਸਾਰੇ ਬਿੱਲ ਪਾਸ ਨਾ ਕਰਾਏ ਗਏ ਤਾਂ ਅਗਲੇ ਸੰਘਰਸ਼ 'ਤੇ ਵਿਚਾਰ ਚਰਚਾ ਕੀਤਾ ਜਾਵੇਗੀ ਤੇ ਸਾਰੀਆਂ ਰਿਪੋਰਟਾਂ ਦਾ ਬਾਈਕਾਟ ਕੀਤਾ ਜਾਵੇਗਾ। ਇਸ ਮੌਕੇ ਜਨਰਲ ਸਕੱਤਰ ਕੁਲਵੰਤ ਕੌਰ ਨੀਲੋਂ, ਵਿੱਤ ਸਕੱਤਰ ਮਨਜੀਤ ਕੌਰ ਸੈਸੋਂਵਾਲ, ਪਰਮਜੀਤ ਕੌਰ ਮੁਸ਼ਕਾਬਾਦ, ਹਰਦੀਪ ਕੌਰ, ਕਮਲਜੀਤ ਕੌਰ, ਪਵਿੱਤਰ ਕੌਰ, ਸਰਬਜੀਤ ਕੌਰ, ਕਮਲਜੀਤ ਕੌਰ, ਗੁਰਪ੍ਰੀਤ ਕੌਰ, ਰਵਿੰਦਰ ਕੌਰ, ਸੁਰਿੰਦਰ ਕੌਰ, ਸੀਮਾ ਰਾਣੀ, ਰਾਜਿੰਦਰ ਕੌਰ, ਮਨਜੀਤ ਕੌਰ, ਪੁਸ਼ਪਾ ਰਾਣੀ, ਜਸਵੀਰ ਕੌਰ, ਮਨਜਿੰਦਰ ਕੌਰ, ਕੁਲਵਿੰਦਰ ਕੌਰ, ਹੈਲਪਰ ਕੁਲਵੀਰ ਕੌਰ, ਰਣਜੀਤ ਕੌਰ ਵੀ ਸ਼ਾਮਲ ਹਨ।

# ਸਰਹਿੰਦ ਫੀਡਰ ਦੀ ਬੁਰਜੀ ਨੰਬਰ 238934 'ਤੇ ਆਊਟਲੈਟ ਦੀ ਉਸਾਰੀ ਦਾ ਕੰਮ ਸ਼ੁਰੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮੁੱਖ ਇੰਜੀਨੀਅਰ ਨਹਿਰਾਂ ਜਲ ਸਰੋਤ ਵਿਭਾਗ ਪੰਜਾਬ ਚੰਡੀਗੜ੍ਹ ਵੱਲੋਂ ਮਨਜ਼ੂਰੀ ਮਿਲਣ ਉਪਰੰਤ ਨਵਤੇਜ ਸਿੰਘ ਬਰਾੜ ਉਪ ਮੰਡਲ ਅਫਸਰ ਰਾਜਸਥਾਨ ਉਪ ਮੰਡਲ ਜਲ ਸਰੋਤ ਵਿਭਾਗ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਰਹਿੰਦ ਫੀਡਰ ਦੀ ਬੁਰਜੀ ਨੰਬਰ 23 89 34 ਤੇ ਰੈਗੂਲੇਟਰ ਤੇ ਆਊਟਲੈਟ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਇੱਕ ਹਫ਼ਤੇ ਵਿੱਚ ਮੁਕੰਮਲ ਹੋ ਜਾਵੇਗਾ।

ਨੈਸ਼ਨਲ ਕੰਜ਼ਿਊਮਰ ਅਵੇਅਰਨੈਸ ਗਰੁੱਪ (ਰਜਿ.) ਦੇ ਜ਼ਿਲ੍ਹਾ ਪ੍ਰਧਾਨ ਸ਼ਾਮ ਲਾਲ ਗੋਇਲ ਤੇ ਜਨਰਲ ਸਕੱਤਰ ਗੋਬਿੰਦ ਸਿੰਘ ਦਾਬੜਾ ਨੇ ਦੱਸਿਆ ਕਿ ਇਸ ਨਹਿਰ ਦੀ ਬੰਦੀ ਨਾ ਹੋਣ ਕਰਕੇ ਇਸ ਦੀ ਉਸਾਰੀ ਦਾ ਕੰਮ ਪਿਛਲੇ ਲੰਮੇ ਸਮੇਂ ਤੋਂ ਲਟਕ ਰਿਹਾ ਸੀ, ਪਰ ਹੁਣ ਪੰਜਾਬ ਸਰਕਾਰ ਵੱਲੋਂ 16 ਮਾਰਚ ਤੋਂ ਲੈ ਕੇ 15 ਅਪ੍ਰੈਲ ਤੱਕ ਨਹਿਰ ਦੀ ਮੁਰੰਮਤ ਲਈ ਇਸ ਨਹਿਰ ਨੂੰ ਬੰਦ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 2 ਸ੍ਰੀ ਮੁਕਤਸਰ ਸਾਹਿਬ ਵੱਲੋਂ ਅਮਰੂਟ ਮਿਸ਼ਨ ਅਧੀਨ ਸਰਹਿੰਦ ਫੀਡਰ ਤੋਂ ਸ਼ਹਿਰ ਦੇ ਮੁੱਖ ਵਾਟਰ ਵਰਕਸ ਤੱਕ 900 ਐਮ.ਐਮ. ਡਾਇਆ ਜਿਸ ਦੀ ਲੰਬਾਈ 9.1 ਕਿਲੋਮੀਟਰ ਹੈ, ਜਿਸ ਤੇ ਕਰੀਬ 17 ਕਰੋੜ ਰੁਪਏ ਖਰਚ ਹੋਏ ਹਨ। ਦੋ ਸਾਲ ਪਹਿਲਾਂ ਮੁਕਤਸਰ ਰਜਬਾਹੇ ਦੇ ਨਾਲ-ਨਾਲ ਪਾਈ ਜਾ ਚੁੱਕੀ ਹੈ, ਪਰ ਆਊਟਲੈਟ ਨਾ ਬਣਨ ਕਰਕੇ ਇਹ ਕੰਮ ਲਮਕ ਰਿਹਾ ਸੀ, ਪ੍ਰੰਤੂ ਹੁਣ ਇਹ ਆਊਟਲੈਟਨ ਮੁਕੰਮਲ ਹੋਣ ਤੋਂ ਬਾਅਦ ਸਰਹਿੰਦ ਫੀਟਰ ਤੋਂ ਮੁੱਖ ਵਾਟਰ ਵਕਸ ਤੱਕ ਨਹਿਰੀ ਪਾਣੀ ਦੀ ਸਪਲਾਈ ਯਕੀਨੀ ਹੋ ਜਾਵੇਗੀ, ਜਿਸ ਨਾਲ ਸ੍ਰੀ ਮੁਕਤਸਰ ਸਾਹਿਬ ਵਾਸੀਆਂ ਨੂੰ ਨਿਰਵਿਘਨ ਪਾਣੀ ਸਪਲਾਈ ਮਿਲਣ ਲੱਗ ਜਾਵੇਗਾ।

# ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਸੈਂਟਰ ਤੇ ਬਲਾਕ ਕਮੇਟੀਆਂ ਦਾ ਪੁਨਰਗਠਨ 15 ਮਈ ਤੱਕ ਕਰਨ ਦਾ ਫੈਸਲਾ



**ਜਲੰਧਰ (ਰਾਜੇਸ਼ ਥਾਪਾ )**-ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਬਿਮਲਾ ਰਾਣੀ ਫਾਜ਼ਿਲਕਾ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਚਲਾਈ। ਮੀਟਿੰਗ ਵਿੱਚ ਆਗੂਆਂ ਕਿਹਾ ਕਿ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਵਲੋਂ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਦਾ ਨਿਪਟਾਰਾ ਕਰਨ ਲਈ ਗੰਭੀਰਤਾ ਨਾ ਦਿਖਾਉਣ ਸੰਬੰਧੀ ਮਿੱਡ -ਡੇ-ਮੀਲ ਵਰਕਰਾਂ ਵਿੱਚ ਗੁੱਸਾ ਪਾਇਆ ਜਾ ਰਿਹਾ ਹੈ। ਆਗੂਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਪੰਜਾਬ ਸਰਕਾਰ ਨੇ ਦੋ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਕੀਤੇ ਗਏ ਚੋਣ ਵਾਅਦੇ ਅਨੁਸਾਰ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਨਹੀਂ ਕੀਤਾ। ਮੀਟਿੰਗ ਉਪਰੰਤ ਪ੍ਰਵੀਨ ਬਾਲਾ ਫ਼ਤਹਿਗੜ੍ਹ ਸਾਹਿਬ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਚੋਣ ਜ਼ਾਬਤੇ ਨੂੰ ਧਿਆਨ ਵਿੱਚ ਰੱਖਦਿਆਂ ਪਹਿਲੀ ਅਪ੍ਰੈਲ ਤੋਂ ਲੈ ਕੇ 15 ਮਈ ਤੱਕ ਸੈਂਟਰ ਅਤੇ ਬਲਾਕ ਪੱਧਰੀ ਕਮੇਟੀਆਂ ਦਾ ਪੁਨਰਗਠਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਉਪਰੰਤ 16 ਤੋਂ 31 ਮਈ ਤੱਕ ਜ਼ਿਲ੍ਹਾ ਕਨਵੈਨਸ਼ਨਾਂ ਕਰਕੇ ਜ਼ਿਲ੍ਹਾ ਕਮੇਟੀਆਂ ਦਾ ਪੁਨਰਗਠਨ ਕਰਨ ਦੇ ਨਾਲ ਨਾਲ ਮਿੱਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਸਬੰਧੀ ਜ਼ਿਲ੍ਹਾ ਪੱਧਰ 'ਤੇ ਮੰਗ ਪੱਤਰ ਦਿੱਤੇ ਜਾਣਗੇ । ਇਸ ਤੋਂ ਬਾਅਦ ਅਗਲੀ ਮੀਟਿੰਗ ਕਰਕੇ ਜੂਨ ਦੇ ਦੂਜੇ ਹਫ਼ਤੇ ਵਿੱਚ ਜਥੇਬੰਦੀ ਦੀ ਸੂਬਾ ਪੱਧਰੀ ਜਥੇਬੰਦਕ ਕਨਵੈਨਸ਼ਨ ਆਯੋਜਿਤ ਕੀਤੀ ਜਾਵੇਗੀ। ਇਸ ਉਲੀਕੇ ਗਏ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵੱਖ ਵੱਖ ਜ਼ਿਲ੍ਹਿਆਂ ਲਈ ਵੱਖ ਵੱਖ ਆਗੂਆਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਮੀਟਿੰਗ ਵਿੱਚ ਰੋਸ ਪ੍ਰਗਟ ਕੀਤਾ ਗਿਆ ਕਿ ਮਿੱਡ -ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਕੀਤੇ ਚੋਣ ਵਾਅਦੇ ਅਨੁਸਾਰ ਦੁੱਗਣਾ ਨਹੀਂ ਕੀਤਾ ਗਿਆ, ਰੈਗੂਲਰ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ, ਗੁਆਂਢੀ ਸੂਬੇ ਹਰਿਆਣਾ ਦੇ ਬਰਾਬਰ 6500 ਰੁਪਏ ਮਹੀਨਾ ਮਾਣ ਭੱਤਾ ਦੇਣ ਲਈ ਗੰਭੀਰਤਾ ਨਹੀਂ ਦਿਖਾਈ ਜਾ ਰਹੀ, ਵਰਕਰਾਂ ਦਾ ਮੁਫ਼ਤ ਪੰਜ ਲੱਖ ਰੁਪਏ ਦਾ ਬੀਮਾ ਨਹੀਂ ਕੀਤਾ ਜਾ ਰਿਹਾ, ਸਾਲ ਦੌਰਾਨ ਦੋ ਵਰਦੀਆਂ ਨਹੀਂ ਦਿੱਤੀਆਂ ਜਾ ਰਹੀਆਂ, ਹਰ 25 ਬੱਚਿਆਂ ਪਿੱਛੇ ਇੱਕ ਹੋਰ ਵਾਧੂ ਵਰਕਰ ਨਹੀਂ ਰੱਖੀ ਜਾ ਰਹੀ, ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ ਮਿੱਡ -ਡੇ-ਮੀਲ ਵਰਕਰਾਂ ਨੂੰ 18000 ਰੁਪਏ ਮਹੀਨਾ ਮਿਹਨਤਾਨਾ ਦੇਣ ਲਈ ਵੀ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ, ਮਿੱਡ-ਡੇ-ਮੀਲ ਵਰਕਰਾਂ ਤੋਂ ਜ਼ਬਰੀ ਹੋਰ ਵਾਧੂ ਕੰਮ ਲੈਣੇ ਬੰਦ ਨਹੀਂ ਕੀਤੇ ਜਾ ਰਹੇ, ਸਰਵਿਸ ਬੁੱਕਾਂ ਨਹੀਂ ਲਗਾਈਆਂ ਜਾ ਰਹੀਆਂ, ਪਛਾਣ ਪੱਤਰ ਜਾਰੀ ਨਹੀਂ ਕੀਤੇ ਜਾ ਰਹੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਪ੍ਰਵੀਨ ਕੌਰ ਫ਼ਤਿਹਗੜ੍ਹ ਸਾਹਿਬ, ਕਮਲਜੀਤ ਕੌਰ ਹੁਸ਼ਿਆਰਪੁਰ, ਮਮਤਾ ਸੈਦਪੁਰ ਪ੍ਰਧਾਨ ਕਪੂਰਥਲਾ, ਕਮਲੇਸ਼ ਕੌਰ ਪ੍ਰਧਾਨ ਰੋਪੜ, ਜਸਵਿੰਦਰ ਕੌਰ ਟਾਹਲੀ ਜਲੰਧਰ, ਰਿੰਪੀ ਰਾਣੀ ਪ੍ਰਧਾਨ ਨਵਾਂ ਸ਼ਹਿਰ, ਸੰਤੋਸ਼ ਪਾਸ਼ੀ ਪ੍ਰਧਾਨ ਪਠਾਨਕੋਟ, ਜਸਵੀਰ ਕੌਰ ਪ੍ਰਧਾਨ ਲੁਧਿਆਣਾ, ਇਕਬਾਲ ਕੌਰ ਪ੍ਰਧਾਨ ਪਟਿਆਲਾ, ਸੁਨੀਤਾ ਫਾਜ਼ਿਲਕਾ, ਗੁਰਜੀਤ ਕੌਰ ਮਨਜੀਤ ਕੌਰ, ਕੁਲਵਿੰਦਰ ਕੌਰ ਮੋਹਾਲੀ ਅਨਮਤ, ਜਸਵੀਰ ਕੌਰ ਤਾਰਨ ਤਾਰਨ ਤੋਂ ਇਲਾਵਾ ਮਿੱਡ -ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾਸਲਾਹਕਾਰ ਅਤੇ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਸ਼ਾਮਲ ਸਨ।

# ਸੰਤ ਬੂਟਾ ਸਿੰਘ ਮੈਮੋਰੀਅਲ ਕਲੱਬ ਨੇ ਮਹੇੜੂ ਵਿਖੇ ਕਰਵਾਇਆ 130ਵਾਂ ਸਾਲਾਨਾ ਛਿੰਝ ਮੇਲਾ



**ਫਗਵਾੜਾ (,ਡਾ. ਰਮਨ, ਇੰਦਰਜੀਤ ਸਿੰਘ ਮਠਾੜੂ, ਵੱਡਾ )** ਸ੍ਰੀਮਾਨ 108 ਸੰਤ ਬਾਬਾ ਬੂਟਾ ਸਿੰਘ ਜੀ ਮੈਮੋਰੀਅਲ ਸਪੋਰਟਸ ਕਲੱਬ (ਰਜਿ.) ਵਲੋਂ 130 ਵਾਂ ਸਲਾਨਾ ਛਿੰਝ ਮੇਲਾ ਪਿੰਡ ਮਹੇੜੂ ਵਿਖੇ ਕਰਵਾਇਆ ਗਿਆ। ਸਾਬਕਾ ਅੰਤਰਰਾਸ਼ਟਰੀ ਕੁਸ਼ਤੀ ਕੋਚ ਪੀ.ਆਰ. ਸੌਂਧੀ ਦੀ ਦੇਖ ਰੇਖ ਹੇਠ ਕਰਵਾਏ ਇਸ ਛਿੰਝ ਮੇਲੇ 'ਚ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਏ ਪਹਿਲਵਾਨਾਂ ਨੇ ਜ਼ੋਰ ਅਜਮਾਇਸ਼ ਕੀਤੀ। ਪਟਕੇ ਦੀ ਕੁਸ਼ਤੀ ਮਹਾਰਾਸ਼ਟਰ ਤੋਂ ਆਏ ਪਹਿਲਵਾਨ ਸਿਕੰਦਰ ਸ਼ੇਖ ਅਤੇ ਅਜੇ ਬਾਰਣ ਗੁਰੂਗ੍ਰਾਮ ਹਰਿਆਣਾ ਵਿਚਕਾਰ ਹੋਈ। ਜਿਸ ਵਿਚ ਸਿਕੰਦਰ ਸ਼ੇਖ ਜੇਤੂ ਰਿਹਾ। ਜੇਤੂ ਪਹਿਲਵਾਨ ਨੂੰ ਗੁਰਜ ਪ੍ਰਦਾਨ ਕਰਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਲਵਪ੍ਰੀਤ ਖੰਨਾ ਨੇ ਕਮਲਜੀਤ ਸਿੰਘ ਮੁੱਲਾਂਪੁਰ ਅਖਾੜਾ ਗਰੀਬ ਦਾਸ ਨੂੰ ਸ਼ਿਕਸਤ ਦਿੱਤੀ। ਪਹਿਲਵਾਨ ਖਲੀ ਧਲੇਤਾ ਨੇ ਜੱਸਾ ਪਹਿਲਵਾਨ ਰਾਏਪੁਰ ਡੱਬਾ ਅਖਾੜਾ ਨੂੰ ਹਰਾਇਆ। ਜਦਕਿ ਪਹਿਲਵਾਨ ਵੰਸ਼ ਪਟਿਆਲਾ ਨੇ ਲਖਵਿੰਦਰ ਆਰ.ਸੀ.ਐਫ. ਨੂੰ ਅਤੇ ਪਹਿਲਵਾਨ ਗਾਮਾ ਧਲੇਤਾ ਨੇ ਜਗਰੂਪ ਸ਼ੰਕਰ ਨੂੰ ਮਾਤ ਦਿੱਤੀ। ਜੇਤੂ ਪਹਿਲਵਾਨਾਂ ਨੂੰ ਨਗਦ ਰਾਸ਼ੀ ਨਾਲ ਨਿਵਾਜਿਆ ਗਿਆ। ਕਲੱਬ ਦੇ ਸਰਪ੍ਰਸਤ ਮਨਿੰਦਰ ਸਿੰਘ, ਸਰਪੰਚ ਸੁਖਵਿੰਦਰ ਸਿੰਘ, ਮੈਂਬਰ ਪੰਚਾਇਤ ਬਲਵਿੰਦਰ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਮਹੇੜੂ ਨੇ ਦੱਸਿਆ ਕਿ ਇਸ ਛਿੰਝ ਮੇਲੇ ਵਿਚ ਕੁਆਲਮਪੁਰ ਅਖਾੜਾ ਮਹਾਰਾਸ਼ਟਰ, ਅਖਾੜਾ ਗੁਰਦੇਵ ਪਹਿਲਵਾਨ ਬਾਰਣ ਪਟਿਆਲਾ, ਮੀਰੀ ਪੀਰੀ ਅਖਾੜਾ ਖੰਨਾ, ਪੰਜਾਬ ਪੁਲਿਸ ਰੈਸਲਿੰਗ ਟੀਮ ਜਲੰਧਰ, ਸੁਭਾਸ਼ ਮਲਿਕ ਅਖਾੜਾ ਪਟਿਆਲਾ, ਰੇਲ ਕੋਚ ਫੈਕਟਰੀ, ਬੁੱਧ ਸਿੰਘ ਧਲੇਤਾ ਅਖਾੜਾ ਅਤੇ ਪੀ.ਆਰ.ਸੌਂਧੀ ਰੈਸਲਿੰਗ ਅਕੈਡਮੀ ਫਗਵਾੜਾ, ਹਰਭਜਨ ਸਿੰਘ ਅਖਾੜਾ ਪੱਖੋ ਕੇ, ਸ਼ਿਵਬਾੜੀ ਅਖਾੜਾ ਫਗਵਾੜਾ ਤੋਂ ਪਹੁੰਚੇ 40 ਨਾਮਵਰ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਉਹਨਾਂ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਭਾਰਤ ਦੀ ਆਜਾਦੀ ਤੋਂ ਵੀ ਕਾਫੀ ਪਹਿਲਾਂ ਤੋਂ ਇਹ ਸਾਲਾਨਾ ਛਿੰਝ ਮੇਲਾ ਸਾਲ 1906 ਵਿਚ ਸ੍ਰੀਮਾਨ 108 ਸੰਤ ਬਾਬਾ ਬੂਟਾ ਸਿੰਘ ਵਲੋਂ ਸ਼ੁਰੂ ਕਰਵਾਇਆ ਸੀ। ਪੰਜਾਬ ਦੀ ਵੰਡ ਤੋਂ ਪਹਿਲਾਂ ਹੁਣ ਦੇ ਪਾਕਿਸਤਾਨ ਸਮੇਤ ਵਿਦੇਸ਼ਾਂ ਤੋਂ ਪਹਿਲਵਾਨ ਇੱਥੇ ਜ਼ੋਰ ਅਜਮਾਇਸ਼ ਕਰਨ ਆਉਂਦੇ ਰਹੇ ਹਨ। ਇਸ ਮੌਕੇ ਕੁਲਦੀਪ ਸਿੰਘ ਮਾਨ ਅਮਰੀਕਾ, ਸੁਖਵਿੰਦਰ ਕੌਰ ਯੂ.ਐਸ.ਏ., ਗੁਦਾਵਰ ਸਿੰਘ ਯੂ.ਐਸ.ਏ., ਸੁਨੀਲ ਦੱਤ ਪੀ.ਏ.ਪੀ., ਅਮਰੀਕ ਸਿੰਘ ਅੰਤਰ ਰਾਸ਼ਟਰੀ ਪਹਿਲਵਾਨ, ਰਵਿੰਦਰ ਨਾਥ ਕੋਚ, ਪਹਿਲਵਾਨ ਸੁਭਾਸ਼ ਮਲਿਕ, ਹਰੀ ਕ੍ਰਿਸ਼ਨ ਰੇਲ ਕੋਚ ਫੈਕਟਰੀ, ਪਹਿਲਵਾਨ ਗੁਰਦੇਵ ਸਿੰਘ, ਰੀਤ ਪ੍ਰੀਤ ਪਾਲ ਸਿੰਘ ਆਦਿ ਹਾਜ਼ਰ ਸਨ।

## ਸ਼ੋਭਾ ਯਾਤਰਾ ਦਾ ਹੋਵੇਗਾ ਨਿੱਘਾ ਸਵਾਗਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-4 ਅਪ੍ਰੈਲ ਨੂੰ ਚੂਹੜਵਾਲੀ ਤੋਂ ਹੁਸ਼ਿਆਰਪੁਰ ਪਹੁੰਚਣ ਵਾਲੀ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਦਾ ਹਜ਼ਰਤ ਸਾਈਂ ਗੀਤਾ ਸ਼ਾਹ ਕਾਦਰੀ ਗੱਦੀਨਸ਼ੀਨ ਹਜ਼ਰਤ ਪੀਰ ਗੌਸ ਪਾਕ ਗਿਆਰਵੀਂ ਵਾਲੀ ਸਰਕਾਰ ਦੀ ਸਰਪ੍ਰਸਤੀ ਹੇਠ ਬੇਗਮਪੁਰਾ ਟਾਇਗਰ ਫੋਰਸ ਵਲੋਂ ਨਿੱਘਾ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ 4 ਅਪ੍ਰੈਲ ਦਿਨ ਵੀਰਵਾਰ ਸਵੇਰੇ 9 ਵਜੇ ਯਾਤਰਾ ਚੂਹੜਵਾਲੀ ਤੋਂ ਸ਼ਾਨੋ ਸ਼ੌਕਤ ਨਾਲ ਆਰੰਭ ਹੋਵੇਗੀ ਜੋ ਕਿ ਆਦਮਪੁਰ, ਭੋਗਪੁਰ, ਬੁਲੋਵਾਲ, ਹੁਸ਼ਿਆਰਪੁਰ, ਮਾਹਿਲਪੁਰ, ਗੜ੍ਹਸ਼ੰਕਰ ਤੋਂ ਹੋ ਕੇ ਸ਼ਾਮ ਨੂੰ ਇਤਿਹਾਸਕ ਅਸਥਾਨ ਸ੍ਰੀ ਗੁਰੂ ਰਵਿਦਾਸ ਸਦਨ ਤੋਂ ਹੋ ਕੇ ਸੱਚਖੰਡ ਸ੍ਰੀ ਚਰਨਛੋਹ ਗੰਗਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇਗੀ ਜਿਥੇ ਰਾਤ ਦੇ ਕੀਰਤਨ ਦੇ ਦੀਵਾਨ ਸਜਾਏ ਜਾਣਗੇ। 5 ਅਪ੍ਰੈਲ ਸਵੇਰੇ 8 ਵਜੇ ਇਥੋਂ ਸ਼ੋਭਾ ਯਾਤਰਾ ਹਰਿ ਯਸ਼ ਕਰਦੇ ਹੋਏ ਹਰਿਦੁਆਰ ਲਈ ਰਵਾਨਾ ਹੋਵੇਗੀ।

## ਸਰਕਾਰੀ ਕਾਲਜ 'ਚ 'ਮੇਰਾ ਪਹਿਲਾ ਵੋਟ ਦੇਸ਼ ਦੇ ਲਈ' ਨਾਲ ਸੰਬੰਧਤ ਸਮਾਰੋਹ ਕਰਵਾਏ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਐਨ.ਐਸ.ਐਸ. ਅਤੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.ਵਿਜੇ ਕੁਮਾਰ ਦੇ ਸਹਿਯੋਗ ਨਾਲ "ਮੇਰਾ ਪਹਿਲਾ ਵੋਟ ਦੇਸ਼ ਦੇ ਲਈ" ਨਾਲ ਸਬੰਧਿਤ ਸਮਾਰੋਹ ਕਰਵਾਏ ਗਏ। ਪ੍ਰੋ.ਵਿਜੇ ਕੁਮਾਰ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਵੋਟ ਦੇ ਮਹੱਤਵ ਦੀ ਜਾਣਕਾਰੀ ਦਿੰਦੇ ਹੋਏ ਹਰ ਇੱਕ ਨੂੰ ਵੋਟ ਪਾਉਣ ਦੇ ਲਈ ਪ੍ਰੇਰਿਤ ਕੀਤਾ ਤਾਂਕਿ ਸਾਡਾ ਲੋਕਤੰਤਰ ਮਜ਼ਬੂਤ ਹੋ ਸਕੇ ਅਤੇ ਅਸੀਂ ਅਜਿਹੀ ਸਰਕਾਰ ਬਣਾ ਸਕੀਏ ਜਿਸ ਨਾਲ ਸਾਡਾ ਦੇਸ਼ ਦੁਨੀਆਂ ਵਿੱਚ ਰੋਸ਼ਨ ਹੋ ਸਕੇ ਅਤੇ ਅਸੀਂ ਦਿਨ ਦੁਗਣੀ ਅਤ ਰਾਤ ਚੌਗੁਣੀ ਤਰੱਕੀ ਕਰ ਸਕੀਏ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਹੁੰ ਵੀ ਚੁਕਾਈ ਕਿ ਉਹ ਵੋਟਾਂ ਅਤੇ ਦੇਸ਼ ਪ੍ਰਤੀ ਬਣਦੇ ਫਰਜ਼ ਨੂੰ ਇਮਾਨਦਾਰੀ ਨਾਲ ਨਿਭਾਉਣਗੇ। ਵਿਦਿਆਰਥੀਆਂ ਵੱਲੋਂ ਵਿਸ਼ੇ ਅਨੁਸਾਰ ਪੋਸਟਰ ਬਣਾ ਕੇ ਵੀ ਜਾਗਰੂਕਤਾ ਫੈਲਾਈ ਗਈ। ਅਸਿਸਟੈਂਟ ਪ੍ਰੋਫੈਸਰ ਰਣਜੀਤ ਕੁਮਾਰ, ਜਸਵਿੰਦਰ ਕੌਰ ਅਤੇ ਤਜਿੰਦਰ ਕੌਰ ਨੇ ਵੀ ਇਸ ਸਮਾਰੋਹ ਨੂੰ ਕਰਵਾਉਣ ਵਿੱਚ ਪੂਰਾ ਸਹਿਯੋਗ ਦਿੱਤਾ।

## ਪਰਮਜੀਤ ਕੌਰ ਰੰਧਾਵਾ ਸਿਹਤ ਤੇ ਪਰਵਾਰ ਕਲਿਆਣ ਵਿਭਾਗ ਤੋਂ ਸੇਵਾ-ਮੁਕਤ

**ਜਲੰਧਰ (ਸ਼ੈਲੀ ਐਲਬਰਟ )** ਪਰਮਜੀਤ ਕੌਰ ਰੰਧਾਵਾ, ਜੋ ਕਿ 38 ਸਾਲ 6 ਮਹੀਨੇ ਦੀ ਬੇਦਾਗ ਨੌਕਰੀ ਤੋਂ ਬਾਅਦ ਸਿਹਤ ਅਤੇ ਪਰਵਾਰ ਕਲਿਆਣ ਵਿਭਾਗ ਤੋਂ ਸੇਵਾ ਮੁਕਤ ਹੋ ਗਏ ਹਨ। ਉਹ ਪੀਐਸਪੀਸੀਐਲ ਦੇ ਸੇਵਾ ਮੁਕਤ ਜੇਈ ਕੁਲਜੀਤ ਸਿੰਘ ਰੰਧਾਵਾ ਦੀ ਸੁਪਤਨੀ ਹਨ। ਇਸ ਮੌਕੇ 'ਤੇ ਰੱਖੀ ਗਈ ਰਿਟਾਇਰਮੈਂਟ ਪਾਰਟੀ ਦੌਰਾਨ ਸ਼ੁਭ ਚਿੰਤਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੂੰ ਸੇਵਾ ਮੁਕਤ ਹੋਣ 'ਤੇ ਵਧਾਈਆਂ ਦਿੱਤੀਆਂ। ਉਨ੍ਹਾਂ ਦੀ ਬੇਟੀ ਕਾਜ਼ਨਪ੍ਰੀਤ ਕੌਰ ਅਤੇ ਸਪੁੱਤਰ ਸਮਰੱਥਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ 'ਤੇ ਵਧਾਈਆਂ ਦੇਣ ਵਾਲਿਆਂ ਵਿੱਚ ਦਲਜੀਤ ਸਿੰਘ ਆਈਆਰਐਸ ਅਸਿਸਟੈਂਟ ਕਮਿਸ਼ਨਰ ਸੀਜੀਐਸਟੀ ਆਡਿਟ ਸਰਕਲ ਜਲੰਧਰ, ਧਰਮਪਾਲ ਸਿੰਘ ਡਾਇਰੈਕਟਰ ਪੋਸਟਲ ਐਲਆਰਐਮਐਸ ਅੰਬਾਲਾ ਬੈਂਕ, ਗੁਨਦੀਪ ਸਿੰਘ ਕਪੂਰ, ਭੁਪਿੰਦਰ ਸਿੰਘ ਅੰਤਰਰਾਸ਼ਟਰੀ ਹਾਕੀ ਅੰਪਾਇਰ, ਮਨਦੀਪ ਸਿੰਘ ਇੰਟਰਨੈਸ਼ਨਲ ਖਿਡਾਰੀ, ਮਹਾਂਬੀਰ ਸਿੰਘ, ਨਵਦੀਪ ਸਿੰਘ, ਮਲਕੀਅਤ ਸਿੰਘ, ਸੁਰਿੰਦਰ ਕੌਰ, ਗੁਰਿੰਦਰ ਸਿੰਘ ਬਾਜਵਾ, ਹਰਮਨਦੀਪ ਕੌਰ ਬਾਜਵਾ, ਬਲਜੀਤ ਕੌਰ, ਸਚਮਨਪ੍ਰੀਤ ਕੌਰ, ਮਨਜੀਤ ਕੌਰ, ਅਕਾਲਦੀਪ ਸਿੰਘ, ਗੁਰਪ੍ਰੀਤ ਸਿਮਘ ਸੋਹਲ, ਨਵਪ੍ਰੀਤ ਸਿੰਘ ਬਬਲੂ, ਗੁਰਪ੍ਰੀਤ ਸਿੰਘ ਲਾਡੀ ਅਤੇ ਉਲੰਪੀਅਨ ਸੰਜੀਵ ਕੁਮਾਰ ਸ਼ਾਮਲ ਸਨ।

## ਮਨਰੇਗਾ ਕਾਮਿਆਂ ਦੀ ਦਿਹਾੜੀ 'ਚ 19 ਰੁਪਏ ਦਾ ਵਾਧਾ ਵਰਕਰਾਂ ਨਾਲ ਕੋਝਾ ਮਜਾਕ : ਦੀਪਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** -ਮਨਰੇਗਾ ਵਰਕਰਜ ਯੂਨੀਅਨ ਪੰਜਾਬ ਨੇ ਕੇਂਦਰ ਸਰਕਾਰ ਵਲੋਂ ਮਨਰੇਗਾ ਦਿਹਾੜੀ ਵਿਚ ਕੀਤੇ ਮਾਮੂਲੀ ਵਾਧੇ ਨੂੰ ਮਜਦੂਰਾਂ ਨਾਲ ਕੋਝਾ ਮਜਾਕ ਦਸਿਆ ਹੈ। ਯੂਨੀਅਨ ਦੇ ਸੂਬਾ ਕਨਵੀਨਰ ਦੀਪਕ ਹੁਸ਼ਿਆਰਪੁਰ , ਸਲਾਹਕਾਰ ਮਨਜੀਤ ਸੈਣੀ ਅਤੇ ਧਰਮਿੰਦਰ ਸਿੰਘ, ਸੂਬਾ ਕਮੇਟੀ ਮੈਂਬਰ ਬਲਵਿੰਦਰ ਕੌਰ , ਨਿਸ਼ਾ ਰਾਣੀ ਅਤੇ ਜਰਨੈਲ ਸਿੰਘ ਤਰਨ ਤਾਰਨ ਆਦਿ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਨਵੇਂ ਵਿੱਤੀ ਵਰ੍ਹੇ ਲਈ ਕੇਂਦਰ ਸਰਕਾਰ ਨੇ ਮਨਰੇਗਾ ਵਰਕਰਾਂ ਦੀ ਦਿਹਾੜੀ ਵਿਚ ਮਹਿਜ 19 ਰੁਪਏ ਵਾਧਾ ਕਰਕੇ ਮਜਦੂਰ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ, ਦੇਸ ਵਿਚ ਮਹਿੰਗਾਈ ਛੜੱਪੇ ਮਾਰ ਵਧ ਰਹੀ ਹੈ, ਅਤੇ ਮਨਰੇਗਾ ਵਰਕਰ ਮਾਮੂਲੀ ਦਿਹਾੜੀ 'ਤੇ ਕੰਮ ਕਰ ਰਹੇ ਹਨ! ਪਿਛਲੇ ਲੰਮੇ ਸਮੇਂ ਤੋਂ ਮਨਰੇਗਾ ਵਰਕਰ ਕੰਮ ਦੇ ਦਿਨਾਂ ਵਿੱਚ ਵਾਧਾ, ਦਿਹਾੜੀ 600 ਰੁਪਏ ਅਤੇ ਮੇਟਾਂ ਤੋਂ 100 ਦਿਨ ਦੀ ਸ਼ਰਤ ਹਟਾਉਣ ਦੀ ਮੰਗ ਕਰ ਰਹੇ ਹਨ। ਆਗੂਆਂ ਨੇ ਦਸਿਆ ਕਿ ਐਕਟ ਵਿਚ ਤਜਵੀਜ ਦੇ ਬਾਵਜੂਦ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਅਦਾਇਗੀ ਲਈ ਲੰਬੀ ਉਡੀਕ ਕਰਨੀ ਪੈਂਦੀ ਹੈ, ਮਾਰਚ ਮਹੀਨਾ ਖਤਮ ਹੋਣ ਵਾਲਾ ਹੈ ਅਤੇ ਜਨਵਰੀ ਮਹੀਨੇ ਤੋਂ ਮਨਰੇਗਾ ਵਰਕਰਾਂ ਦੀ ਪੇਮੈਂਟਾਂ ਰੁਕੀਆਂ ਹੋਈਆਂ ਹਨ। ਆਗੂਆਂ ਨੇ ਮਨਰੇਗਾ ਦੀਆਂ ਰੁਕੀਆਂ ਅਦਾਇਗੀਆਂ ਇਕ ਹਫਤੇ ਅੰਦਰ ਨਾ ਕਰਨ 'ਤੇ ਬਲਾਕ ਪੱਧਰ ਉਤੇ ਬੀਡੀਪੀਓ ਦਫਤਰਾਂ ਦੇ ਘਿਰਾਓ ਦੀ ਚੇਤਾਵਨੀ ਦਿੱਤੀ ਹੈ।

## ਟਰੱਸਟ ਵੱਲੋਂ ਲੋੜਵੰਦ ਨੂੰ ਟਰਾਈ ਸਾਈਕਲ ਭੇਟ

**ਮਾਹਿਲਪੁਰ (ਸ.ਫਰੀ)**-ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਵੱਲੋਂ ਅੱਜ ਪਿੰਡ ਗੋਗੋਂ ਵਿਖੇ ਕੁਦਰਤ ਦੀ ਮਾਰ ਚੱਲ ਰਹੇ ਇੱਕ ਵਿਕਲਾਂਗ ਵਿਅਕਤੀ ਨੂੰ ਟਰਾਈ ਸਾਈਕਲ ਭੇਟ ਕੀਤੀ ਗਈ। ਇਸ ਮੌਕੇ ਦਰਸ਼ਨ ਸਿੰਘ ਮੱਟੂ ਅਤੇ ਮਾਸਟਰ ਬਲਵੀਰ ਸਿੰਘ ਬੈਂਸ ਨੇ ਦੱਸਿਆ ਕਿ ਯੂ ਕੇ ਵਿੱਚ ਬ੍ਰਿਟਿਸ਼ ਇਮਪਾਇਰ ਅਫਸਰ ਡਾਕਟਰ ਅਮਰਜੀਤ ਰਾਜੂ ਵੱਲੋਂ ਇਲਾਕੇ ਵਿੱਚ ਲੋੜਵੰਦ ਅੰਗਹੀਣਾਂ ਨੂੰ ਲਗਾਤਾਰ ਟਰਾਈ ਸਾਈਕਲ ਅਤੇ ਵੀਲ ਚੇਅਰਜ਼ ਭੇਟ ਕੀਤੀਆਂ ਜਾ ਰਹੀਆਂ ਹਨ ਅਤੇ ਅੱਜ ਵੀ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਰਾਹੀਂ ਟਰਾਈ ਸਾਈਕਲ ਭੇਟ ਕੀਤੀ ਗਈ। ਇਸ ਮੌਕੇ ਦਰਸ਼ਨ ਸਿੰਘ ਮੱਟੂ, ਸੁਭਾਸ਼ ਮੱਟੂ, ਮਾਸਟਰ ਬਲਵੀਰ ਸਿੰਘ ਬੈਂਸ, ਬਲਵਿੰਦਰ ਕੌਰ, ਕਮਲਜੀਤ ਕੌਰ ਬੈਂਸ, ਪ੍ਰਿੰਸੀਪਲ ਬਿੱਕਰ ਸਿੰਘ, ਹਰਦੇਵ ਰਾਏ, ਭੁਪਿੰਦਰ ਰਾਣਾ, ਨਿੰਦਰ ਸੰਘਾ, ਮੱਖਣ ਸਿੰਘ ਕਨੇਡਾ, ਸ਼ਿੰਗਾਰਾ ਰਾਮ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਵਿਖੇ ਸ਼ੋਭਾ ਯਾਤਰਾ ਦਾ ਹੋਵੇਗਾ ਨਿੱਘਾ ਸਵਾਗਤ : ਜਗੀਰ ਸਿੰਘ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਵਿਖੇ ਸੰਤ ਜਗੀਰ ਸਿੰਘ ਦੀ ਅਗਵਾਈ ਹੇਠ ਇਲਾਕੇ ਦੇ ਪਤਵੰਤਿਆਂ ਨਾਲ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ 4 ਅਪ੍ਰੈਲ ਤੋਂ 7 ਅਪ੍ਰੈਲ ਤੱਕ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਆਦਮਪੁਰ (ਜਲੰਧਰ) ਤੋਂ ਆਰੰਭ ਹੋ ਰਹੀ ਮਹਾਨ ਦਮੜੀ ਸ਼ੋਭਾ ਯਾਤਰਾ ਦੇ ਸਵਾਗਤ ਸਬੰਧੀ ਵਿਚਾਰ ਚਰਚਾ ਹੋਈ। ਸੰਤ ਜਗੀਰ ਸਿੰਘ ਨੇ ਦੱਸਿਆ ਕਿ 4 ਅਪ੍ਰੈਲ ਨੂੰ ਸ਼ੋਭਾ ਯਾਤਰਾ ਭੋਗਪੁਰ ਤੋਂ ਹੋ ਕੇ ਵਾਇਆ ਨੰਦਾਚੌਰ ਹੁਸ਼ਿਆਰਪੁਰ ਪਹੁੰਚੇਗੀ। ਉਨ੍ਹਾ ਕਿਹਾ ਕਿ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਵਿਖੇ ਇਲਾਕੇ ਦੀਆਂ ਸੰਗਤਾਂ ਵਲੋਂ ਸ਼ੋਭਾ ਯਾਤਰਾ ਦਾ ਨਿੱਘਾ ਤੇ ਭਰਪੂਰ ਸਵਾਗਤ ਕੀਤਾ ਜਾਵੇਗਾ। ਸੰਤ ਜਗੀਰ ਸਿੰਘ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਨੇ ਦੱਸਿਆ ਕਿ 4 ਅਪ੍ਰੈਲ ਨੂੰ ਸਵੇਰੇ 9 ਵਜੇ ਯਾਤਰਾ ਚੂਹੜਵਾਲੀ ਤੋਂ ਸ਼ਾਨੋ ਸ਼ੌਕਤ ਨਾਲ ਆਰੰਭ ਹੋਵੇਗੀ ਜੋ ਕਿ ਆਦਮਪੁਰ, ਭੋਗਪੁਰ, ਬੁੱਲ੍ਹੋਵਾਲ, ਹੁਸ਼ਿਆਰਪੁਰ, ਮਾਹਿਲਪੁਰ, ਗੜ੍ਹਸ਼ੰਕਰ ਤੋਂ ਹੋ ਕੇ ਸ਼ਾਮ ਨੂੰ ਇਤਿਹਾਸਕ ਅਸਥਾਨ ਸ੍ਰੀ ਗੁਰੂ ਰਵਿਦਾਸ ਸਦਨ ਤੋਂ ਹੋ ਕੇ ਸੱਚਖੰਡ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇਗੀ। ਜਿਥੇ ਰਾਤ ਦੇ ਕੀਰਤਨ ਦੇ ਦੀਵਾਨ ਸਜਾਏ ਜਾਣਗੇ। ਉਨ੍ਹਾ ਦੱਸਿਆ ਕਿ 5 ਅਪ੍ਰੈਲ ਸਵੇਰੇ 8 ਵਜੇ ਇਥੋਂ ਸ਼ੋਭਾ ਯਾਤਰਾ ਹਰਿ ਜਸ ਕਰਦੇ ਹੋਏ ਹਰਿਦੁਆਰ ਲਈ ਰਵਾਨਾ ਹੋਵੇਗੀ।ਉਨ੍ਹਾ ਸੰਗਤਾਂ ਨੂੰ ਹੁੰਮਹੁਮਾ ਕੇ ਸ਼ਰਧਾ ਭਾਵਨਾ ਨਾਲ ਸ਼ੋਭਾ ਯਾਤਰਾ ਵਿਚ ਹਾਜ਼ਰ ਹੋਣ ਦੀ ਅਪੀਲ ਕੀਤੀ।

# ਅਜਨੋਹਾ 'ਚ ਬਿਸਤ ਦੋਆਬਾ ਨਹਿਰ 'ਤੇ ਚਾਹ ਪਕੌੜਿਆਂ ਦੇ ਲੰਗਰ ਲਗਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਅਜਨੋਹਾ ਵਿਖੇ ਬਿਸਤ ਦੋਆਬਾ ਨਹਿਰ ਤੇ ਡੇਰਾ 1008 ਸੂਫੀ ਸੰਤ ਬਾਬਾ ਪੂਰਨ ਸਿੰਘ ਸੱਚਾ ਦਰਬਾਰ ਅਜਨੋਹਾ, ਸੰਤ ਬਾਬਾ ਹਜ਼ਾਰਾ ਸਿੰਘ ਕੁਟੀਆ ਵੱਲੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਅਨੰਦਪੁਰ ਸਾਹਿਬ ਹੋਲਾ ਮਹੱਲਾ ਮੌਕੇ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ। ਇਸ ਮੌਕੇ ਪ੍ਰਧਾਨ ਪਰਮਵੀਰ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ ਪਰਮਾਰ ਪਾਸ਼ਟਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰ ਦੱਸਿਆ ਕਿ ਹੋਲੇ ਮਹੱਲੇ ਮੌਕੇ ਤਿੰਨ ਰੋਜ਼ਾ ਚਾਹ ਪਕੌੜਿਆਂ ਦੇ ਲੰਗਰ ਲਗਾਏ ਗਏ ।ਇਸ ਮੌਕੇ ਸਮੂਹ ਸੇਵਾਦਾਰਾਂ ਵੱਲੋਂ ਰਾਹਗੀਰਾਂ ਨੂੰ ਪਿਆਰ ਸਤਿਕਾਰ ਨਾਲ ਬਿਠਾ ਕੇ ਚਾਹ ਪਕੌੜਿਆਂ ਦੇ ਲੰਗਰ ਛਕਾਏ ਗਏ। ।ਇਸ ਮੌਕੇ ਪ੍ਰਧਾਨ ਪਰਮਵੀਰ ਸਿੰਘ, ਗੁਰਮੁਖ ਸਿੰਘ, ਸੋਢੀ ਸਿੰਘ, ਕੁਲਦੀਪ ਸਿੰਘ, ਮਾਸਟਰ ਕੁਲਵਿੰਦਰ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ ਪਾਸ਼ਟਾਂ, ਸੋਹਣ ਸਿੰਘ, ਅਵਤਾਰ ਸਿੰਘ, ਸੋਢੀ ਸਿੰਘ ਜਲਵੇਹੜਾ, ਨਿਰਮਲ ਸਿੰਘ ਮਾਲਕਪੁਰ, ਹਰਭਜਨ ਸਿੰਘ ਮਾਲਕਪੁਰ, ਸੋਹਣ ਸਿੰਘ ਕੂਕੋਵਾਲ, ਆਸਾ ਸਿੰਘ, ਹਰਵਿੰਦਰ ਸਿੰਘ ਸੋਨਾ ਠੱਕਰਵਾਲ, ਕਲਜੀਤ ਕੌਰ, ਸਲਿੰਦਰ ਕੌਰ, ਸੁਖਵਿੰਦਰ ਕੌਰ ਮਾਲਕਪੁਰ, ਪਰਮਜੀਤ ਕੌਰ, ਬਲਵੀਰ ਕੌਰ ਕੂਕੋਵਾਲ, ਹਰਜਿੰਦਰ ਕੌਰ ਮਾਲਕਪੁਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਗਤਕਾ ਮੁਕਾਬਲੇ 'ਚ ਸੁਲਤਾਨਪੁਰ ਲੋਧੀ ਨੂੰ ਤੀਜਾ ਸਥਾਨ ਹਾਸਲ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸਿੱਖ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਨੂੰ ਸਮਰਪਤ ਕੌਮਾਂਤਰੀ ਗਤਕਾ ਮੁਕਾਬਲੇ ਰੋਪੜ ਵਿਖੇ ਕਰਵਾਏ ਗਏ। ਜਿਸ ਵਿੱਚ ਸੁਲਤਾਨਪੁਰ ਲੋਧੀ ਨੇ ਤੀਜਾ ਸਥਾਨ ਹਾਸਲ ਕੀਤਾ।ਮੁਕਾਬਲਿਆਂ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਸਿੱਖ ਪਰੰਪਰਾਵਾਂ ਅਤੇ ਸਿੱਖ ਮਰਯਾਦਾ ਅਨੁਸਾਰ ਕਰਵਾਈ ਗਈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਬਖ਼ਸ਼ੀ ਜੰਗਜੂ ਯੁੱਧ ਕਲਾ ਦਾ ਪ੍ਰਚਾਰ, ਪ੍ਰਸਾਰ ਅਤੇ ਵਿਕਾਸ ਕਰ ਕੇ ਨੌਜਵਾਨ ਨੂੰ ਆਪਣੇ ਵਿਰਸੇ ਪ੍ਰਤੀ ਚੇਤੰਸ ਕਰ ਕੇ ਨਸ਼ਿਆਂ ਤੇ ਸਮਾਜਕ ਕੁਰੀਤੀਆਂ ਤੋਂ ਦੂਰ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਕਲਾ ਨਾਲ ਆਪਸੀ ਮੁਕਾਬਲਾ ਕਰਨ ਦੀ ਸ਼ਕਤੀ ਵਧਦੀ ਹੈ ਅਤੇ ਹਾਰ ਜਿੱਤ ਇੱਕ ਦੂਜੇ ਪ੍ਰਤੀ ਸਹਿਣਸ਼ੀਲਤਾ ਵੀ ਪੈਦਾ ਕਰਦੀ ਹੈ। ਇਸ ਮੌਕੇ ਉੱਚੇ ਪੱਧਰ ਦੇ ਗਤਕਾ ਮੁਕਾਬਲੇ ਵਿੱਚ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਦੇ ਮਹਾਕਾਲ ਸਹਾਇ ਸ਼ਸਤਰ ਵਿੱਦਿਆ ਦਲ ਦੇ ਖਿਡਾਰੀਆਂ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸੁਲਤਾਨਪੁਰ ਲੋਧੀ ਦਾ ਪੂਰੇ ਪੰਜਾਬ ਵਿਚ ਨਾਂਅ ਰੌਸ਼ਨ ਕੀਤਾ।ਇਸ ਮੌਕੇ ਜਸਪ੍ਰੀਤ ਸਿੰਘ ਖਾਲਸਾ,ਅੰਮ੍ਰਿਤ ਪਾਲ ਸਿੰਘ, ਜਸਵਿੰਦਰ ਸਿੰਘ, ਰਾਜਵੀਰ ਸਿੰਘ, ਜਸਕਰਨ ਸਿੰਘ, ਗੁਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਰਾਮ ਪਾਲ ਸਿੰਘ, ਹਰਮਨਜੀਤ ਸਿੰਘ, ਹਰਸਿਮਰਨ ਸਿੰਘ ਆਦਿ ਨੇ ਭਾਗ ਲਿਆ।

# ਏ ਜੀ ਆਈ ਇਨਫਰਾ ਲਿਮਟਿਡ ਏਸ਼ੀਆ ਦੀਆਂ ਚੋਟੀ ਦੀਆਂ 200 ਕੰਪਨੀਆਂ 'ਚ ਸ਼ਾਮਲ



**ਜਲੰਧਰ (ਰਾਜੇਸ਼ ਥਾਪਾ)**- ਖੇਤਰ ਦੀ ਚੋਟੀ ਦੀ ਰੀਅਲ ਅਸਟੇਟ ਅਤੇ ਉਸਾਰੀ ਕੰਪਨੀ ਜਲੰਧਰ ਦੀ ਏ ਜੀ ਆਈ ਇਨਫਰਾ ਲਿਮਟਿਡ ਨੂੰ ਅੰਤਰਰਾਸ਼ਟਰੀ ਫੋਰਬਸ ਜਿਸ ਦਾ ਅਮਰੀਕਾ ਵਿੱਚ ਹੈੱਡਕੁਆਰਟਰ ਹੈ, ਨੂੰ ਸਨਮਾਨਤ ਕੀਤਾ ਗਿਆ ਹੈ।ਇੰਟਰਨੈਸ਼ਨਲ ਫੋਰਬਸ ਨੇ ਏਸ਼ੀਆ ਦੀਆਂ 20000 ਕੰਪਨੀਆਂ ਵਿੱਚੋਂ ਚੋਟੀ ਦੀਆਂ ਦੋ ਸੌ ਕੰਪਨੀਆਂ ਨੂੰ ਇੱਕ ਬਿਲੀਅਨ ਡਾਲਰ ਦੇ ਮੁੱਲ ਦੇ ਤਹਿਤ ਇੱਕ ਬਹੁਤ ਹੀ ਸਖਤ ਵਿਧੀ ਨਾਲ ਚੁਣਿਆ ਹੈ। ਇਸੇ ਸ਼੍ਰੇਣੀ ਵਿੱਚ ਅੰਤਰਰਾਸ਼ਟਰੀ ਫੋਰਬਸ ਨੇ ਭਾਰਤ ਵਿੱਚੋਂ ਸਿਰਫ਼ ਤੀਹ ਕੰਪਨੀਆਂ ਦੀ ਚੋਣ ਕੀਤੀ ਹੈ।ਇਸ ਮਹਾਨ ਸਨਮਾਨ 'ਤੇ ਬੋਲਦਿਆਂ ਏ ਜੀ ਆਈ ਇਨਫਰਾ ਲਿਮਟਿਡ ਦੇ ਪ੍ਰੋਜੈਕਟ ਡਾਇਰੈਕਟਰ ਵਰਿੰਦਰ ਸਿੰਘ ਨੇ ਕਿਹਾ ਕਿ ਏ ਜੀ ਆਈ ਨੇ ਆਧੁਨਿਕ ਬੁਨਿਆਦੀ ਢਾਂਚਾ, ਲੋੜੀਂਦੀਆਂ ਸਹੂਲਤਾਂ ਦੇ ਕੇ ਇਲਾਕੇ ਵਿੱਚ ਫਲੈਟ ਕਲਚਰ ਨੂੰ ਅਪਣਾਉਣ ਲਈ ਲੋਕਾਂ ਦੀ ਰੂੜੀਵਾਦੀ ਮਾਨਸਿਕਤਾ ਨੂੰ ਬਦਲ ਦਿੱਤਾ ਹੈ। 24 ਘੰਟੇ ਪਾਣੀ ਦੀ ਉਪਲਬਧਤਾ, ਬਿਜਲੀ ਦਾ ਬੈਕਅਪ, ਫਿਕਸਡ ਕਵਰਡ ਪਾਰਕਿੰਗ, ਸ਼ਾਨਦਾਰ ਮਾਹੌਲ, ਅਤੇ ਸਭ ਤੋਂ ਵੱਧ ਚੌਵੀ ਘੰਟੇ ਸੁਰੱਖਿਆ ਆਦਿ ਨੇ ਲੋਕਾਂ ਨੂੰ ਖ਼ਾਸ ਕਰਕੇ ਪ੍ਰਭਾਵਿਤ ਕੀਤਾ ਹੈ ।ਵਰਿੰਦਰ ਸਿੰਘ ਨੇ ਅੱਗੇ ਕਿਹਾ, ਏ ਜੀ ਆਈ ਇਨਫਰਾ ਲਿਮਟਿਡ ਨੇ ਸਮਾਜ ਦੇ ਹਰ ਵਰਗ ਨੂੰ ਹਜ਼ਾਰਾਂ ਲੋਕਾਂ ਨੂੰ ਸਭ ਤੋਂ ਕਿਫਾਇਤੀ ਕੀਮਤ 'ਤੇ ਸ਼ਾਨਦਾਰ ਸੁਵਿਧਾਵਾਂ ਅਤੇ ਮਾਹੌਲ ਦੇ ਨਾਲ ਵਧੀਆ ਘਰ ਪ੍ਰਦਾਨ ਕਰ ਰਿਹਾ ਹੈ।ਏ ਜੀ ਇਨਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਇਸ ਵੱਡੇ ਸਨਮਾਨ 'ਤੇ ਕਿਹਾ ਕਿ ਇਹ ਸਖ਼ਤ ਮਿਹਨਤ, ਅਸਲ ਸਮਰਪਣ ਦਾ ਨਤੀਜਾ ਹੈ ।ਪਰ ਅੰਤ ਵਿੱਚ ਇਮਾਨਦਾਰ, ਪਾਰਦਰਸ਼ੀ ਵਿਵਹਾਰ ਅਤੇ ਗਾਹਕਾਂ ਦੀ ਪੂਰੀ ਸੰਤੁਸ਼ਟੀ ਦਾ ਪ੍ਰਮਾਣ ਹੈ।ਏ ਜੀ ਆਈ ਇਨਫਰਾ ਲਿਮਟਿਡ ਦੇ ਸਭ ਤੋਂ ਨੌਜਵਾਨ ਨਿਰਦੇਸ਼ਕ ਅਭਿਜੀਤ ਸਿੰਘ ਨੇ ਇਸ ਅੰਤਰਰਾਸ਼ਟਰੀ ਮਾਨਤਾ 'ਤੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਬੇਸ਼ੱਕ ਸਾਡੀ ਕੰਪਨੀ ਲਈ ਇਹ ਇੱਕ ਵੱਡੇ ਸਨਮਾਨ ਦੀ ਗੱਲ ਹੈ, ਪਰ ਨਾਲ ਹੀ ਇਹ ਮਾਨਤਾ ਸਾਡੇ ਸਾਰਿਆਂ 'ਤੇ ਇਸ ਖੇਤਰ ਵਿੱਚ ਹੋਰ ਉਚਾਈਆਂ ਨੂੰ ਹਾਸਲ ਕਰਨ ਲਈ ਹੋਰ ਦਬਾਅ ਬਣਾਏਗੀ। ਉਨ੍ਹਾਂ ਅਗੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਭਵਿੱਖ ਵਿੱਚ ਵੱਧ ਤੋਂ ਵੱਧ ਮਾਡਰਨ ਤਕਨੀਕ ਅਪਣਾ ਕੇ ਘਰ ਬਣਾਏਗੀ ।

# ਪ੍ਰਿੰਸੀਪਲ ਸੁਖਰਾਜ ਕੌਰ ਦੀ ਸੇਵਾਮੁਕਤੀ 'ਤੇ ਵਿਦਾਇਗੀ ਸਮਾਗਮ



**ਸੁਲਤਾਨਪੁਰ ਲੋਧੀ (ਹਨੀ)**- ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਸੁਖਰਾਜ ਕੌਰ ਦੇ ਸੇਵਾਮੁਕਤ ਹੋਣ ਸਬੰਧੀ ਸਟਾਫ਼ ਮੈਂਬਰਾਂ ਵੱਲੋਂ ਸ਼ਾਨਦਾਰ ਵਿਦਾਇਗੀ ਸਮਾਗਮ ਦਾ ਆਯੋਜਨ ਕੀਤਾ ਗਿਆ ।

ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ । ਪਰਵਾਰਕ ਮੈਂਬਰਾਂ ਸਮੇਤ ਵਿਦਾਇਗੀ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੇ ਪ੍ਰਿੰਸੀਪਲ ਸੁਖਰਾਜ ਕੌਰ ਦਾ ਸਟਾਫ਼ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਦੌਰਾਨ ਸਕੂਲ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ ਰਾਹੀਂ ਕੀਤਾ ਗਿਆ। ਮੈਡਮ ਪਰਵੀਨ ਕੁਮਾਰੀ ਅਤੇ ਮੰਚ ਸੰਚਾਲਿਕਾ ਮੈਡਮ ਸੰਦੀਪ ਕੌਰ ਵੱਲੋਂ ਪੇਸ਼ ਕੀਤੀਆਂ ਕਵਿਤਾਵਾਂ ਵੀ ਸਮਾਗਮ ਦਾ ਮੁੱਖ ਆਕਰਸ਼ਣ ਰਹੀਆਂ । ਸਮਾਗਮ ਦੇ ਅੰਤ ਵਿੱਚ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਅਤੇ ਸਟਾਫ਼ ਮੈਂਬਰਾਂ ਵੱਲੋਂ ਸੇਵਾਮੁਕਤ ਪ੍ਰਿੰਸੀਪਲ ਸੁਖਰਾਜ ਕੌਰ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ । ਸਮਾਗਮ ਦੌਰਾਨ ਬਾਵਾ ਸਿੰਘ ਗਿੱਲ, ਬਲਰਾਜ ਸਿੰਘ, ਜਸਵੰਤ ਸਿੰਘ, ਗੁਰਮੀਤ ਸਿੰਘ, ਚਰਨਜੀਤ ਸਿੰਘ, ਹਰਬਿੰਦਰ ਸਿੰਘ, ਗੁਰਬਿੰਦਰ ਸਿੰਘ, ਅਦੇਸ਼ਵੀਰ ਸਿੰਘ, ਪਰਮਜੀਤ ਸਿੰਘ, ਸੁਦੇਸ਼ ਕੁਮਾਰ, ਹਰਿੰਦਰ ਸਿੰਘ, ਦਵਿੰਦਰ ਕੌਰ, ਸੁਖਮੋਹਨ ਕੌਰ, ਪ੍ਰਭਜੋਤ ਕੌਰ, ਕਿਰਨਦੀਪ ਕੌਰ, ਗੁਰਜੀਤ ਕੌਰ, ਅਮਰਜੀਤ ਕੌਰ, ਹਰਪਿੰਦਰ ਕੌਰ, ਮਨਜੀਤ ਕੌਰ, ਊਸ਼ਾ ਰਾਣੀ, ਵਿਮੀ ਆਦਿ ਪਰਵਾਰਕ ਮੈਂਬਰ ਹਾਜ਼ਰ ਸਨ । ਇਸ ਮੌਕੇ ਹਰਜਿੰਦਰ ਸਿੰਘ, ਰਣਜੀਤ ਸਿੰਘ, ਸੁਖਵਿੰਦਰ ਸਿੰਘ, ਨੀਨਾ ਕੁਮਾਰੀ, ਅਮਨਦੀਪ ਕੌਰ, ਕੰਵਲਜੀਤ ਕੌਰ, ਮਨਪ੍ਰੀਤ ਕੌਰ, ਕਿਰਨ ਕੁਮਾਰੀ, ਹਿਨਾ, ਸੁਮਨ ਕੌਰ, ਵਿਸ਼ਾਖਾ, ਹਰਪ੍ਰੀਤ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।

## ਗੁਰੂਗ੍ਰਾਮ ਦੀ 31 ਬਹੁਮੰਜ਼ਿਲਾ ਸੁਸਾਇਟੀ 'ਚ ਬਣਾਏ 52 ਪੋਲਿੰਗ ਬੂਥ

**ਚੰਡੀਗੜ੍ਹ (ਗਰਗ)** - ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ 25 ਮਈ ਨੂੰ ਹਰਿਆਣਾ ਵਿਚ ਹੋਣ ਵਾਲੇ ਲੋਕ ਸਭਾ ਆਮ ਚੋਣ ਨੂੰ ਲੈ ਕੇ ਤਿਆਰੀ ਪੂਰੀ ਕੀਤੀ ਜਾ ਰਹੀ ਹੈ। 75 ਫੀਸਦੀ ਤੋਂ ਵੱਧ ਚੋਣ ਫੀਸਦੀ ਵਧਾਉਣ ਦਾ ਟੀਚਾ ਵਿਭਾਗ ਨੇ ਨਿਰਧਾਰਤ ਕੀਤਾ ਹੈ। ਇਸ ਲੜੀ ਵਿਚ ਗਲੋਬਲ ਸਿਟੀ ਗੁਰੂਗ੍ਰਾਮ ਵਿਚ 31 ਬਹੁਮੰਜ਼ਿਲਾ ਸੋਸਾਇਟੀ ਵਿਚ ਪਹਿਲੀ ਵਾਰ 52 ਪੋਲਿੰਗ ਬੂਥ ਬਣਾਏ ਗਏ ਹਨ। ਅਗਰਵਾਲ ਅੱਜ ਚੋਣ ਪ੍ਰਬੰਧਾਂ ਨੂੰ ਲੈ ਕੇ ਸਮੀਖਿਆ ਮੀਟਿੰਗ ਕਰ ਰਹੇ ਸਨ। ਉਨ੍ਹਾ ਕਿਹਾ ਕਿ ਆਮ ਤੌਰ 'ਤੇ ਇਹ ਧਾਰਨਾ ਰਹਿੰਦੀ ਹੈ ਕਿ ਗਲੋਬਲ ਸਿਟੀ ਗੁਰੂਗ੍ਰਾਮ ਵਰਗੇ ਸ਼ਹਿਰਾਂ ਦੀ ਬਹੁਮੰਜ਼ਿਲਾ ਸੋਸਾਇਟੀ ਵਿਚ ਸਾਧਨ ਸੰਪੰਨ ਤੇ ਧਨ ਵਾਲੇ ਵਿਅਕਤੀ ਰਹਿੰਦੇ ਹਨ, ਜੋ ਚੋਣ ਪ੍ਰਤੀ ਵੱਧ ਦਿਲਚਸਪੀ ਨਹੀਂ ਲੈਂਦੇ, ਇਸ ਲਈ ਅਸੀਂ ਪਹਿਲੀ ਵਾਰ ਰੈਜ਼ੀਡੈਂਟ ਵੈਲਫੇਅਰ ਸੋਸਾਇਟੀ ਨਾਲ ਗੱਲਬਾਤ ਕਰ ਸੋਸਾਇਟੀ ਵਿਚ ਚੋਣ ਬੂਥ ਬਣਾਉਣ ਦੀ ਪਹਿਲ ਕੀਤੀ ਹੈ, ਤਾਂ ਜੋ ਉਹ ਸੋਸਾਇਟੀ ਦੇ ਅੰਦਰ ਹੀ ਚੋਣ ਕਰ ਸਕਣ। ਇਸ ਦੇ ਲਈ ਅਗਰਵਾਲ ਨੇ ਆਰਡਬਲਿਯੂਏ ਸੋਸਾਇਟੀ ਦੇ ਅਧਿਕਾਰੀਆਂ ਦਾ ਧੰਨਵਾਦ ਪ੍ਰਗਟਾਇਆ ਹੈ। ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ 76 ਬਾਦਸ਼ਾਹਪੁਰ ਵਿਧਾਨ ਸਭਾ ਖੇਤਰ ਦੇ ਤਹਿਤ 22 ਸੋਸਾਇਟੀ ਵਿਚ ਸਭ ਤੋਂ ਵੱਧ 35 ਚੋਣ ਬੂਥ ਬਣਾਏ ਗਏ ਹਨ, ਜਦੋਂ ਕਿ 77 ਗੁਰੂਗ੍ਰਾਮ ਵਿਧਾਨ ਸਭਾ ਵਿਚ 8, ਸੋਸਾਇਟੀ ਵਿਚ 16 ਬੂਥ ਅਤੇ 78 ਸੋਹਨਾ ਵਿਧਾਨ ਸਭਾ ਖੇਤਰ ਦੀ ਇਕ ਸੋਸਾਇਟੀ ਵਿਚ ਇਕ ਬੂਥ ਬਣਾਇਆ ਗਿਆ ਹੈ।ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਨੇ ਵੋਟਰਾਂ ਦੀ ਸਹੂਲਤ ਲਈ 1950 ਹੈਲਪਲਾਈਨ ਨੰਬਰ ਜਾਰੀ ਕੀਤਾ ਹੈ ਅਤੇ ਚੋਣ ਨਾਲ ਜੁੜੀ ਜਾਂ ਚੋਣ ਜ਼ਾਬਤਾ ਦੇ ਉਲੰਘਣ ਬਾਰੇ ਵੀ ਇਸ 'ਤੇ ਵਿਭਾਗ ਨੂੰ ਜਾਣਕਾਰੀ ਦਿੱਤੀ ਜਾ ਸਕਦੀ ਹੈ। ਉਨ੍ਹਾ ਰਾਜਨੀਤਕ ਪਾਰਟੀਆਂ ਤੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਚੋਣ ਜ਼ਾਬਤਾ ਦਾ ਪਾਲਣ ਕਰਨ ਅਤੇ ਬਿਨਾਂ ਕਿਸੇ ਭੇਦਭਾਵ ਦੇ ਲੋਕਾਂ ਨੂੰ ਵੀ ਵੋਟ ਦੇ ਮਹਤੱਵ ਦੇ ਬਾਰੇ ਜਾਗਰੂਕ ਕਰਨ।

# ਡਾਕਟਰ ਅੰਬੇਡਕਰ ਨਗਰ ਢੱਡੇ 'ਚ ਦੋ ਦਿਨਾ ਕੇਡਰ ਕੈਂਪ ਲਗਾਇਆ



**ਫਗਵਾੜਾ (ਢੱਡਾ)**-ਡਾਕਟਰ ਬੀ. ਆਰ. ਅੰਬੇਡਕਰ ਲਾਇਬ੍ਰੇਰੀ ਡਾਕਟਰ ਅੰਬੇਡਕਰ ਨਗਰ (ਢੱਡੇ) ਵਿੱਚ ਦੋ ਦਿਨਾ ਕੇਡਰ ਕੈਂਪ ਲਗਾਇਆ ਗਿਆ। ਜਿਸ ਵਿੱਚ ਮਿਸ਼ਨਰੀ ਲੇਖਕ ਹਰਬੰਸ ਵਿਰਦੀ ਯੂ ਕੇ ਵਾਲਿਆਂ ਨੇ ਬਹੁਜਨ ਪੁਰਖਿਆਂ ਨੂੰ ਸਮਰਪਤ ਵਿਚਾਰਾਂ ਕੀਤੀਆਂ ਤੇ ਇਤਿਹਾਸ ਤੋਂ ਜਾਣੂ ਕਰਵਾਇਆ। ਮਿਸ਼ਨਰੀ ਲੇਖਕ ਤੇ ਕਵੀ ਸੋਹਣ ਸਹਿਜਲ ਨੇ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਦੇ ਮਿਸ਼ਨ ਨਾਲ ਸੰਬੰਧਤ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਉੱਘੇ ਸਮਾਜ ਸੇਵਕ ਜਸਵਿੰਦਰ ਢੱਡਾ ਨੇ ਜੋ ਬਲਵੀਰ ਦਾਸ ਯੂ ਕੇ ਤੇ ਉਨ੍ਹਾਂ ਦੇ ਪਰਵਾਰ ਦੇ ਸਹਿਯੋਗ ਨਾਲ ਲਾਇਬ੍ਰੇਰੀ ਖੋਲ੍ਹੀ ਗਈ ਹੈ ਉਸ ਬਾਰੇ ਤੇ ਲਾਇਬ੍ਰੇਰੀ ਦੇ ਮਾਧਿਅਮ ਰਾਹੀਂ ਕਿਹੜੇ ਸਮਾਜ ਭਲਾਈ ਦੇ ਕਾਰਜ ਕੀਤੇ ਗਏ ਤੇ ਕੀਤੇ ਜਾਂਦੇ ਹਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਲਾਇਬ੍ਰੇਰੀ ਦੀ ਸਮੁੱਚੀ ਕਮੇਟੀ ਵਲੋਂ ਹਰਬੰਸ ਵਿਰਦੀ ਯੂ ਕੇ ਨੂੰ ਲਾਇਬ੍ਰੇਰੀ ਦੀ ਸਮੁੱਚੀ ਕਮੇਟੀ ਵਲੋਂ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਲਾਇਬ੍ਰੇਰੀ ਇੰਚਾਰਜ ਹਰਬੰਸ ਲਾਲ, ਟਿਊਸ਼ਨ ਟੀਚਰ ਮੈਡਮ ਜਸਵਿੰਦਰ ਕੌਰ, ਗੁਰਪ੍ਰੀਤ ਸਿੰਘ ਸ਼ਿਮਲਾਪੁਰੀ, ਸੁਰਜੀਤ ਬੰਗੜ, ਬਿੰਦਰ ਕੌਰ, ਔਰਤਾਂ, ਬਜ਼ੁਰਗ ਤੇ ਬੱਚੇ ਹਾਜ਼ਰ ਸਨ। ਹਰਬੰਸ ਵਿਰਦੀ ਵੱਲੋਂ ਬਾਬਾ ਸਾਹਿਬ ਦੇ ਜੀਵਨ ਸੰਬੰਧੀ 50 ਕਿਤਾਬਾਂ ਲਾਇਬ੍ਰੇਰੀ ਨੂੰ ਦਿੱਤੀਆਂ ਗਈਆਂ । ਇਸ ਮੌਕੇ ਖੀਰ ਦਾ ਲੰਗਰ ਲਗਾਇਆ ਗਿਆ।

# ਭਾਜਪਾ ਤੇ ਦਿੱਲੀ ਦੇ ਤਖ਼ਤ ਵਿਚਕਾਰ ਮਜ਼ਬੂਤ ਦੀਵਾਰ ਬਣੇ ਕੇਜਰੀਵਾਲ : ਮਾਨ



**ਫਗਵਾੜਾ (ਡਾ. ਰਮਨ, ਢੱਡਾ)**-ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਸਿਆਸੀ ਦੁਰਭਾਵਨਾ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਆਪ ਪਾਰਟੀ ਦੇ ਵਿਧਾਨ ਸਭਾ ਹਲਕਾ ਫਗਵਾੜਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਇਸ ਸਮੇਂ ਦੇਸ਼ ਵਿਚ ਅਣਐਲਾਨੀ ਐਮਰਜੈਂਸੀ ਦੀ ਸਥਿਤੀ ਬਣੀ ਹੋਈ ਹੈ।ਮੋਦੀ ਸਰਕਾਰ ਵਲੋਂ ਸੀ.ਬੀ.ਆਈ. ਅਤੇ ਈ.ਡੀ. ਵਰਗੀਆਂ ਏਜੰਸੀਆਂ ਦੀ ਦੁਰਵਰਤੋਂ ਕਰਕੇ ਲੋਕਤੰਤਰ ਨੂੰ ਕੈਦ ਕੀਤਾ ਜਾ ਰਿਹਾ ਹੈ। ਉਹ ਸ਼ਨੀਵਾਰ ਦੇਰ ਸ਼ਾਮ 'ਆਪ' ਪਾਰਟੀ ਦੇ ਵਰਕਰਾਂ ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ 'ਚ ਹੋਈ ਰੈਲੀ ਲਈ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾ ਕਿਹਾ ਕਿ ਇਹ ਸਭ ਲੋਕ ਸਭਾ ਚੋਣਾਂ ਜਿੱਤਣ ਲਈ ਕੀਤਾ ਜਾ ਰਿਹਾ ਹੈ। ਭਾਜਪਾ ਵਲੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸਾਮ, ਦਾਮ, ਦੰਡ, ਭੇਦ ਦੀ ਨੀਤੀ ਅਪਣਾ ਕੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜੋ ਵੀ ਵਿਰੋਧੀ ਧਿਰ ਦਾ ਆਗੂ ਭਾਜਪਾ ਦੀ ਗੁੰਡਾਗਰਦੀ ਅੱਗੇ ਝੁਕਣ ਤੋਂ ਇਨਕਾਰ ਕਰਦਾ ਹੈ, ਉਸ ਨੂੰ ਕਿਸੇ ਨਾ ਕਿਸੇ ਬਹਾਨੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਅਰਵਿੰਦ ਕੇਜਰੀਵਾਲ ਇਸ ਸਮੇਂ ਭਾਜਪਾ ਅਤੇ ਦਿੱਲੀ ਦੀ ਸੱਤਾ ਵਿਚਕਾਰ ਸਭ ਤੋਂ ਮਜ਼ਬੂਤ ਕੰਧ ਬਣ ਕੇ ਖੜ੍ਹੇ ਹਨ। ਮੋਦੀ ਸਰਕਾਰ ਚਾਹੇ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੇ, ਇਹ ਕੰਧ ਨਹੀਂ ਟੁੱਟਣ ਦਿੱਤੀ ਜਾਵੇਗੀ। ਇਸ ਵਾਰ ਜਮਹੂਰੀਅਤ ਨੂੰ ਬਚਾਉਣ ਦੀ ਲੜਾਈ ਹੈ। ਦੇਸ਼ ਦੇ ਲੋਕਾਂ ਵਿੱਚ ਮੋਦੀ ਸਰਕਾਰ ਨੂੰ ਲੈ ਕੇ ਕਾਫ਼ੀ ਗੁੱਸਾ ਹੈ। ਐਤਵਾਰ ਬਾਅਦ ਦੁਪਹਿਰ ਜੋਗਿੰਦਰ ਮਾਨ ਨੇ ਫਿਰ ਕਿਹਾ ਕਿ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ 'ਚ ਲੋਕਾਂ ਦੇ ਗੁੱਸੇ ਨੇ ਬਦਲਾਅ ਦਾ ਐਲਾਨ ਕਰ ਦਿੱਤਾ ਹੈ। ਜਦੋਂ 4 ਜੂਨ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣਗੇ ਤਾਂ ਮੋਦੀ ਸਰਕਾਰ ਦੀ 10 ਸਾਲਾਂ ਦੀ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦੀ ਮਿਲੇਗੀ। ਦਿੱਲੀ ਜਾਣ ਵਾਲੇ ਕਾਫਲੇ ਵਿੱਚ ਬਲਾਕ ਪ੍ਰਧਾਨ ਵਰੁਣ ਬੰਗੜ ਚੱਕ ਹਕੀਮ, ਨਰੇਸ਼ ਸ਼ਰਮਾ, ਸਮਰਜੀਤ ਗੁਪਤਾ, ਬਲਬੀਰ ਠਾਕੁਰ, ਰਾਜਾ ਕੌਂਸਲਰ, ਫੌਜੀ ਸ਼ੇਰਗਿੱਲ, ਆਸ਼ੂ ਜੱਸੀ, ਮਹਿਲਾ ਵਿੰਗ ਕੋਆਰਡੀਨੇਟਰ ਰਘਬੀਰ ਕੌਰ, ਯੂਥ ਕੋਆਰਡੀਨੇਟਰ ਆਸ਼ੂ ਮੱਟੂ ਅਤੇ ਹੋਰ ਵਰਕਰ ਸ਼ਾਮਲ ਸਨ।

# ਜਸਵੀਰ ਸਿੰਘ ਪੰਨੂੰ ਪੰਚਾਇਤ ਸਕੱਤਰ ਦੀ ਸੇਵਾਮੁਕਤੀ 'ਤੇ ਸ਼ਾਨਦਾਰ ਵਿਦਾਇਗੀ ਪਾਰਟੀ



**ਸ਼ਾਹਕੋਟ (ਗਿਆਨ ਸੈਦਪੁਰੀ)**- ਜਸਵੀਰ ਸਿੰਘ ਪੰਨੂੰ ਪੰਚਾਇਤ ਸਕੱਤਰ ਸ਼ਾਹਕੋਟ ਦੀ ਸੇਵਾਮੁਕਤੀ 'ਤੇ ਬੀ. ਡੀ. ਪੀ. ਓ. ਦਫ਼ਤਰ ਸ਼ਾਹਕੋਟ ਵਿਖੇ ਬੀ. ਡੀ. ਪੀ. ਓ. ਮੈਡਮ ਮਨਜੀਤ ਕੌਰ ਦੀ ਅਗਵਾਈ ਵਿੱਚ ਸਟਾਫ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਨੌਕਰੀ ਦੌਰਾਨ ਨਿਭਾਈਆਂ ਗਈਆਂ ਜ਼ੁੰਮੇਵਾਰੀਆਂ ਦੀ ਭਰਪੂਰ ਸ਼ਲਾਘਾ ਹੋਈ। ਸਟਾਫ ਅਤੇ ਦੋਸਤਾਂ ਮਿੱਤਰਾਂ ਨੇ ਤੋਹਫ਼ੇ ਵੀ ਭੇਟ ਕੀਤੇ। ਅਗਲੇ ਦਿਨ ਉਨ੍ਹਾਂ ਦੇ ਪਿੰਡ ਬੱਗਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਪਾਠ ਦੇ ਭੋਗ ਪਾ ਕੇ ਗੁਰੂ ਦਾ ਸ਼ੁਕਰਾਨਾ ਕੀਤਾ ਗਿਆ।ਸੰਗੀਤਕ ਮਹਿਫ਼ਲ ਵਿੱਚ ਰਿਸ਼ਤੇਦਾਰਾਂ, ਸਟਾਫ ਅਤੇ ਅਣਮੁੱਲੇ ਸੱਜਣਾਂ ਸੰਗ ਮੁੜ ਖ਼ੁਸ਼ੀਆਂ ਸਾਂਝੀਆਂ ਕਰਨ ਲਈ ਪੀ. ਐਸ. ਫਾਰਮ ਪਰਜੀਆਂ ਵਿਖੇ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਸਮਾਜ ਸੇਵਕ ਅਤੇ ਉੱਘੇ ਖੇਡ ਪ੍ਰਮੋਟਰ ਹਰਬੰਸ ਸਿੰਘ ਚੰਦੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਪੰਨੂੰ ਪਰਵਾਰ ਨੂੰ ਵਧਾਈ ਦਿੱਤੀ। ਇਸ ਮੌਕੇ ਜਸਵੀਰ ਸਿੰਘ ਪੰਨੂੰ ਦੀ ਪਤਨੀ ਸੁਖਬੀਰ ਕੌਰ, ਪੁੱਤਰ ਨਿਮਰਤ ਪ੍ਰੀਤ ਸਿੰਘ ਪੰਨੂੰ ਅਤੇ ਭਤੀਜੇ ਭਤੀਜੀਆਂ ਨੇ ਵਧਾਈਆਂ ਕਬੂਲਦਿਆਂ ਧੰਨਵਾਦ ਕੀਤਾ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬੀ. ਡੀ. ਪੀ. ਓ. ਸ਼ਾਹਕੋਟ ਮਨਜੀਤ ਕੌਰ, ਗੁਲਜ਼ਾਰ ਸਿੰਘ ਥਿੰਦ ਤੇ ਸੁਰਿੰਦਰਜੀਤ ਸਿੰਘ ਚੱਠਾ (ਦੋਵੇਂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ), ਮੇਜਰ ਸਿੰਘ ਪੰਚਾਇਤ ਅਫਸਰ ਸ਼ਾਹਕੋਟ, ਤਜਿੰਦਰ ਸਿੰਘ ਰਾਮਪੁਰ ਆਪ ਆਗੂ, ਦਰਸ਼ਨ ਸਿੰਘ ਮਾਨਕਪੁਰ ਵਾਇਸ ਚੇਅਰਮੈਨ ਬਲਾਕ ਸੰਮਤੀ ਸ਼ਾਹਕੋਟ, ਅਮਰਜੀਤ ਸਿੰਘ ਸੋਹਲ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਮਹਿਤਪੁਰ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋ: ਸੁਸਾਇਟੀ ਢੰਡੋਵਾਲ, ਸੁਖਦੀਪ ਸਿੰਘ ਕੰਗ ਪੀ.ਏ, ਰਵੀ ਪੰਨੂੰ, ਸੇਵਾ ਮੁਕਤ ਪੰਚਾਇਤ ਅਫਸਰ ਸਰਦਾਰਾ ਰਾਮ, ਹਰਭਜਨ ਸਿੰਘ ਖਾਲਸਾ ਸਾਬਕਾ ਸਰਪੰਚ ਪਰਜ਼ੀਆ, ਸਵਰਨ ਸਿੰਘ ਸਾਬਕਾ ਸਰਪੰਚ ਧਰਮੀਵਾਲ, ਸਾਹਿਬ ਸਿੰਘ ਸਾਬਕਾ ਸਰਪੰਚ ਭੌਏਪੁਰ, ਸਵਰਨ ਸਿੰਘ ਬੁੱਢਣਵਾਲ, ਕਿਸਾਨ ਆਗੂ ਬਲਕਾਰ ਸਿੰਘ ਫਾਜਲਵਾਲ, ਹਰਕੀਰਤ ਕੌਰ ਸਾਬਕਾ ਸਰਪੰਚ ਦਾਨੇਵਾਲ, ਹੈਪੀ ਦਾਨੇਵਾਲ, ਸੁਰਿੰਦਰ ਕੌਰ ਸਾਬਕਾ ਸਰਪੰਚ ਗੇਹਲਣ, ਜਗਤਾਰ ਸਿੰਘ ਸਾਬਕਾ ਸਰਪੰਚ ਬਾਜਵਾ ਕਲਾਂ, ਕਰਮਜੀਤ ਸਿੰਘ ਸਾਬਕਾ ਸਰਪੰਚ ਰਾਮ ਪੁਰ, ਸੁਖਦੇਵ ਸਿੰਘ ਸਾਬਕਾ ਸਰਪੰਚ ਫਖਰੂਵਾਲ, ਸਦਰਾ ਰਾਮ ਸਾਬਕਾ ਸਰਪੰਚ ਭੌਏਪੁਰ, ਭੁਪਿੰਦਰ ਸਿੰਘ ਬਾਹਮਣੀਆਂ, ਦੇਸ ਰਾਜ ਜਾਫਰਵਾਲ, ਵਿਸ਼ਨੂੰ ਪ੍ਰਕਾਸ਼ (ਤਿੰਨੇ ਪੰਚਾਇਤ ਸਕੱਤਰ), ਸਰਬਜੀਤ ਸਿੰਘ ਚੀਮਾ (ਧਰਮਕੋਟ), ਜਗਤਾਰ ਸਿੰਘ (ਭੱਠੇ ਵਾਲੇ), ਰੌਮੀ ਗਿੱਲ ਸਾਬਕਾ ਐਮ. ਸੀ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂਸਭਾ ਸ਼ਾਹਕੋਟ, ਅਮਨਦੀਪ ਸੈਦਪੁਰੀ ਜ਼ਿਲ੍ਹਾ ਮੀਡੀਆ ਇੰਚਾਰਜ, ਸ਼ਾਹਕੋਟ, ਨੂਰਮਹਿਲ, ਜਲੰਧਰ ਵੈਸਟ, ਨਕੋਦਰ ਦੇ ਪੰਚਾਇਤ ਸਕੱਤਰ ਤੇ ਨਰੇਗਾ ਸਟਾਫ ਸ਼ਾਹਕੋਟ ਸ਼ਾਮਲ ਸਨ।

# ਨਸ਼ੀਲੀਆਂ ਗੋਲੀਆਂ ਵੇਚਣ ਤੇ ਲੁੱਟਾਂ-ਖੋਹਾਂ ਕਰਨ ਦੇ ਦੋਸ਼ 'ਚ 7 ਕਾਬੂ



ਫਿਲੌਰ (ਨਿਰਮਲ)-ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵਨਜੀਤ ਸਿੰਘ ਪੀ.ਪੀ.ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਨੀਰਜ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਏ ਐੱਸ ਆਈ ਧਰਮਿੰਦਰ ਸਿੰਘ ਵੱਲੋਂ ਪੁਲਸ ਪਾਰਟੀ ਨਾਲ ਸ਼ਪੈਸ਼ਲ ਆਪ੍ਰੇਸ਼ਨ ਦੌਰਾਨ ਅਜੇ ਕੁਮਾਰ ਉਰਫ ਅਜੇ ਪੁੱਤਰ ਦੇਸ ਰਾਜ ਵਾਸੀ ਪਿੰਡ ਸ਼ਾਹਪੁਰ ਥਾਣਾ ਫਿਲੌਰ ਜਿਲਾ ਜਲੰਧਰ ਅਤੇ ਅਮਨਪ੍ਰੀਤ ਸਿੰਘ ਉਰਫ ਅਮਨ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਕੰਗ ਅਰਾਈਆਂ ਥਾਣਾ ਫਿਲੌਰ ਨੂੰ ਪ੍ਰੀਤਮ ਪੈਲੇਸ ਨੂਰਮਹਿਲ ਰੋਡ ਤੋਂ ਗ੍ਰਿਫਤਾਰ ਕਰਕੇ ਇਹਨਾਂ ਦੇ ਕਬਜਾ ਵਿੱਚੋਂ 200 ਖੁੱਲੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮੁਕੱਦਮਾ ਨੰਬਰ 84 ਮਿਤੀ 29.03.2024 ਜੁਰਮ 22ਬੀ-61-85

ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ। ਇਸੇ ਤਰ੍ਹਾਂ ਹਰਭਜਨ ਲਾਲ ਵੱਲੋਂ ਸੰਦੀਪ ਕੁਮਾਰ ਉਰਫ ਹੀਰਾ ਲਾਲ ਪੁੱਤਰ ਲਖਵੀਰ ਚੰਦ ਅਤੇ ਪਵਨ ਕੁਮਾਰ ਪੁੱਤਰ ਦੇਸ ਰਾਜ ਵਾਸੀਆਨ ਗੰਨਾ ਪਿੰਡ ਥਾਣਾ ਫਿਲੌਰ ਨੂੰ ਮੋਟਰਸਾਈਕਲ ਚੋਰੀ ਕਰਨ ਦੇ ਇਲਜਾਮ ਵਿੱਚ ਗ੍ਰਿਫਤਾਰ ਕਰਕੇ ਇਹਨਾਂ ਦੇ ਖਿਲਾਫ ਮੁਕੱਦਮਾ ਨੰਬਰ 80 ਮਿਤੀ 28.03.2024 ਜੁਰਮ 379/482 ਭ:ਦ: ਥਾਣਾ ਫਿਲੌਰ ਵਿੱਚ ਹਸਬ ਜਾਬਤਾ ਗ੍ਰਿਫਤਾਰ ਕੀਤਾ ਹੈ ਅਤੇ ਇਹਨਾਂ ਪਾਸੋਂ ਚੋਰੀ ਕੀਤਾ ਮੋਟਰਸਾਈਕਲ ਡੀਲਕਸ ਬਰਾਮਦ ਕੀਤਾ ਹੈ। ਏ.ਐਸ.ਆਈ ਧਰਮਿੰਦਰ ਸਿੰਘ ਵੱਲੋਂ ਮੁੱਕਦਮਾ ਨੰਬਰ 83 ਮਿਤੀ 28.03.2024 ਜੁਰਮ 379ਬੀ/34 ਭ:ਦ: ਥਾਣਾ ਫਿਲੌਰ ਵਿੱਚ ਦੋਸ਼ੀ ਪੰਕਜ ਪੁੱਤਰ ਬਿੱਟੂ, ਵਿਕਾਸ ਪੁੱਤਰ ਹਰਮੇਸ਼ ਚੰਦ ਵਾਸੀਆਨ ਮੁਹੱਲਾ ਭੰਡੇਰਾ ਫਿਲੌਰ ਤੇ ਕੁਲਦੀਪ ਮੁਹੰਮਦ ਪੁੱਤਰ ਸੋਹਣ ਮੁਹੰਮਦ ਵਾਸੀ ਮੁਠੱਡਾ ਕਲਾਂ ਵਾਸੀ ਮੁਹੱਲਾ ਭੰਡੇਰਾ ਫਿਲੌਰ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ। ਜੋ ਮੁਢਲੀ ਪੁੱਛਗਿੱਛ ਤੇ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਨਸ਼ੇ ਕਰਨ ਦੇ ਆਦੀ ਹਨ ਅਤੇ ਨਸ਼ੇ ਦੀ ਪੂਰਤੀ ਕਰਨ ਲਈ ਇਹ ਖੋਹ ਦੀਆ ਵਾਰਦਾਤਾਂ ਕਰਦੇ ਸੀ। ਇਹਨਾਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸੰਜੀਵਨ ਸਾਢੇ ਚਾਰ ਦਹਾਕਿਆਂ ਤੋਂ ਰੰਗਮੰਚ, ਸਾਹਿਤ ਤੇ ਸੱਭਿਆਚਾਰ ਦੇ ਖੇਤਰ 'ਚ ਹੈ ਸਰਗਰਮ : ਪਾਲੀ ਭੁਪਿੰਦਰ

## ਨਾਟ-ਪੁਸਤਕ 'ਸਰਦਾਰ' ਲੋਕ-ਅਰਪਣ



ਮੁਹਾਲੀ (ਗੁਰਜੀਤ ਬਿੱਲਾ)- ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਜ਼ਿੰਦਗੀ ਦੇ ਅਣਛੋਹੇ ਪਲਾਂ ਤੇ ਘਟਨਾਵਾਂ ਦੀ ਗੱਲ ਕਰਦੀ ਸੰਜੀਵਨ ਸਿੰਘ ਦੀ ਛੇਵੀਂ ਨਾਟ-ਪੁਸਤਕ ਨਾਟਕ 'ਸਰਦਾਰ' ਦਾ ਲੇਖਕਾਂ, ਬੁੱਧੀਜੀਵੀਆਂ, ਰੰਗਕਰਮੀਆਂ ਦੀ ਸ਼ਮੂਲੀਅਤ ਵਿਚ ਪੰਜਾਬ ਕਲਾ ਭਵਨ, ਸੈਕਟਰ-16, ਚੰਡੀਗੜ੍ਹ ਵਿਖੇ ਸਰਘੀ ਕਲਾ ਕੇਂਦਰ, ਮੁਹਾਲੀ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਸਹਿਯੋਗ ਨਾਲ ਹੋਇਆ।ਸਮਾਗਮ ਦੀ ਪ੍ਰਧਾਨਗੀ ਸ਼੍ਰੋਮਣੀ ਨਾਟਕਕਾਰ ਦਵਿੰਦਰ ਦਮਨ ਨੇ ਕੀਤੀ। ਮੁੱਖ ਮਹਿਮਾਨ ਦੇ ਤੌਰ 'ਤੇ ਬੇਬਾਕ ਨਾਟਕਕਾਰ ਪਾਲੀ ਭੁਪਿੰਦਰ ਸ਼ਾਮਿਲ ਸਨ।ਪਰਚਾ ਲੇਖਕ ਸਨ ਨਾਟਕਕਾਰ ਤੇ ਨਾਟ-ਨਿਰਦੇਸ਼ਕ ਡਾ. ਦੇਵੇਂਦਰ ਕੁਮਾਰ ਨਾਟ-ਪੁਸਤਕ 'ਸਰਦਾਰ' ਦਾ ਲੋਕ-ਅਰਪਣ ਦਵਿੰਦਰ ਦਮਨ, ਪਾਲੀ ਭੁਪਿੰਦਰ, ਡਾ. ਦੇਵੇਂਦਰ ਕੁਮਾਰ ਅਤੇ ਲੇਖਕ ਸੰਜੀਵਨ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਡਾ. ਦਵਿੰਦਰ ਕੁਮਾਰ ਨੇ ਨਾਟ-ਪੁਸਤਕ 'ਸਰਦਾਰ' ਬਾਰੇ ਪਰਚਾ ਪੜ੍ਹਦਿਆਂ ਕਿਹਾ ਕਿ ਸੰਜੀਵਨ ਸਿੰਘ ਇਕ ਨਿਸ਼ਟਾਵਾਨ ਤੇ ਸਿਰੜੀ ਨਾਟਕਕਾਰ ਹੈ।ਨਾਟਕ ਵਿਚਲੀਆਂ ਘਟਨਵਾਂ ਅਸਲੀਅਤ 'ਤੇ ਅਧਾਰਿਤ ਹਨ। ਉਹਨਾਂ ਨੂੰ ਬੁਤ ਨਾ ਬਣਾਕੇ, ਇਕ ਇਨਸਾਨੀ ਵੇਸ ਵਿਚ ਪੇਸ਼ ਕੀਤਾ ਹੈ ।ਪਾਲੀ ਭੁਪਿੰਦਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸੰਜੀਵਨ ਨੇ ਨਾਟਕ 'ਸਰਦਾਰ' ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਅੱਜ ਦੇ ਪ੍ਰਸੰਗ ਵਿਚ ਗੱਲਾਂ ਕੀਤੀਆ ਹਨ।ਉਸਨੇ ਆਪਣੇ ਦਾਦਾ ਗਿਆਨੀ ਈਸ਼ਰ ਸਿੰਘ ਦਰਦ, ਤਾਇਆ ਸੰਤੋਖ ਸਿੰਘ ਧੀਰ ਅਤੇ ਪਿਤਾ ਰਿਪੁਦਮਨ ਸਿੰਘ ਰੂਪ ਦੀ ਸਾਹਿਤਕ/ਸਭਿਆਚਾਰਕ ਵਿਰਾਸਤ ਨੂੰ ਤੀਜੀ ਪੀੜ੍ਹੀ ਵੱਜੋਂ ਅਗਾਂਹ ਤੋਰਿਆ ਹੈ।ਡਾ. ਸਹਿਬ ਸਿੰਘ, ਪ੍ਰੀਤਮ ਰੁਪਾਲ, ਸੁਰਿੰਦਰ ਗਿੱਲ, ਨਰਿੰਦਰ ਨਸਰੀਨ, ਰੰਜੀਵਨ ਸਿੰਘ, ਹਰਇੰਦਰ ਹਰ, ਕਾਰਤਿਕਾ, ਰੰਜੀਵਨ ਸਿੰਘ, ਗੁਰਦਸ਼ਨ ਸਿੰਘ ਮਾਵੀ ਨੇ ਕਿਹਾ ਕਿ ਸੰਜੀਵਨ ਸਮਾਜਿਕ ਸਰੋਕਾਰਾਂ ਦਾ ਜ਼ਿਕਰ ਤੇ ਫ਼ਿਕਰ ਕਰਦੇ ਦੋ ਦਰਜਨ ਦੇ ਕਰੀਬ ਨਾਟਕ ਲਿਖਕੇ ਦੇਸ-ਵਿਦੇਸ ਵਿੱਚ ਅਨੇਕਾਂ ਵਾਰ ਮੰਚਣ ਕਰ ਚੁੱਕਾ ਹੈ। ਸੰਜੀਵਨ ਸਿੰਘ ਨੇ ਕਿਹਾ ਕਿ ਭਗਤ ਸਿੰਘ ਦੀ ਜ਼ਿੰਦਗੀ 'ਤੇ ਅਧਾਰਿਤ ਕਈ ਨਾਟਕ ਲਿਖੇ ਗਏ ਅਤੇ ਫਿਲਮਾਂ ਵੀ ਬਣੀਆਂ।ਜਿਨ੍ਹਾਂ ਵਿਚ ਭਗਤ ਸਿੰਘ ਦੀ ਇਕੋ ਕਿਸਮ ਦੀ ਦਿੱਖ ਮਿਲਦੀ ਹੈ।ਬਿਨਾਂ ਪਸਤੌਲ ਤੋਂ ਅਸੀਂ ਭਗਤ ਸਿੰਘ ਦਾ ਤੱਸਵਰ ਵੀ ਨਹੀਂ ਕਰ ਸਕਦੇ।ਪਰ ਮੈਂ 'ਸਰਦਾਰ' ਵਿਚ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਦੁਹਰਾਉਂਣ ਤੋਂ ਗੁਰੇਜ਼ ਕੀਤਾ ਹੈ,ਜਿਨ੍ਹਾਂ ਤੋਂ ਆਮ ਲੋਕ ਜਾਣੂੰ ਹਨ।ਦਵਿੰਦਰ ਦਮਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਸੰਜੀਵਨ ਨਾਟਕ ਸਰਦਾਰ ਦੇ ਕਥਾਨਿਕ ਨੂੰ ਬੜੀ ਸਾਦਗੀ ਅਤੇ ਸੁਭਾਵਿਕ ਤੌਰ 'ਤੇ ਪਰਵਾਰ ਦੇ ਪੱਧਰ 'ਤੇ ਸ਼ੁਰੂ ਕਰਕੇ ਅੰਤ ਵਿਚ ਭਗਤ ਸਿੰਘ ਨੂੰ ਪਰਿਵਾਰ ਦੇ ਬੱਚਿਆਂ ਦੇ ਦਿਲੋਂ-ਦਿਮਾਗ ਵਿਚ ਉਤਾਰ ਦਿੰਦਾ ਹੈ। ਉਹਨਾਂ ਦੇ ਸੁਪਨਿਆਂ ਵਿਚ ਵੀ ਭਗਤ ਸਿੰਘ ਅਤੇ ਉਸਦੀ ਸੋਚ ਪ੍ਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ।ਸੰਜੀਵਨ ਨੇ ਲੰਗੂਰਾਂ ਅਤੇ ਅੰਗੂਰਾਂ ਦੇ ਪ੍ਰਤੀਕ ਵਰਤਕੇ ਅੱਜ ਦੀ ਭਵਿੱਖ ਦੀ ਪੀੜ੍ਹੀ ਨੂੰ ਸੁਚੇਤ ਕਰਨ ਦਾ ਖ਼ੂਬਸੂਰਤ ਉਪਰਾਲਾ ਕੀਤਾ ਹੈ।ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਮਨੀ ਸਭਰਵਾਲ, ਹਰਜਿੰਦਰ ਸਿੰਘ ਭੰਗੂ, ਕਿਰਣ ਸਭਰਵਾਲ, ਐਡਵੋਕੇਟ ਕਾਰਤਿਕ ਤੂਰ, ਨਿਰਮਲ ਮਾਨ,ਰੈਕਟ ਕਥੂਰੀਆ, ਚਰਨਜੀਤ ਕੌਰ, ਸ਼ਾਇਰ ਭੱਟੀ,ਰਿਸ਼ਮਰਾਗ ਸਿੰਘ ਅਤੇ ਉਦੈਰਾਗ ਮੰਚ ਸੰਚਾਲਨ ਸ਼ਇਰਾ ਤੇ ਰੰਗਮੰਚ ਅਦਾਕਾਰਾ ਦਵਿੰਦਰ ਕੌਰ ਢਿੱਲੋਂ ਨੇ ਦਿਲਚਸਪ ਤਰੀਕੇ ਨਾਲ ਕੀਤਾ।

# ਹੋਲਾ-ਮਹੱਲਾ ਲੰਗਰਾਂ ਦੀ ਅਰਦਾਸ ਨਾਲ ਹੋਈ ਸੰਪੂਰਨਤਾ



ਜਲੰਧਰ, (ਇਕਬਾਲ ਸਿੰਘ ਉੱਭੀ)- ਹੋਲੇ ਮਹੱਲੇ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਲਈ ਸ਼ਹੀਦ ਉਧਮ ਸਿੰਘ ਵੈਲਫੇਅਰ ਸੇਵਾ ਸੁਸਾਇਟੀ ਰਜਿ. ਲੰਮਾ ਪਿੰਡ ਵਲੋਂ ਸਮੂਹ ਸਿੰਘ ਸਭਾਵਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਹਫ਼ਤਾ ਭਰ ਚੱਲੇ 24 ਘੰਟੇ ਗੁਰੂ ਦੇ ਲੰਗਰਾਂ ਦੀ ਸੰਪੂਰਨਤਾ ਦੀ ਅਰਦਾਸ ਸੰਤ ਬਾਬਾ ਜਸਵਿੰਦਰ ਸਿੰਘ ਬਸ਼ੀਰਪੁਰਾ ਵਾਲਿਆਂ ਵਲੋਂ ਕੀਤੀ ਗਈ। 23 ਮਾਰਚ ਤੋਂ 28 ਮਾਰਚ ਤੱਕ ਇਲਾਕੇ ਦੀਆਂ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰ ਕੇ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ ਗਈ। ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਹੋਲਾ ਮਹੱਲਾ ਲੰਗਰਾਂ ਦੌਰਾਨ ਦਾਲਾਂ, ਸਬਜੀਆਂ, ਖੀਰਾਂ, ਜਲੇਬੀਆਂ, ਭੁਜੀਆ ਬਦਾਨੇ, ਚਾਹ ਪਕੌੜੇ, ਮੱਕੀ ਦੀ ਰੋਟੀ, ਸਰੋਂ ਦਾ ਸਾਗ, ਤਿਆਰ ਕਰਕੇ ਸੰਗਤਾਂ ਨੂੰ ਛਕਾਏ ਗਏ। ਇਸ ਮੌਕੇ ਭਾਈ ਛਨਬੀਰ ਸਿੰਘ ਖਾਲਸਾ, ਸਤਿੰਦਰ ਸਿੰਘ ਪੀਤਾ, ਮਹਿੰਦਰ ਸਿੰਘ ਜੰਬਾ, ਪਲਵਿੰਦਰ ਸਿੰਘ ਬੱਬਲੂ, ਇਕਬਾਲ ਸਿੰਘ ਢੀਂਡਸਾ, ਗੁਰਮੀਤ ਸਿੰਘ, ਬਿੱਟੂ, ਅੰਮ੍ਰਿਤਬੀਰ ਸਿੰਘ, ਜਗਜੀਤ ਸਿੰਘ ਟਰਾਂਸਪੋਰਟਰ, ਸੁਰਿੰਦਰ ਸਿੰਘ ਰਾਜਾ, ਜਗਜੀਤ ਸਿੰਘ ਖਾਲਸਾ, ਲਾਲ ਚੰਦ, ਛੁੰਮਣ ਸਿੰਘ, ਮਲਕਿੰਦਰ ਸਿੰਘ ਸੈਣੀ, ਨਿਰਮਲ ਸਿੰਘ, ਹਰਭਜਨ ਸਿੰਘ, ਸੁਖਦੇਵ ਸਿੰਘ ਸੁੱਚੀ ਪਿੰਡ, ਕਰਨੈਲ ਸਿੰਘ ਰੇਰੂ, ਪਲਵਿੰਦਰ ਸਿੰਘ ਬੱਬਲੂ, ਪ੍ਰਦੀਪ ਸਿੰਘ, ਵਿਵੇਕ ਸਿੰਘ, ਠੇਕੇਦਾਰ ਪਰਮਜੀਤ ਸਿੰਘ, ਗੁਰਮੁਖ ਸਿੰਘ, ਹਰਬੰਸ ਸਿੰਘ, ਗੁਰਦੀਪ ਸਿੰਘ ਬੱਬੂ, ਬਲਵੀਰ ਸਿੰਘ ਬੀਰਾ, ਸਤਪਾਲ ਬੱਧਣ, ਇੰਦਰਪਾਲ ਸਿੰਘ ਵਿੱਕੀ, ਕੁਲਵੰਤ ਸਿੰਘ ਮਠਾਰੂ, ਦਲਜੀਤ ਸਿੰਘ ਮਠਾਰੂ, ਬਲਵੰਤ ਸਿੰਘ ਐਸ.ਡੀ.ਓ. ਸੁਰਜੀਤ ਸਿੰਘ, ਬਰਨਾਲਾ, ਬਲਵੀਰ ਸਿੰਘ ਬਸਰਾ, ਸਤਿੰਦਰ ਸਿੰਘ ਚਿੰਟੂ, ਜਗਜੀਤ ਸਿੰਘ ਮਾਈ ਕੈਫੇ, ਮਨਦੀਪ ਸਿੰਘ ਲੰਮਾ ਪਿੰਡ, ਦਲਬੀਰ ਸਿੰਘ ਰਾਜਾ ਸਮੇਤ ਇਲਾਕਾ ਨਿਵਾਸੀ ਹਾਜਰ ਸਨ।

# ਸੇਂਟ ਸੋਲਜਰ ਇੰਸਟੀਟਿਊਟ ਆਫ ਇੰਜੀਨੀਰਿੰਗ ਐਂਡ ਟੈਕਨੋਲੋਜੀ ਨੇ 'ਵਰਸਿਟੀ ਪੱਧਰ 'ਤੇ ਮਾਰੀਆਂ ਮੱਲਾਂ



ਜਲੰਧਰ (ਇਕਬਾਲ ਸਿੰਘ ਉੱਭੀ): ਸੇਂਟ ਸੋਲਜਰ ਇੰਸਟੀਟਿਊਟ ਔਫ ਇੰਜੀਨੀਰਿੰਗ ਐਂਡ ਟੈਕਨੋਲੋਜੀ ਕਾਲਜ, ਜਲੰਧਰ ਦੇ ਵਿਦਿਆਰਥੀਆਂ ਨੇ ਕਾਲਜ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਤੇ ਸਮੂਹ ਸਟਾਫ ਮੈਂਬਰਾਂ ਦੇ ਮਾਰਗਦਰਸ਼ਨ ਹੇਠ ਮੱਲਾਂ ਮਾਰੀਆਂ, ਜਿਸ ਵਿੱਚ ਹਰਸ਼ਿਤਾ 8.68, ਮਨੀਸ਼ਾ ਰਾਣੀ 8.04, ਰਾਹਿਲ ਫਯਾਜ਼ 8.04, ਸ਼ਾਲਿਨੀ 8.04, ਸਨੇਹਾ 8.0, ਪ੍ਰਨੀਤ ਸੇਖੋਂ 7.96, ਮੁਸਕਾਨ 7.92, ਮੇਹਰ ਸਹੋਤਾ 7.88, ਯਾਸਿਰ ਅਬਦੁੱਲਾ 7.84, ਰਜਨੀ 7.8, ਰੇਖਾ 7.76, ਯੋਗੇਸ਼ ਕੌਰ 7.76,ਪਰਮਿੰਦਰ ਕੌਰ 7.72, ਉਦਿਤ ਰਾਜ 7.52, ਆਕਿਬ ਜਾਵੇਦ ਸ਼ਾਨ 7.48, ਜਸਵੀਰ ਕੌਰ 7.48, ਪ੍ਰਿਯਾਂਸ਼ੂ 7.44, ਕਾਮਨਾ 7.40, ਅੰਜਲੀ 7.24, ਇਰਫਾਨੁਲ ਇਸਲਾਮ 7.20, ਮਨਦੀਪ ਸਿੰਘ 7.20, ਰੋਹਿਤ 7.20, ਵਿਸ਼ਾਲ ਕੁਮਾਰ 7.20, ਐੱਮ.ਡੀ.ਮੋਸ਼ੀਆਨ, 7.16, ਨਿਕਿਤਾ ਗੁਪਤਾ 6.80, ਬਰਖਾ 8.71, ਮੀਰਾ 8.57, ਅਮਨਪ੍ਰੀਤ ਕੌਰ 8.52, ਨੇਹਾ 8.38, ਨੇਹਾ 8.33, ਸਨਮਜੀਤ ਕੌਰ 8.14, ਰਮਾ ਚੌਰਸੀਆ 8.10, ਸ਼ਾਇਸਤਾ ਜਾਵੇਦ 7.81, ਕਾਜਲ ਕੁਮਾਰੀ 7.76, ਤਾਬਿਸ਼ ਅਹਿਮਦ 7.67, ਕਿਰਨ ਕੁਮਾਰੀ 7.62, ਦੀਪਾ 7.62, ਅੰਜਲੀ ਕੁਮਾਰੀ 7.57, ਜਾਨਵੀ ਯਾਦਵ 7.57, ਵਿਸ਼ਾਲ ਸੇਠੀ 7.48, ਕਰਨ ਕੁਮਾਰ 7.38, ਰਾਬੀਆ ਜ਼ਹੂਰ 7.33, ਮਨਪ੍ਰੀਤ ਸਿੰਘ 7.24, ਜਵੀਰ ਸਿੰਘ 7.19, ਜਸਪਾਲ ਸਿੰਘ 6.95, ਅਨਾਮਿਕਾ 8.26, ਰੀਆ ਮੱਖਣ ਲਾਲ 7.84, ਵਿਸ਼ਾਖਾ 7.79, ਜਸਵਿੰਦਰ ਕੌਰ 7.63, ਨੇਹਾ ਸਿੰਘ 7.63, ਮਨਪ੍ਰੀਤ 7.73, ਤਾਨੀਆ 7.53, ਮਿਹਿਰ ਵਧਵਾ 7.37, ਨਵਪ੍ਰੀਤ ਕੌਰ 7.32, ਸ਼ਾਹਿਦ ਮੰਜ਼ੂਰ ਸ਼ੇਖ 7.26, ਕਿਰਨ ਜੀਤ ਕੌਰ 7.11, ਅਨਮੋਲ ਸ਼ਰਮਾ 7.11, ਉਜ਼ੈਰ ਮਲਿਕ 6.95, ਆਤਿਫ ਯਾਸੀਨ 6.95, ਕਿਰਨ 6.63, ਪ੍ਰਿਯਾਦੀਪ ਕੌਰ 8.03, ਉਜ਼ਮਾ ਜੇਐਨ 8.35, ਪੁਨੀਤ ਕੁਮਾਰ 7.77, ਸ਼ਾਖੀਰ ਅਹਿਮਦ ਰੇਸ਼ੀ 7.77 ਸੀਜੀਪੀਏ ਪ੍ਰਾਪਤ ਕਰ ਗਰੁੱਪ ਦਾ ਨਾਂਅ ਰੋਸ਼ਨ ਕੀਤਾ। ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਤੇ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਕਾਲਜ ਪ੍ਰਿੰਸੀਪਲ ਅਤੇ ਸਮੂਹ ਦੀ ਸਟਾਫ ਦੀ ਪ੍ਰਸ਼ੰਸਾ ਕੀਤੀ ਤੇ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਲਗਣ ਨਾਲ ਪੜ੍ਹਾਈ

# ਵਰਕਰਾਂ ਦੀ ਸੇਵਾ-ਮੁਕਤੀ 'ਤੇ ਜਗਤਜੀਤ ਫੈਕਟਰੀ ਹਮੀਰਾ ਵੱਲੋਂ ਸਨਮਾਨ



ਕਪੂਰਥਲਾ ( ਪ੍ਰੀਤ ਸੰਗੋਜਲਾ ) ਜਗਤਜੀਤ ਫੈਕਟਰੀ ਹਮੀਰਾ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਵਰਕਰ ਦਲੀਪ ਕੁਮਾਰ, ਗੁਰਮੁੱਖ ਸਿੰਘ,ਰਾਜ ਸਿੰਘ, ਜਸਵੰਤ ਸਿੰਘ ,ਸ਼ੰਮੀ ਕੁਮਾਰ ਨੂੰ ਸੇਵਾ ਮੁਕਤੀ 'ਤੇ ਮਾਣ ਸਨਮਾਨ ਕੀਤਾ ਗਿਆ। ਗੋਰਵ ਸ਼ਰਮਾ ਏ ਵੀ ਪੀ, ਰਾਕੇਸ਼ ਕੁਮਾਰ ਯੂਨਿਟ ਹੈੱਡ ਡਿਸਟਲਰੀ, ਗੁਰਪ੍ਰੀਤ ਸਿੰਘ ਡੀ ਜੀ ਐਮ, ਰਾਜ ਕੁਮਾਰ ਫੈਕਟਰੀ ਮੈਨੇਜਰ ਨੇ ਆਖਿਆ ਕਿ ਇਹਨਾਂ ਨੇ ਆਪਣੇ ਕਾਰਜਕਾਲ ਨੂੰ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਹੰਡਾਇਆ ਹੈ ਤੇ ਇੰਡਸਟੀਰਜ਼ ਵੀ ਇਹਨਾ ਵੱਲੋਂ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖੇਗੀ ਇਸ ਮੌਕੇ 'ਤੇ ਮੌਜੂਦ ਸੋਰਵ ਪਾਲ ਵੈਲਫੇਅਰ ਅਫ਼ਸਰ, ਵਨੀਤ ਭਾਰਦਵਾਜ, ਐਚ ਆਰ, ਅਸ਼ਵਨੀ ਕੁਮਾਰ, ਆਸ਼ੋਤੋਸ ਜੈਸਵਾਲ ਅਤੇ ਹੋਰ ਹਾਜ਼ਰ ਸਨ।

# ਸਾਲਾਨਾ ਸੱਭਿਆਚਾਰਕ ਤੇ ਖੇਡ ਮੇਲੇ ਲਗਵਾਉਣੇ ਸਮੇ ਦੀ ਮੁੱਖ ਲੋੜ : ਵਿਸ਼ਵਨਾਥ ਬੰਟੀ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਇਥੋਂ ਥੋੜੀ ਦੂਰੀ 'ਤੇ ਸਥਿਤ ਦਰਬਾਰ ਦਾਤਾ ਹਜਰਤ ਸ਼ਾਹ ਨੂਰ ਜਮਾਲ ਦੇ ਦਰਬਾਰ 'ਤੇ ਸਾਲਾਨਾ ਉਰਸ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਗੱਦੀਨਸ਼ੀਨ ਹਜ਼ਰਤ ਸਾਈ ਪੂਰਨ ਸ਼ਾਹ ਦੀ ਦੇਖਰੇਖ ਹੇਠ ਬੜੀ ਸ਼ਰਧਾ ਪੂਰਵਕ ਅਤੇ ਸ਼ਾਨੋ ਸ਼ੌਕਤ ਨਾਲ ਕਰਵਾਏ ਗਏ। ਸਲਾਨਾ ਉਰਸ ਦੇ ਵਿੱਚ ਜਿੱਥੇ ਕਿ ਦੂਰੋਂ ਨੇੜਿਓਂ ਆਈਆਂ ਸੰਗਤਾਂ ਦਾਤਾ ਦੇ ਦਰਬਾਰ 'ਤੇ ਨਤਮਸਤਕ ਹੋਈਆਂ ਉਥੇ ਹੀ ਹੁਸ਼ਿਆਰਪੁਰ ਤੋਂ ਕਾਂਗਰਸ ਦੇ ਉੱਘੇ ਲੀਡਰ ਵਿਸ਼ਵਨਾਥ ਬੰਟੀ ਅਤੇ ਕੌਂਸਲਰ ਨਵਾਬ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਪ੍ਰਬੰਧਕ ਕਮੇਟੀ ਵੱਲੋਂ ਵਿਸ਼ਵਨਾਥ ਬੰਟੀ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਬੰਟੀ ਨੇ ਕਿਹਾ ਕਿ ਹੁਸ਼ਿਆਰਪੁਰ ਨਹੀਂ ਬਲਕਿ ਪੂਰੇ ਪੰਜਾਬ ਦੀ ਧਰਤੀ ਪੀਰਾਂ ਫਕੀਰਾਂ ਰਹਿਬਰਾਂ ਤੇ ਗੁਰੂਆਂ ਪੀਰਾਂ ਦੀ ਹੈ। ਉਹਨਾਂ ਕਿਹਾ ਕਿ ਹੁਸ਼ਿਆਰਪੁਰ ਇੱਕ ਮਿੰਨੀ ਕਾਂਸ਼ੀ ਹੈ ਜਿੱਥੇ ਕਿ ਹਰ ਦਿਨ ਲੰਗਰ ਅਤੇ ਦਰਬਾਰਾਂ 'ਤੇ ਮੇਲੇ ਰਹਿੰਦੇ ਹਨ । ਉਹਨਾ ਕਿਹਾ ਕਿ ਇਹੋ ਜਿਹੇ ਸਾਲਾਨਾ ਸਭਿਆਚਾਰਕ , ਸੂਫੀਆਨਾ ਅਤੇ ਖੇਡ ਮੇਲੇ ਲਗਵਾਉਣੇ ਸਮੇਂ ਦੀ ਮੁੱਖ ਲੋੜ ਹੈ ।

# ਸਕੱਤਰੇਤ ਪੈਨਸ਼ਨਰਜ਼ ਐਸੋਸਿਏਸ਼ਨ ਦੇ ਮਦਨ ਲਾਲ ਜਨਾਗਲ ਬਣੇ ਪ੍ਰਧਾਨ



ਖਰੜ (ਹਰਨਾਮ ਸਿੰਘ ਡੱਲਾ)-ਪੰਜਾਬ ਸਕੱਤਰੇਤ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਾਲਾਨਾ ਸਮਾਗਮ ਸਮੇਂ ਪੰਜਾਬ ਸਕੱਤਰੇਤ ਪੈਨਸ਼ਨਰਜ਼ ਐਸੋਸੀਏਸ਼ਨ ,(ਹੈੱਡ ਕੁਆਰਟਰ ਖਰੜ) ਦੀ ਪ੍ਰਬੰਧਕੀ ਕਮੇਟੀ ਦਾ ਨਵਾਂ ਗਠਨ ਕੀਤਾ ਗਿਆ, ਜਿਸ ਵਿਚ ਸਰਬ ਸੰਮਤੀ ਨਾਲ ਬੀ ਆਰ ਮਰਵਾਹਾ ਨੂੰ ਮੁੱਖ ਸਲਾਹਕਾਰ, ਜਸਪਾਲ ਸਿੰਘ ਸਧਰਾਓ ਸਲਾਹਕਾਰ, ਅਜਾਇਬ ਸਿੰਘ ਖੇੜਾ ਨੂੰ ਸਰਪ੍ਰਸਤ, ਮਦਨ ਲਾਲ ਜਨਾਗਲ ਨੂੰ ਪ੍ਰਧਾਨ, ਸੰਤੋਖ ਸਿੰਘ ਬੈਨੀਪਾਲ ਨੂੰ ਸੀਨੀਅਰ ਮੀਤ ਪ੍ਰਧਾਨ, ਸ਼੍ਰੀਮਤੀ ਸਰੋਜ ਬਾਲਾ ਨੂੰ ਮੀਤ ਪ੍ਰਧਾਨ,ਅਜਮੇਰ ਸਿੰਘ ਸਾਗਰ ਨੂੰ ਜਨਰਲ ਸਕੱਤਰ, ਬਹਾਦੁਰ ਸਿੰਘ ਅਤੇ ਸੁਰਿੰਦਰ ਸਿੰਘ ਜੰਡਪੁਰ ਨੂੰ ਕੈਸ਼ੀਅਰ,ਚਰਨ ਸਿੰਘ ਕੰਗ ਨੂੰ ਆਰਗੇਨਾਈਜ਼ਿੰਗ ਸਕੱਤਰ, ਸੁਖਦੇਵ ਸਿੰਘ ਬੱਗਾ ਨੂੰ ਆਫਿਸ ਸਕੱਤਰ, ਦਰਸ਼ਨ ਸਿੰਘ ਖੇੜੀ ਨੂੰ ਪ੍ਰੈਸ ਸਕੱਤਰ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਮੈਂਬਰਾਂ ਵੱਲੋਂ ਨਵੀਂ ਗਠਤ ਕਮੇਟੀ ਦਾ ਤਾੜੀਆਂ ਦੀ ਗੂੰਜ ਨਾਲ ਨਿੱਘਾ ਸਵਾਗਤ ਕੀਤਾ ਗਿਆ।

# ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ ਸਫਲ ਤੇਲ ਪੈਕੇਜਿੰਗ ਕਾਰੋਬਾਰੀ ਯੋਜਨਾ ਮੁਕਾਬਲਾ



ਜਲੰਧਰ (ਇਕਬਾਲ ਸਿੰਘ ਉੱਭੀ) ਪੀ.ਸੀ.ਐਮ.ਐਸ.ਡੀ.ਕਾਲਜ ਫਾਰ ਵੂਮੈਨ ਦੇ ਕਾਸਮੈਟੋਲੋਜੀ ਵਿਭਾਗ ਨੇ ਤੇਲ ਪੈਕੇਜਿੰਗ ਕਾਰੋਬਾਰ ਦੇ ਵਿਚਾਰ ਦੇ ਦੁਆਲੇ ਕੇਂਦਰਿਤ ਇੱਕ ਅੰਤਰ-ਸੰਸਥਾਗਤ ਵਪਾਰ ਯੋਜਨਾ ਮੁਕਾਬਲੇ ਦਾ ਆਯੋਜਨ ਕੀਤਾ। ਸ਼੍ਰੀਮਤੀ ਰਜਨੀ ਕਪੂਰ ਅਤੇ ਸ਼੍ਰੀਮਤੀ ਦਿਵਿਆ ਬੁਧੀਆ ਨੇ ਮੁਕਾਬਲੇ ਲਈ ਜੱਜਾਂ ਵਜੋਂ ਪ੍ਰਧਾਨਗੀ ਕੀਤੀ। ਇਸ ਇਵੈਂਟ ਦਾ ਉਦੇਸ਼ ਵਿਦਿਆਰਥੀਆਂ ਨੂੰ ਤੇਲ ਉਦਯੋਗ ਦੇ ਵੱਖ-ਵੱਖ ਪਹਿਲੂਆਂ, ਖੋਜ, ਉਤਪਾਦਨ, ਵੰਡ, ਅਤੇ ਵਾਤਾਵਰਣ ਪ੍ਰਭਾਵ ਨੂੰ ਕਵਰ ਕਰਨ ਲਈ ਸਮਝ ਪ੍ਰਦਾਨ ਕਰਨਾ ਸੀ। ਇਸ ਨੂੰ ਪ੍ਰਾਪਤ ਕਰਨ ਲਈ, ਵਿਦਿਆਰਥੀਆਂ ਕੋਲ ਹੈਂਡ-ਆਨ ਅਨੁਭਵ, ਮਾਹਰ ਮਾਰਗਦਰਸ਼ਨ, ਉਦਯੋਗ ਡੇਟਾ, ਖੋਜ ਸਮੱਗਰੀ, ਕੇਸ ਸਟੱਡੀਜ਼, ਅਤੇ ਪੇਸ਼ੇਵਰਾਂ ਦੇ ਨਾਲ ਨੈੱਟਵਰਕਿੰਗ ਮੌਕਿਆਂ ਤੱਕ ਪਹੁੰਚ ਸੀ। ਭਾਗੀਦਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕਰਨ ਲਈ ਤੇਲ ਉਦਯੋਗ ਵਿੱਚ ਮੌਜੂਦਾ ਰੁਝਾਨਾਂ, ਤਕਨਾਲੋਜੀਆਂ ਅਤੇ ਚੁਣੌਤੀਆਂ ਬਾਰੇ ਅੱਪਡੇਟ ਰਹਿਣ 'ਤੇ ਜ਼ੋਰ ਦਿੱਤਾ ਗਿਆ। ਪਹਿਲਾ ਇਨਾਮ ਇਸ਼ਿਤਾ ਅਤੇ ਜਸਪ੍ਰੀਤ, ਦੂਜਾ ਇਨਾਮ ਈਸ਼ਾ ਅਤੇ ਤੀਜਾ ਇਨਾਮ ਗੀਤਿਕਾ ਨੇ ਹਾਸਲ ਕੀਤਾ। ਜੇਤੂ ਟੀਮਾਂ ਨੂੰ ਉਹਨਾਂ ਦੇ ਵਿਆਪਕ ਵਿਸ਼ਲੇਸ਼ਣ, ਰਚਨਾਤਮਕ ਰਣਨੀਤੀਆਂ, ਅਤੇ ਜੱਜਾਂ ਨੂੰ ਵਿਚਾਰਾਂ ਦੇ ਪ੍ਰਭਾਵਸ਼ਾਲੀ ਸੰਚਾਰ ਲਈ ਮਾਨਤਾ ਦਿੱਤੀ ਗਈ ਸੀ। ਇਸ ਤੋਂ ਇਲਾਵਾ, ਟੀਮ ਵਰਕ, ਪੇਸ਼ੇਵਰਤਾ, ਅਤੇ ਮੁਕਾਬਲੇ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਰਗੇ ਕਾਰਕਾਂ ਨੂੰ ਅੰਤਮ ਨਤੀਜਿਆਂ ਨੂੰ ਨਿਰਧਾਰਤ ਕਰਨ ਵਿੱਚ ਪ੍ਰਭਾਵਸ਼ਾਲੀ ਵਜੋਂ ਨੋਟ ਕੀਤਾ ਗਿਆ ਸੀ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਭਾਗੀਦਾਰੀ ਲਈ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਜਿਹੇ ਸਮਾਗਮ ਕਰਵਾਉਣ ਲਈ ਕਾਸਮੈਟੋਲੋਜੀ ਵਿਭਾਗ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

# ਟੋਲ ਪਲਾਜ਼ਾ ਮੋੜਾਂ ਖਿਲਾਫ਼ ਰੋਸ ਪ੍ਰਦਰਸ਼ਨ 5 ਨੂੰ

ਨੰਗਲ (ਸੁਰਜੀਤ ਸਿੰਘ ਢੇਰ)-ਟੋਲ ਪਲਾਜਾ ਵਰਕਰਜ ਯੂਨੀਅਨ ਪੰਜਾਬ ਸੀਟੂ ਵੱਲੋਂ ਟੋਲ ਪਲਾਜਾ ਮੋੜਾਂ ਦੇ ਪ੍ਰਬੰਧਕਾਂ ਵੱਲੋਂ ਕਰਮਚਾਰੀਆਂ ਦੀ ਅਨਮਨੁੱਖੀ ਲੁੱਟ ਖਿਲਾਫ 5 ਅਪ੍ਰੈਲ ਨੂੰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੀ ਜਾਣਕਾਰੀ ਟੋਲ ਪਲਾਜਾ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲਾਡੀ ਨੇ ਪ੍ਰੈਸ ਨੂੰ ਦਿੰਦਿਆਂ ਕਿਹਾ ਕਿ ਟੋਲ ਮੈਨੇਜਮੈਂਟ ਲੰਮੇ ਸਮੇਂ ਤੋਂ ਕਰਮਚਾਰੀਆਂ ਨੂੰ ਸੈਂਟਰਲ ਕਿਰਤ ਕਾਨੂੰਨਾਂ ਮੁਤਾਬਿਕ ਮੁਤਾਬਿਕ ਬਣਦੀਆਂ ਘੱਟੋ-ਘੱਟ ਉਜਰਤਾਂ ਦੀ ਅਦਾਇਗੀ ਨਹੀਂ ਕਰ ਰਹੀ ਅਤੇ ਨਾ ਹੀ ਕਰਮਚਾਰੀਆਂ ਦਾ ਕਿਰਤ ਵੈਲਫੇਅਰ ਫੰਡ ਕੱਟਿਆ ਗਿਆ, ਕਰਮਚਾਰੀਆਂ ਦੇ ਪ੍ਰੋਵਿਡੈਂਟ ਫੰਡ ਵੀ ਕਾਨੂੰਨ ਅਨੁਸਾਰ ਸਹੀ ਨਹੀਂ ਕੱਟਿਆ ਜਾ ਰਿਹਾ, ਟੋਲ ਪਲਾਜਾ ਕੰਪਨੀ ਨੈਸ਼ਨਲ ਹਾਈਵੇ ਅਥਾਰਟੀ ਨਾਲ ਹੋਏ ਇਕਰਾਰਨਾਮਾ ਸਮਝੌਤੇ ਦੀਆਂ ਸਰਤਾਂ ਨੂੰ ਵੀ ਅਣਗੌਲਿਆਂ ਕਰ ਰਹੀ ਹੈ ਲੀਗਲ ਪ੍ਰਕਿਰਿਆ ਨਾਲ ਟੋਲ ਕੁਲੈਕਸ਼ਨ ਨਾ ਹੋਣ ਨਾਲ ਭਾਰਤ ਸਰਕਾਰ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ ਇਹ ਸਭ ਸਬੰਧਿਤ ਅਧਿਕਾਰੀਆਂ ਦੀ ਨਿਗਾਹ ਹੇਠ ਹੋ ਰਿਹਾ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਜੇਕਰ ਕਰਮਚਾਰੀਆਂ ਦੀਆਂ ਹੱਕੀ ਮੰਗਾਂ, ਲੋਕਲ ਪਿੰਡਾਂ ਦੇ ਨੌਜਵਾਨਾਂ ਨੂੰ ਰੋਜਗਾਰ, ਘੱਟੋ ਘੱਟ ਉਜਰਤਾਂ ਦੀ ਅਦਾਇਗੀ ਸਮੇਤ ਪਿਛਲਾ ਡਿਫਰੈਂਸ ਉਜਰਤਾਂ ਦੀ ਅਦਾਇਗੀ ਸਮੇਤ ਬਣਦੇ ਹੱਕ ਅਧਿਕਾਰ ਨਾ ਦਿੱਤੇ ਗਏ ਤਾਂ ਕਰਮਚਾਰੀਆਂ ਨੂੰ ਮਜਬੂਰਨ ਸਖਤ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪਵੇਗਾ। ਇਸ ਮੌਕੇ ਕਾਮਰੇਡ ਗੁਰਦੇਵ ਸਿੰਘ ਬਾਗੀ ਸੀਟੂ, ਹਰਜਿੰਦਰ ਸਿੰਘ,ਗੁਰਮੀਤ ਸਿੰਘ ਕਾਲਾ ਝਾੜ, ਧਰਵਿੰਦਰ ਸਿੰਘ, ਰਾਜਿੰਦਰ ਸਿੰਘ, ਸੁਖਵਿੰਦਰ ਸਿੰਘ, ਜਸਵੀਰ ਸਿੰਘ , ਜਤਿੰਦਰ ਸਿੰਘ,ਮਨੀ ਸਰਮਾ, ਲਖਵਿੰਦਰ ਸਿੰਘ ਆਦਿ ਹਾਜਰ ਸਨ।



# ਗੈਰੀ ਮਦਾਨ ਜ਼ਰੂਰਤਮੰਦ ਲੋਕਾਂ ਦੇ ਮਸੀਹਾ : ਅਰੋੜਾ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਭਾਰਤ ਵਿਕਾਸ ਪਰਿਸ਼ਦ ਵਲੋਂ ਪ੍ਰਧਾਨ ਰਾਜਿੰਦਰ ਮੋਦਗਿਲ ਦੀ ਪ੍ਰਧਾਨਗੀ ਵਿੱਚ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਮੌਜੂਦ ਹੋਏ ਗੈਰੀ ਮਦਾਨ ਜੋ ਕੈਨੇਡਾ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਨੂੰ ਜ਼ਰੂਰਤਮੰਦਾਂ ਦੇ ਮਸੀਹਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਰਾਜਿੰਦਰ ਮੈਡੀਂ ਹਾਜ਼ਰ ਹੋਏ ਜਿਨਾਂ ਨੂੰ ਭਾਰਤ ਵਿਕਾਸ ਪਰਿਸ਼ਦ ਵਲੋਂ ਸਨਮਾਨਿਤ ਕੀਤਾ ਗਿਆ।ਪਰਿਸ਼ਦ ਦੇ ਸੂਬਾਈ ਕਨਵੀਨਰ (ਨੇਤਰਦਾਨ ਅਤੇ ਖੂਨਦਾਨ) ਅਤੇ ਪ੍ਰਮੁੱਖ ਸਮਾਜ ਸੇਵਕ ਸੰਜੀਵ ਅਰੋੜਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਅਰੋੜਾ ਨੇ ਗੈਰੀ ਮਦਾਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਮਦਾਨ ਪਿਛਲੇ ਲੰਬੇ ਅਰਸੇ ਤੋਂ ਜ਼ਰੂਰਤਮੰਦ ਬੱਚੇ ਜੋ ਪੜ੍ਹਾਈ ਵਿੱਚ ਹੁਸ਼ਿਆਰਪੁਰ ਅਤੇ ਆਰਥਿਕ ਤੰਗੀ ਦੇ ਕਾਰਨ ਪੜ੍ਹ ਨਹੀਂ ਸਕਦੇ ਹਰ ਸਾਲ ਇਨ੍ਹਾਂ ਬੱਚਿਆਂ ਨੂੰ ਗੋਦ ਲੈਂਦੇ ਹਨ ਅਤੇ ਉਨਾਂ ਦੀ ਪੜ੍ਹਾਈ ਦਾ ਅਤੇ ਵਰਦੀਆਂ ਆਦਿ ਦਾ ਸਾਰਾ ਖਰਚ ਖੁਦ ਕਰਦੇ ਹਨ ਅਤੇ ਜ਼ਰੂਰਤਮੰਦ ਲੜਕੀਆਂ ਦੀ ਸ਼ਾਦੀਆ ਵੀ ਹਰ ਸਾਲ ਕਰਵਾਉਂਦੇ ਹਨ। ਹੁਣ ਤੱਕ ਲਗਭਗ 400 ਅਪਾਹਿਜ ਵਿਅਕਤੀਆਂ ਨੂੰ ਨਕਲੀ ਅੰਗ ਲਗਵਾ ਕੇ ਦਿੱਤੇ ਹਨ ਅਤੇ ਟਰਾਈ ਸਾਈਕਲ, ਵਹੀਲ ਚੇਅਰ, ਸੁਣਨ ਦੀ ਮਸ਼ੀਨਾਂ ਆਦਿ ਵੀ ਸ਼ਾਮਲ ਹਨ।ਪਰਿਸ਼ਦ ਪੰਜ ਸੂਤਰਾਂ ਦੇ ਆਧਾਰਿਤ ਹੈ ਜੋ ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਅਤੇ ਸਮਰਪਣ 'ਤੇ ਆਧਾਰਿਤ ਹੈ ਅਤੇ ਇਸੀ ਆਧਾਰ 'ਤੇ ਜ਼ਰੂਰਤਮੰਤ ਲੋਕਾਂ ਦੀ ਸਹਾਇਤਾ ਕੀਤੀ ਜਾਂਦੀ ਹੈ।ਇਸ ਮੌਕੇ 'ਤੇ ਰਵਿੰਦਰ ਮੁੰਨਾ, ਰਾਜਿੰਦਰ ਮੋਦਗਿਲ, ਨਿਤਿਨ ਗੁਪਤਾ, ਲੋਕੇਸ਼ ਖੰਨਾ, ਐਚ.ਕੇ. ਨਕੜਾ, ਨਿਪੁਨ ਸ਼ਰਮਾ, ਵਿਕਾਸ ਕੁਮਾਰ, ਸ਼ਾਖਾ ਬੱਗਾ, ਵਿਜੈ ਅਰੋੜਾ, ਗੌਰਵ ਗਰਗ, ਅਮਰਜੀਤ ਸ਼ਰਮਾ, ਵਰਿੰਦਰਜੀਤ ਸਿੰਘ, ਰਵਿੰਦਰ ਭਾਟੀਆ, ਐਨ.ਕੇ. ਗੁਪਤਾ, ਰਵੀ ਮਨੋਚਾ, ਪ੍ਰੋ. ਦਲਜੀਤ ਸਿੰਘ, ਰਮੇਸ਼ ਭਾਟੀਆ, ਰਮਨ ਬੱਬਰ, ਮਾਸਟਰ ਗੁਰਪ੍ਰੀਤ ਸਿੰਘ, ਲੱਕੀ ਮਰਵਾਹਾ ਅਤੇ ਹੋਰ ਵੀ ਹਾਜ਼ਰ ਸਨ।

# ਦੁੱਧ ਦੀਆਂ ਕੀਮਤਾਂ 'ਚ ਵਾਧਾ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਹੁਸ਼ਿਆਰਪੁਰ ਪਿਛਲੇ ਦਿਨੀ ਦੁੱਧ ਦੇ ਵਾਧੇ ਨੂੰ ਲੈ ਕੇ ਡੇਅਰੀ ਯੂਨੀਅਨ ਅਤੇ ਹਲਵਾਈ ਯੂਨੀਅਨ ਵੱਲੋਂ ਵਿਚਾਰ ਵਟਾਂਦਰੇ ਦੌਰਾਨ ਇਹ ਤੈਅ ਕੀਤਾ ਗਿਆ ਕਿ ਦੁੱਧ ਦੀਆ ਕੀਮਤਾਂ ਵਿੱਚ 4.00 ਰੁਪਏ ਦਾ ਵਾਧਾ ਕੀਤਾ ਜਾਵੇਗਾ। ਚੇਅਰਮੈਨ ਵਿਜੇ ਪਾਲ ਮੀਲੂ, ਪ੍ਰਧਾਨ ਸੁਖਦੇਵ ਸਿੰਘ ਖੇਪੜ, ਉਪ-ਪ੍ਰਧਾਨ ਸੁੱਚਾ ਸਿੰਘ ਮੀਲੂ, ਸੈਕਟਰੀ ਕਾਕੂ ਪੋਸਵਾਲ, ਕੈਸ਼ੀਅਰ ਰਾਕੇਸ਼ ਕੁਮਾਰ ਅਤੇ ਹੋਰ ਅਹੁੱਦੇਦਾਰਾਂ ਨੇ ਸੰਯੁਕਤ ਬਿਆਨ ਵਿੱਚ ਕਿਹਾ ਕਿ ਪਸ਼ੂਆਂ ਦੇ ਖਾਣ ਵਾਲੀਆਂ ਵਸਤਾਂ ਬਹੁਤ ਜ਼ਿਆਦਾ ਮਹਿੰਗੀਆਂ ਹੋਣ ਕਰਕੇ ਅਤੇ ਪਸ਼ੂਆਂ ਦੇ ਰੇਟ ਪਹਿਲਾਂ ਨਾਲੋਂ ਕਾਫੀ ਜ਼ਿਆਦਾ ਹੋਣ ਅਤੇ ਹੋਰ ਕਈ ਵਸਤੂਆਂ ਮਹਿੰਗੀਆਂ ਹੋਣ ਕਰਕੇ ਇਹ ਵਾਧਾ ਕੀਤਾ ਗਿਆ ਹੈ। ਹੁਣ ਦੁੱਧ ਦਾ ਰੇਟ 64 ਰੁਪਏ ਤੋਂ ਵੱਧ ਕੇ 68 ਰੁਪਏ ਪ੍ਰਤੀ ਕਿਲੋ ਹੋਵੇਗਾ। ਦੁੱਧ ਦੇ ਨਵੇਂ ਰੇਟ 1 ਅਪ੍ਰੈਲ 2024 ਤੋਂ ਲਾਗੂ ਹੋਣਗੇ ਜਿਸ ਵਿੱਚ 7 ਪ੍ਰਤੀਸ਼ਤ ਹਲਵਾਈਆਂ ਦੀ ਕਮਿਸ਼ਨ ਸ਼ਾਮਲ ਹੋਵੇਗੀ। ਇਸ ਮੌਕੇ 'ਤੇ ਜਗਦੀਸ਼ ਸ਼ਾਂਤੀ ਨਗਰ, ਰਾਜੂ ਭਾਟੀਆ, ਅਸ਼ੋਕ ਕੁਮਾਰ ਮੀਲੂ, ਕਾਬਲ ਭਾਟੀਆ, ਰਾਜੀਵ ਕੁਮਾਰ ਤੇ ਹੋਰ ਡੇਅਰੀ ਯੂਨੀਅਨਾਂ ਦੇ ਮੈਂਬਰ ਮੌਜੂਦ ਸਨ।

# ਨਗਰ ਨਿਗਮ ਅਧਿਕਾਰੀ 3 ਲੱਖ ਰਿਸ਼ਵਤ ਲੈਂਦਾ ਵਿਜੀਲੈਂਸ ਅੜਿੱਕੇ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੇਰ ਸ਼ਾਮ ਨਗਰ ਨਿਗਮ ਫਰੀਦਾਬਾਦ ਦਫਤਰ ਵਿਚ ਕੰਮ ਕਰਦੇ ਮੈਡੀਕਲ ਅਧਿਕਾਰੀ ਨੀਤਿਸ਼ ਪਰਵਲ ਨੂੰ 3 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਫੜਿਆ। ਦੋਸ਼ੀ ਖਿਲਾਫ ਵਿਜੀਲੈਂਸ ਬਿਊਰੋ ਫਰੀਦਾਬਾਦ ਵਿਚ ਐਫਆਈਆਈ ਦਰਜ ਕਰਦੇ ਹੋਏ ਕਾਰਵਾਈ ਕੀਤੀ ਗਈ ਹੈ। ਵਿਜੀਲੈਂਸ ਵਿਭਾਗ ਦੇ ਬੁਲਾਰੇ ਨੇ ਦਸਿਆ ਕਿ ਹਰਿਆਣਾ ਵਿਜੀਲੈਂਸ ਬਿਊਰੋ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਦੋਸ਼ੀ ਨੀਤਿਸ਼ ਪਰਵਲ ਨੇ ਸ਼ਿਕਾਇਤਕਰਤਾ ਤੋਂ ਬਲਕ ਵੇਸਟ ਜਰਨੇਟ ਦੇ ਇੰਪੈਨਲਮੈਂਟ ਦਾ ਪ੍ਰਮਾਣ ਪੱਤਰ ਜਾਰੀ ਕਰਨ ਦੇ ਬਦਲੇ ਵਿਚ 3 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ।

ਮਾਮਲੇ ਦੀ ਜਾਂਚ ਕਰਦੇ ਹੋਏ ਦੋਸ਼ੀ ਨੂੰ ਫੜਣ ਲਈ ਯੋਜਨਾ ਬਣਾਈ ਗਈ ਅਤੇ ਵਿਜੀਲੈਂਸ ਟੀਮ ਨੇ ਦੋਸ਼ੀ ਨੂੰ 3 ਲੱਖ ਰੁਪਏ ਦੀ ਰਿਸ਼ਵਤ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ। ਇਹ ਪੂਰੀ ਕਾਰਵਾਈ ਗਵਾਹਾਂ ਦੇ ਸਾਹਮਣੇ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ। ਇਸ ਮਾਮਲੇ ਵਿਚ ਸਾਰੇ ਸਬੂਤ ਇਕੱਠੇ ਕਰਦੇ ਹੋਏ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬਿਊਰੋ ਦੇ ਬੁਲਾਰੇ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਸਰਕਾਰੀ ਕੰਮ ਕਰਨ ਦੇ ਬਦਲੇ ਵਿਚ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਤੁਰੰਤ ਇਸ ਦੀ ਜਾਣਕਾਰੀ ਹਰਿਆਣਾ ਵਿਜੀਲੈਂਸ ਬਿਊਰੋ ਦੇ ਟੋਲ ਫਰੀ ਨੰਬਰ 1800-180-2022 ਜਾਂ 1064 'ਤੇ ਦੇਣ।

# ਮਾਨ ਨੇ ਬੱਚਿਆਂ ਦੇ ਫ੍ਰੀ ਚੈੱਕਅੱਪ ਕੈਂਪ ਦਾ ਕੀਤਾ ਉਦਘਾਟਨ

ਫਗਵਾੜਾ (ਡਾ. ਰਮਨ, ਢੱਡਾ)- ਯੂਥ ਹਿੰਦੂ ਵੈਲਫੇਅਰ ਐਸੋਸੀਏਸ਼ਨ ਫਗਵਾੜਾ ਵੱਲੋਂ ਸਥਾਨਕ ਉਂਕਾਰ ਨਗਰ ਵਿਖੇ ਬੱਚਿਆਂ ਦੀਆਂ ਬਿਮਾਰੀਆਂ ਦਾ ਫ੍ਰੀ ਚੈਕਅੱਪ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕੀਤਾ। ਉਨ੍ਹਾ ਐਸੋਸੀਏਸ਼ਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚੇ ਦੇਸ਼ ਦੀ ਧਰੋਹਰ ਹੁੰਦੇ ਹਨ। ਉਨ੍ਹਾ ਦੀ ਸਿਹਤ ਨੂੰ ਮੁੱਖ ਰੱਖਦਿਆਂ ਯੂਥ ਵੈਲਫੇਅਰ ਨੇ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਇਹ ਕੈਂਪ ਲੋੜਵੰਦ ਪਰਵਾਰਾਂ ਲਈ ਬਹੁਤ ਲਾਹੇਵੰਦ ਹੋਵੇਗਾ। ਇਸ ਦੌਰਾਨ ਬਾਲ ਰੋਗ ਮਾਹਰ ਡਾ. ਚਿਮਨ ਅਰੋੜਾ (ਦਿੱਲੀ ਚਾਇਲਡ ਹਸਪਤਾਲ) ਨੇ ਬੱਚਿਆਂ ਦੀ ਜਾਂਚ ਕੀਤੀ ਅਤੇ ਲੋੜ ਅਨੁਸਾਰ ਮੁਫ਼ਤ ਦਵਾਈਆਂ ਦਿੱਤੀਆਂ। ਉਨ੍ਹਾ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਦੀ ਸਿਹਤ ਪ੍ਰਤੀ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ। ਮੌਸਮ ਵਿੱਚ ਬਦਲਾਅ ਦੇ ਦੌਰਾਨ ਬੱਚਿਆਂ ਨੂੰ ਜ਼ੁਕਾਮ ਅਤੇ ਬੁਖਾਰ ਵਰਗੀਆਂ ਬਿਮਾਰੀਆਂ ਹੋਣਾ ਆਮ ਗੱਲ ਹੈ, ਪਰ ਸਮੇਂ ਸਿਰ ਦਵਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਬਿਮਾਰੀ ਦੇ ਵਧਣ ਤੋਂ ਪਹਿਲਾਂ ਹੀ ਠੀਕ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਬੱਚਿਆਂ ਨੂੰ ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾਂ ਮਨਮਰਜ਼ੀ ਨਾਲ ਦਵਾਈ ਨਹੀਂ ਦਿੱਤੀ ਜਾਣੀ ਚਾਹੀਦੀ। ਅਜਿਹਾ ਕਰਨਾ ਕਈ ਵਾਰ ਬੱਚੇ ਦੀ ਸਿਹਤ ਲਈ ਨੁਕਸਾਨਦੇਹ ਹੋ ਸਕਦਾ ਹੈ। ਸੁਸਾਇਟੀ ਦੇ ਅਹੁਦੇਦਾਰਾਂ ਸਮਰ ਗੁਪਤਾ, ਪੱਪੂ ਸਿੰਘ, ਚਮਨ ਠਾਕੁਰ, ਬਨਾਰਸੀ ਅਤੇ ਹਰਸ਼ ਬੇਦੀ ਦੀ ਤਰਫ਼ੋਂ ਜੋਗਿੰਦਰ ਸਿੰਘ ਮਾਨ ਅਤੇ ਡਾ. ਚਿਮਨ ਅਰੋੜਾ ਦਾ ਧੰਨਵਾਦ ਕੀਤਾ ਗਿਆ।

# ਸ਼ਹੀਦੀ ਦਿਵਸ ਨੂੰ ਸਮਰਪਿਤ ਰਾਸ਼ਟਰੀ ਵਰਕਸ਼ਾਪ ਨੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਮਤਦਾਨ ਦਾ ਦਿੱਤਾ ਸੰਦੇਸ਼




ਸਾਹਿਬਜ਼ਾਦਾ ਅਜੀਤ ਸਿੰਘ ਨਗਰ, ( ਗੁਰਜੀਤ ਬਿੱਲਾ )— ਭਾਰਤ ਦੇ ਚੋਣ ਕਮਿਸ਼ਨ ਦੇ ਸੰਦੇਸ਼ 'ਮੇਰਾ ਪਹਿਲਾ ਵੋਟ ਦੇਸ਼ ਲਈ' ਨੂੰ ਪਹਿਲੀ ਵਾਰ ਬਣੇ ਵੋਟਰਾਂ ਤੱਕ ਪਹੁੰਚਾਉਣ ਲਈ; ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਮੋਹਾਲੀ ਵਿਖੇ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਸਰਪ੍ਰਸਤੀ ਹੇਠ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਰਾਸ਼ਟਰੀ ਸੇਵਾ ਯੋਜਨਾ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀ ਖੇਤਰੀ ਡਾਇਰੈਕਟਰ ਸ਼੍ਰੀਮਤੀ ਹਰਿੰਦਰ ਕੌਰ ਨੇ ਸ਼ਮ੍ਹਾਂ ਰੌਸ਼ਨ ਕਰਕੇ ਰਾਸ਼ਟਰੀ ਵਰਕਸ਼ਾਪ ਦੀ ਸ਼ੁਰੂਆਤ ਕੀਤੀ। ਮੁੱਖ ਮਹਿਮਾਨ ਹਰਿੰਦਰ ਕੌਰ ਨੇ ਰਾਸ਼ਟਰੀ ਸੇਵਾ ਯੋਜਨਾ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵੋਟ ਦੇ ਅਧਿਕਾਰ ਅਤੇ ਸਵੱਛਤਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਰਾਸ਼ਟਰੀ ਵਰਕਸ਼ਾਪ ਦਾ ਵਿਸ਼ਾ ਸਵੱਛਤਾ ਅਤੇ ਵੋਟਿੰਗ ਨੂੰ ਉਤਸ਼ਾਹਿਤ ਕਰਨ ਲਈ 'ਸਵੱਛਤਾ ਹੀ ਸੇਵਾ' ਅਤੇ 'ਮੇਰਾ ਪਹਿਲਾ ਵੋਟ ਦੇਸ਼ ਕੋ' 'ਤੇ ਆਧਾਰਿਤ ਹੈ। ਕਾਲਜ ਪ੍ਰਿੰਸੀਪਲ ਸ਼੍ਰੀਮਤੀ ਹਰਜੀਤ ਗੁਜਰਾਲ ਨੇ ਐੱਨ.ਐੱਸ.ਐੱਸ. ਦੇ ਸਾਰੇ ਵਿਦਿਆਰਥੀਆਂ ਨੂੰ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣ ਲਈ ਪ੍ਰੇਰਿਤ ਕਰਨ ਅਤੇ ਸਵੱਛਤਾ ਮੁਹਿੰਮ ਨੂੰ ਇੱਕ ਮੁਹਿੰਮ ਵਜੋਂ ਅੱਗੇ ਲਿਜਾਣ ਦਾ ਬੀੜਾ ਚੁੱਕਣ ਲਈ ਪ੍ਰੇਰਿਆ। ਇਸ ਵਰਕਸ਼ਾਪ ਵਿੱਚ ਵੱਖ-ਵੱਖ ਕਾਲਜਾਂ ਦੇ ਸਿੱਖਿਆ ਸ਼ਾਸਤਰੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਵਿਦਿਆਰਥੀਆਂ ਵਿੱਚ ਵੋਟ ਸਬੰਧੀ ਜਾਗਰੂਕਤਾ ਅਤੇ ਸਵੱਛਤਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸੇ ਲੜੀ ਤਹਿਤ ਮੁਹਾਲੀ ਦੇ ਜ਼ਿਲ੍ਹਾ ਸਵੀਪ ਨੋਡਲ ਪ੍ਰੋ: ਗੁਰਬਖਸ਼ੀਸ਼ ਸਿੰਘ ਨੇ ਵੋਟਿੰਗ ਜਾਗਰੂਕਤਾ ਅਤੇ 'ਮੇਰਾ ਪਹਿਲਾ ਵੋਟ ਦੇਸ਼ ਲਈ' ਵਿਸ਼ੇ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਆਪਣੀ ਵੋਟ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀਮਤੀ ਆਸ਼ਿਕਾ ਜੈਨ ਦੀ ਨਿਵੇਕਲੀ ਪਹਿਲਕਦਮੀ ਤਹਿਤ ਜ਼ਿਲ੍ਹਾ ਸਵੀਪ ਟੀਮ ਨੇ ਆਈ.ਪੀ.ਐੱਲ ਮੈਚਾਂ ਅਤੇ ਹੋਲੀ ਦੇ ਜਸ਼ਨਾਂ ਦੌਰਾਨ ਵੋਟ ਦੇ ਅਧਿਕਾਰ ਦੀ ਵਰਤੋਂ ਨੂੰ ਸਫ਼ਲਤਾਪੂਰਵਕ ਪ੍ਰਚਾਰਿਆ ਹੈ। ਵੋਟਿੰਗ ਜਾਗਰੂਕਤਾ ਅਤੇ ਸਵੱਛਤਾ ਹੀ ਸੇਵਾ ਸਬੰਧੀ ਰੈਲੀ ਵੀ ਕੱਢੀ ਗਈ ਅਤੇ ਅੰਤ ਵਿੱਚ ਐਨ.ਐਸ.ਐਸ ਵਲੰਟੀਅਰਾਂ ਵੱਲੋਂ ਸਵੱਛਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਸਮਾਗਮ 'ਚ ਆਲੇ-ਦੁਆਲੇ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਲਗਭਗ 750 ਵਲੰਟੀਅਰਾਂ ਦੀ ਰਜਿਸਟ੍ਰੇਸ਼ਨ ਸਫਲਤਾਪੂਰਵਕ ਕੀਤੀ ਗਈ। ਅੰਤ ਵਿੱਚ ਕਾਲਜ ਦੇ ਪ੍ਰੋਫੈਸਰ ਅਤੇ ਐਨ ਐਸ ਐਸ ਪ੍ਰੋਗਰਾਮ ਅਫਸਰ ਅਸ਼ੀਸ਼ ਕੁਮਾਰ ਬਾਜਪਾਈ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਬੁਲਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵੱਖ-ਵੱਖ ਕਾਲਜਾਂ ਤੋਂ ਆਏ ਸਾਰੇ ਐਨ ਐਸ ਐਸ ਵਲੰਟੀਅਰਾਂ ਦਾ ਇਸ ਪ੍ਰੋਗਰਾਮ ਵਿੱਚ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ 01 ਜੂਨ, 2024 ਨੂੰ ਆਉਣ ਵਾਲੇ ਲੋਕਤੰਤਰ ਦੇ ਤਿਉਹਾਰ ਵਿੱਚ, ਪਹਿਲੀ ਵਾਰ ਵੋਟ ਪਾਉਣ ਵਾਲੇ ਸਾਰੇ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਸਹੁੰ ਚੁਕਾਈ ਗਈ। ਪਹਿਲੀ ਵਾਰ ਬਣੇ ਵੋਟਰਾਂ ਨੂੰ ਵੋਟਿੰਗ ਦੇ ਅਧਿਕਾਰਾਂ ਦਾ ਪ੍ਰਚਾਰ ਕਰਨ ਵਾਲੀਆਂ ਕੈਪਾਂ ਅਤੇ ਟੀ-ਸ਼ਰਟਾਂ ਵੀ ਵੰਡੀਆਂ ਗਈਆਂ। ਇਸ ਮੌਕੇ ਚੋਣ ਤਹਿਸੀਲਦਾਰ ਸੰਜੇ ਕੁਮਾਰ ਵੀ ਮੌਜੂਦ ਸਨ।

# ਗੱਡੀਆਂ ਦੇ ਸ਼ੀਸ਼ੇ 'ਤੇ ਕਾਲੀ ਫਿਲਮ ਦੀ ਵਰਤੋਂ ਕਰਨ ਵਾਲੇ ਹੋ ਜਾਣ ਸਾਵਧਾਨ : ਸ਼ਤਰੂਜੀਤ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਗੱਡੀਆਂ ਦੇ ਸ਼ੀਸ਼ੇ 'ਤੇ ਕਾਲੀ ਫਿਲਮ ਦੀ ਵਰਤੋਂ ਕਰਨ ਵਾਲੇ ਲੋਕ ਸਾਵਧਾਨ ਹੋ ਜਾਵੇ ਕਿਉਂਕਿ ਹਰਿਆਣਾ ਪੁਲਸ ਵੱਲੋਂ 1 ਅਪ੍ਰੈਲ ਤੋਂ 7 ਅਪ੍ਰੈਲ ਤਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਜਿਸ ਦੇ ਤਹਿਤ ਅਜਿਹੇ ਵਾਹਨ ਡਰਾਈਵਰਾਂ ਦੇ ਚਾਲਾਨ ਕੀਤੇ ਜਾਣਗੇ। ਪੁਲਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ ਨੇ ਦਸਿਆ ਕਿ ਹਰਿਆਣਾ ਪੁਲਿਸ ਅਜਿਹੀ ਗੱਡੀ ਡਰਾਈਵਰਾਂ 'ਤੇ ਸ਼ਿਕਜਾ ਕੱਸਣ ਜਾ ਰਹੀ ਹੈ, ਜੋ ਗੱਡੀਆਂ ਦੇ ਸ਼ੀਸ਼ੇ 'ਤੇ ਬਲੈਕ ਫਿਲਮ ਲਗਾ ਕੇ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ ਗੱਡੀਆਂ ਦੇ ਸ਼ੀਸ਼ੇ 'ਤੇ ਬਲੈਕ ਫਿਲਮ ਲਗਾਉਣ ਆਵਾਜਾਈ ਨਿਯਮਾਂ ਦੇ ਖਿਲਾਫ ਹੈ ਅਤੇ ਹਰਿਆਣਾ ਪੁਲਸ ਅਜਿਹੇ ਵਾਹਨ ਡਰਾਈਵਰਾਂ ਖਿਲਾਫ ਸਖਤੀ ਨਾਲ ਨਿਬੜੇਗੀ। ਅਜਿਹੇ ਗੱਡੀ ਡਰਾਈਵਰਾਂ ਨੂੰ ਨਿਯਮ ਅਨੁਸਾਰ 10,000 ਰੁਪਏ ਤਕ ਦਾ ਜੁਰਮਾਨਾ ਭਰਨਾ ਪੈ ਸਕਦਾ ਹੈ। ਇਸ ਬਾਰੇ ਸੂਬੇ ਦੇ ਸਾਰੇ ਪੁਲਸ ਕਮਿਸ਼ਨਰਾਂ, ਪੁਲਿਸ ਸੁਪਰਡੈਂਟਾਂ ਅਤੇ ਪੁਲਸ ਕਮਿਸ਼ਨਰਾਂ ਨੂੰ ਲੋੜੀਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਮੁਹਿੰਮ ਨੂੰ ਲੈਕੇ ਸਬੰਧਤ ਖੇਤਰਾਂ ਦੇ ਡੀਐਸਪੀ ਅਤੇ ਏਸੀਪੀ ਨੂੰ ਇੰਚਾਰਜ ਲਗਾਇਆ ਗਿਆ ਹੈ, ਜਿਸ ਦੀ ਨਿਗਰਾਨੀ ਸਬੰਧਤ ਪੁਲਿਸ ਸੁਪਰਡੈਂਟਾਂ ਅਤੇ ਪੁਲਿਸ ਕਮਿਸ਼ਨਰਾਂ ਵੱਲੋਂ ਖੁਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਵਾਜਾਈ ਨਿਯਮਾਂ ਦਾ ਗੰਭੀਰਤਾ ਨਾਲ ਪਾਲਣ ਕਰਨ ਅਤੇ ਇਸ ਦੀ ਉਲੰਘਣਾ ਨਾ ਕਰਨ। ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਆਵਾਜਾਈ ਨਿਯਮਾਂ ਦਾ ਸਖਤੀ ਨਾਲ ਪਾਲਣ ਕਰਨ ਅਤੇ ਉਨ੍ਹਾਂ ਦੀ ਅਣਦੇਖੀ ਨਾ ਕਰਨ। ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਗੱਡੀ ਡਰਾਈਵਰਾਂ ਦੇ ਆਨਲਾਇਨ ਤੇ ਆਫਲਾਇਨ ਦੋਵਾਂ ਤਰ੍ਹਾਂ ਨਾਲ ਚਾਲਾਨ ਕੀਤੇ ਜਾਣਗੇ।

ਇਸ ਤੋਂ ਇਲਾਵਾ, ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਵੀ ਨਾਗਰਿਕ ਬੁਲੇਟ ਪਟਾਖਾ ਵਜਾਉਂਦਾ ਜਾਂ ਗੱਡੀਆਂ 'ਤੇ ਬਲੈਕ ਫਿਲਮ ਲਗਾਇਆ ਹੋਇਆ ਫੜਿਆ ਗਿਆ ਤਾਂ ਇਸ ਦੀ ਸੂਚਨਾ ਹਰਿਆਣਾ 112 'ਤੇ ਜ਼ਰੂਰ ਦੇਣ ਤਾਂ ਜੋ ਉਨ੍ਹਾਂ ਖਿਲਾਫ ਤੁਰੰਤ ਕਾਰਵਾਈ ਕੀਤੀ ਜਾ ਸਕੇ।

1-APR-PAGE-10.qxd 3/31/2024 10:24 PM Page 1



# 8 ਨੂੰ ਮੋਹਾਲੀ 'ਚ ਵੱਡੀ ਗਿਣਤੀ ਕਿਸਾਨਾਂ ਨੂੰ ਸ਼ਾਮਲ ਹੋਣ ਦਾ ਸੱਦਾ



ਭਲਾਣ (ਹਰਭਜਨ ਢਿੱਲੋਂ)- ਨਜ਼ਦੀਕੀ ਪਿੰਡ ਭੱਲੜੀ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂਆਂ ਦੀ ਇੱਕ ਮੀਟਿੰਗ ਹੋਈ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਕੇਂਦਰ ਦੇ ਦਬਾਅ ਨਾਲ ਪੰਜਾਬ ਦੀਆਂ 26 ਮਾਰਕੀਟ ਕਮੇਟੀਆਂ ਦੇ ਅਧੀਨ ਆਉਂਦੇ ਖਰੀਦ ਕੇਂਦਰਾਂ ਵਿੱਚ 9 ਸਾਈਲੋ ਖੋਲ੍ਹਣ ਨੂੰ ਦਿੱਤੀ ਮਨਜ਼ੂਰੀ ਨੂੰ ਬੜੀ ਗੰਭੀਰਤਾ ਨਾਲ ਲੈਂਦਿਆਂ ਇਲਾਕੇ ਦੇ ਕਿਸਾਨ ਆਗੂਆਂ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਦੇ ਖਿਲਾਫ ਲੜੇ ਸੰਘਰਸ਼ ਤੋਂ ਬਾਅਦ ਹੁਣ ਉਸੇ ਕਾਨੂੰਨ ਦੇ ਦਾਇਰੇ ਹੇਠ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ 'ਤੇ ਦਬਾਅ ਬਣਾ ਕੇ ਸਾਈਲੋ ਪਲਾਂਟ ਖੋਲ੍ਹ ਦਿੱਤੇ ਹਨ।ਜਿਸ ਨਾਲ ਮੰਡੀਆਂ ਖਤਮ ਹੋ ਜਾਣਗੀਆਂ। ਮੰਡੀਆਂ ਵਿੱਚ ਕੰਮ ਕਰਦੇ ਲੱਖਾਂ ਮੁਲਾਜ਼ਮ ਹੀ ਵਿਹਲੇ ਨਹੀਂ ਹੋਣਗੇ ਸਗੋਂ ਪੰਜਾਬ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਆੜ੍ਹਤੀ, ਪੱਲੇਦਾਰ, ਟਰੱਕ ਯੂਨੀਅਨ ਸਮੇਤ ਹੋਰ ਲੋਕਾਂ 'ਤੇ ਵੱਡਾ ਅਸਰ ਪਵੇਗਾ। ਅੱਜ ਇਥੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਸਾਬਕਾ ਸੂਬਾ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਤਰਸੇਮ ਸਿੰਘ ਭੱਲੜੀ, ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਸੀਨੀਅਰ ਮੀਤ ਪ੍ਰਧਾਨ ਮਹਿੰਦਰ ਸਿੰਘ ਸੰਗਤਪੁਰ, ਤਿਲਕ ਰਾਜ ਨੇ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਦੀ ਖਾਤਰ ਮਾਰਕੀਟ ਕਮੇਟੀਆਂ ਅਧੀਨ ਚਲਦੀਆਂ ਅਨਾਜ ਮੰਡੀਆਂ ਨੂੰ ਬੰਦ ਕਰਕੇ ਸਾਈਲੋ ਪਲਾਂਟਾਂ ਵਿੱਚ ਖਰੀਦ ਸ਼ੁਰੂ ਕਰ ਰਹੀ ਹੈ। ਇਸ ਖਰੀਦ ਨਾਲ ਸਮੁੱਚੇ ਪੰਜਾਬ ਦੀ ਕਿਸਾਨੀ ਅਤੇ ਆਮ ਲੋਕਾਂ 'ਤੇ ਬਹੁਤ ਵੱਡਾ ਪ੍ਰਭਾਵ ਪਵੇਗਾ, ਕਿਉਂਕਿ ਪੰਜਾਬ ਸਰਕਾਰ ਨੇ 50 ਹੋਰ ਸਾਈਲੋ ਖੋਲ੍ਹਣ ਦੀ ਮਨਜ਼ੂਰੀ ਅਗਲੇ ਸਾਲ ਤੱਕ ਦੇ ਦਿੱਤੀ ਹੈ।ਜਿਸ ਨਾਲ ਅਨਾਜ ਮੰਡੀਆਂ ਬੰਦ ਹੋ ਜਾਣਗੀਆਂ ਭਾਵੇਂ ਕੁਝ ਸਮੇਂ ਵਿੱਚ ਤਾਂ ਕਿਸਾਨਾਂ ਨੂੰ ਸਹੀ ਸਹੂਲਤਾਂ ਮਿਲ ਸਕਦੀਆਂ ਹੈ ਪਰ ਲੰਬੇ ਸਮੇਂ ਲਈ ਕਾਰਪੋਰੇਟ ਘਰਾਣੇ ਅਨਾਜ ਖਰੀਦਣ ਲਈ ਕੋਈ ਵੀ ਸਹੂਲਤਾਂ ਦੇਣ ਤੋਂ ਆਮ ਕਿਸਾਨਾਂ ਨੂੰ ਵਾਂਝੇ ਕਰ ਦੇਣਗੇ। ਸੋ ਇਲਾਕੇ ਦੇ ਕਿਸਾਨ ਵੀਰਾਂ, ਮਜ਼ਦੂਰਾਂ, ਆੜ੍ਹਤੀਆਂ, ਟਰਾਂਸਪੋਰਟ ਦੇ ਧੰਦੇ ਨਾਲ ਜੁੜੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 8 ਅਪ੍ਰੈਲ ਨੂੰ ਮੋਹਾਲੀ ਵਿਖੇ ਕਿਸਾਨਾਂ ਦਾ ਵਿਸ਼ਾਲ ਇਕੱਠ ਹੋਵੇਗਾ। ਸੋ ਇਸ ਵਿੱਚ ਸਾਰੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਤੇ ਆਗੂਆਂ ਨੇ ਕਿਸਾਨ ਇਕਾਈਆਂ ਨੂੰ ਸੱਦਾ ਦਿੱਤਾ ਕਿ ਉਹ ਕਿਸਾਨਾਂ ਨੂੰ ਲਾਮਬੰਦ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡਣ। ਇਸ ਨਾਦਰਸ਼ਾਹੀ ਫਰਮਾਨ ਖਿਲਾਫ ਜੁਝਾਰੂ ਘੋਲ ਆਰੰਭਿਆ ਜਾਵੇਗਾ।

# ਦੁਨੀਆ ਨੂੰ ਉਸ ਦੀ ਤਸਵੀਰ ਦਰਸਾਉਂਦੇ ਦੋ ਨਾਟਕ 'ਯੇ ਕੈਸੀ ਨੌਟੰਕੀ' ਤੇ 'ਏਕ-ਅਨੇਕ'



ਜਦ ਵੀ ਕਿਸੇ ਨਾਟਕ ਦਾ ਲੇਖਨ ਅਤੇ ਨਿਰਦੇਸ਼ਨ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਜਾਨ ਪਾਉਣਾ ਇੱਕ ਕਲਾਕਾਰ ਲਈ ਬਹੁਤ ਜ਼ਰੂਰੀ ਕੰਮ ਬਣ ਜਾਂਦਾ ਹੈ, ਕਿਉਂਕਿ ਕਹਾਣੀ ਅਤੇ ਨਿਰਦੇਸ਼ਨ ਭਾਵੇਂ ਕਿੰਨੇ ਵੀ ਵਧੀਆ ਤੋਂ ਵਧੀਆ ਹੀ ਕਿਉਂ ਨਾ ਹੋਣ, ਪਰ ਜੇਕਰ ਅਦਾਕਾਰ ਦੇ ਕੰਮ ਵਿੱਚ ਕੋਈ ਜਾਨ ਹੀ ਨਾ ਹੋਵੇ ਤਾਂ ਉਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸੇ ਤਰ੍ਹਾਂ ਜਦ ਕੋਈ ਅਦਾਕਾਰ ਉਸ ਦੇ ਲਈ ਆਪਣੀ ਪੂਰੀ ਜਾਨ ਪਾ ਦੇਵੇ ਤਾਂ ਫਿਰ ਉਹੀ ਨਾਟਕ ਲੋਕਾਂ ਦੀਆਂ ਤਾੜੀਆਂ ਦਾ ਪਾਤਰ ਬਣ ਜਾਂਦਾ ਹੈ। ਅਜਿਹੇ ਕੁਝ ਨਿਰਦੇਸ਼ਕ ਅਤੇ ਅਦਾਕਾਰ ਹਨ, ਜੋ ਕਿ ਆਪਣੀ ਕਹਾਣੀ, ਨਿਰਦੇਸ਼ਨ, ਨਿਰਮਾਣ ਅਤੇ ਅਦਾਕਾਰੀ ਨੂੰ ਮੰਚ ਉੱਤੇ ਪੇਸ਼ ਕਰਨ ਲਈ ਤਿਆਰ ਰਹਿੰਦੇ ਹਨ, ਕਿਉਂਕਿ ਕਲਾਕਾਰੀ ਹੀ ਉਨ੍ਹਾਂ ਦੀ ਜ਼ਿੰਦਗੀ ਬਣ ਜਾਂਦੀ ਹੈ। ਇਨ੍ਹਾਂ ਕਲਾਕਾਰਾਂ ਦੇ ਸਨਮਾਨ ਦੀ ਖਾਤਰ ਹੀ ਵੱਖ-ਵੱਖ ਤਰ੍ਹਾਂ ਦੇ ਆਯੋਜਨ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਪ੍ਰਕਾਰ ਦੇ ਨਾਟਕਾਂ ਨੂੰ ਵਿਖਾਇਆ ਜਾਂਦਾ ਹੈ।

ਇਸੇ ਤਰ੍ਹਾਂ ਬੀਤੇ ਸ਼ਨੀਵਾਰ ਵਿਰਸਾ ਵਿਹਾਰ ਜਲੰਧਰ ਅਤੇ ਸਟਾਈਲ ਆਰਟਸ ਜਲੰਧਰ ਨੇ ਨਿਰਦੇਸ਼ਕ ਨੀਰਜ ਕੌਸ਼ਿਕ ਦੇ ਦੋ ਹਿੰਦੀ ਨਾਟਕਾਂ (ਜਿਨ੍ਹਾਂ ਵਿੱਚ ਇੱਕ ਪਾਤਰੀ ਨਾਟਕ ਅਤੇ ਦੋ ਪਾਤਰੀ ਕਾਵਿਆਤਮਕ ਨਾਟਕ) ਨੂੰ ਪੇਸ਼ ਕੀਤਾ। ਪਹਿਲੇ ਨਾਟਕ (ਯੇ ਕੈਸੀ ਨੌਟੰਕੀ) ਦੀ ਗੱਲ ਕਰੀਏ ਤਾਂ ਇਸ ਵਿੱਚ ਸਮਾਜ ਵਿੱਚ ਵਸੀ ਨੌਟੰਕੀ ਨੂੰ ਦਰਸਾਇਆ ਗਿਆ ਹੈ। 10 ਮਿੰਟ ਦੇ ਇਸ ਛੋਟੇ ਜਿਹੇ ਨਾਟਕ ਨੂੰ ਕਿਤੇ ਨਾ ਕਿਤੇ ਅਦਾਕਾਰਾ ਸੋਨੀਆ ਚੌਹਾਨ ਨੇ ਬਹੁਤ ਹੀ ਵਧੀਆ ਢੰਗ ਨਾਲ ਨਿਭਾਇਆ ਹੈ, ਕਿਉਂਕਿ ਛੋਟੇ ਹੁੰਦੇ ਹੋਏ ਵੀ ਨਾਟਕ ਵਿੱਚ ਜੋ ਸਮਾਜ ਦੀਆਂ ਗੱਲਾਂ ਪੇਸ਼ ਕਰਨੀਆਂ ਸਨ, ਉਹ ਏਨਾ ਵੀ ਅਸਾਨ ਨਹੀਂ ਸੀ, ਪਰ ਅਦਾਕਾਰਾ ਨੇ ਜਿਸ ਪ੍ਰਕਾਰ ਉਨ੍ਹਾਂ ਨੌਟੰਕੀਆਂ ਨੂੰ ਆਪਣੀਆਂ ਗੱਲਾਂ ਰਾਹੀਂ ਮੰਚ ਉੱਤੇ ਪੇਸ਼ ਕੀਤਾ ਹੈ, ਉਸ ਦੀ ਜਿੰਨੀ ਵੀ ਤਰੀਫ਼ ਕੀਤੀ ਜਾਵੇ, ਉਹ ਘੱਟ ਹੈ। ਹੁਣ ਦੂਜੇ ਕਾਵਿਆਤਮਕ ਨਾਟਕ (ਏਕ-ਅਨੇਕ) ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ ਵੀ ਕੋਈ ਕਹਾਣੀ ਨਹੀਂ, ਬਲਕਿ ਦੋ ਕਿਰਦਾਰਾਂ ਰਾਹੀਂ ਕਾਵਿਆਤਮਕ ਢੰਗ ਨਾਲ ਦੇਸ਼ ਵਿੱਚ ਪਹਿਲਾਂ ਤੋਂ ਲੈ ਕੇ ਹੁਣ ਤੱਕ ਵਸਦੀ ਲਾਚਾਰੀ, ਲੁੱਟ, ਤਾਨਾਸ਼ਾਹੀ, ਸੰਘਰਸ਼ ਅਤੇ ਇਨ੍ਹਾਂ ਦਾ ਸਾਹਮਣਾ ਕਰਦੇ ਹੋਏ ਖੁਦ ਵਿੱਚ ਅੱਗੇ ਵਧਣ ਦੇ ਜਜ਼ਬੇ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ ਹੈ। ਇਹ ਨਾਟਕ ਨਾ ਜ਼ਿਆਦਾ ਲੰਮਾ ਹੈ ਅਤੇ ਨਾ ਜ਼ਿਆਦਾ ਛੋਟਾ, ਪਰ ਜਦ ਵੀ ਕੋਈ ਇਸ ਨੂੰ ਧਿਆਨ ਨਾਲ ਦੇਖਦਾ ਹੈ ਤਾਂ ਵੇਖਦਾ ਹੀ ਰਹਿ ਜਾਂਦਾ ਹੈ। ਨਾਟਕ ਵਿੱਚ ਇਹ ਕਿਹਾ ਗਿਆ ਹੈ ਕਿ ਜਦ ਅੰਗਰੇਜ਼ਾਂ ਦੀ ਹਕੂਮਤ ਪੂਰੇ ਭਾਰਤ ਵਿੱਚ ਛਾਈ ਹੋਈ ਸੀ, ਤਾਂ ਦੇਸ਼ ਨੂੰ ਉਸ ਦੀ ਗੁਲਾਮੀ ਝੇਲਣੀ ਪੈ ਰਹੀ ਸੀ ਅਤੇ ਹੁਣ ਜਦ ਦੇਸ਼ ਅਜ਼ਾਦ ਹੋ ਚੁੱਕਾ ਹੈ ਤਾਂ ਉਨ੍ਹਾਂ ਮੰਤਰੀਆਂ ਦੀ ਗੁਲਾਮੀ ਵੀ ਸਾਨੂੰ ਹੀ ਝੇਲਣੀ ਪੈਂਦੀ ਹੈ, ਜਿਸ ਦੀ ਚੋਣ ਵੀ ਇਹੋ ਹੱਥ ਹੀ ਕਰਦੇ ਹਨ। ਇੱਕ ਹੱਥ ਤੋਂ ਬਣਾ ਰਹੇਂ ਹਾਂ ਅਤੇ ਦੂਜੇ ਤੋਂ ਦਬਾਅ ਰਹੇ ਹਾਂ। ਕਰਨ ਵਾਲੇ ਵੀ ਅਸੀਂ ਅਤੇ ਜਲਾਉਣ ਵਾਲੇ ਵੀ ਅਸੀਂ। ਦੋਹਾਂ ਨਾਟਕਾਂ ਦਾ ਸੁਨੇਹਾ ਵੈਸੇ ਤਾਂ ਵੱਖਰਾ ਹੈ, ਪਰ ਕਿਤੇ ਨਾ ਕਿਤੇ ਕੁਝ ਹੱਦ ਤੱਕ ਇੱਕੋ ਜਿਹਾ ਹੀ ਲੱਗ ਰਿਹਾ ਹੈ, ਕਿਉਂਕਿ ਪਹਿਲੇ ਵਿੱਚ ਜਿੱਥੇ ਦੁਨੀਆ ਵਿੱਚ ਚਲਦੀ ਨੌਟੰਕੀ ਨੂੰ ਸਮਝਣ ਲਈ ਕਿਹਾ ਗਿਆ ਹੈ, ਉੱਥੇ ਹੀ ਦੂਜੇ ਨਾਟਕ ਵਿੱਚ ਮੰਚ ਉੱਤੇ ਆਪਣੇ ਹੱਥੋਂ ਬਣਾਈ ਗੁਲਾਮੀ ਦੀ ਦੁਨੀਆ ਤੋਂ ਬਾਹਰ ਆਉਣ ਦਾ ਰਾਹ ਲੋਕਾਂ ਨੂੰ ਦਿਖਾਇਆ ਗਿਆ ਏ।

ਹੁਣ ਜੇਕਰ ਕਿਰਦਾਰਾਂ ਦੀ ਗੱਲ ਕਰੀਏ ਤਾਂ ਪਹਿਲੇ ਨਾਟਕ ਦੀ ਅਦਾਕਾਰ ਸੋਨਲ ਚੌਹਾਨ ਨੇ ਨਾਟਕ ਨੂੰ ਸਮਝਿਆ, ਪਰਖਿਆ ਤੇ ਜਾਣਿਆ ਹੈ ਅਤੇ ਇਹ ਵੀ ਪਤਾ ਲੱਗਾ ਹੈ ਕਿ ਉਹਨਾ ਇਹ ਨਾਟਕ ਇੱਕੋ ਦਿਨ ਵਿੱਚ ਹੀ ਨਿਰਦੇਸ਼ਕ ਨਾਲ ਮਿਲ ਕੇ ਪੂਰੇ ਜੋਸ਼ ਨਾਲ ਪੇਸ਼ ਕੀਤਾ ਏ। ਦੂਜੇ ਨਾਟਕ ਦੇ 2 ਅਦਾਕਾਰਾਂ ਦੀ ਗੱਲ ਕਰੀਏ ਤਾਂ ਸੁਰਿੰਦਰਪਾਲ ਸਿੰਘ ਅਤੇ ਆਰੂਸ਼ੀ ਘਈ ਨੇ ਉਨ੍ਹਾਂ ਦੇ ਕਿਰਦਾਰਾਂ ਰਾਹੀਂ ਕਿਤੇ ਨਾ ਕਿਤੇ ਦਰਸ਼ਕਾਂ ਨੂੰ ਆਪਣੇ ਨਾਲ ਬੰਨ੍ਹ ਲਿਆ। ਇਹੀ ਤਾਂ ਅਦਾਕਾਰਾਂ ਦਾ ਸਭ ਤੋਂ ਮੁੱਖ ਕੰਮ ਅਤੇ ਨਿਰਦੇਸ਼ਕ ਦੀ ਅਸਲ ਜਿੱਤ ਹੁੰਦੀ ਹੈ। ਨਿਰਦੇਸ਼ਨ ਦੀ ਗੱਲ ਕਰੀਏ ਤਾਂ ਨੀਰਜ ਕੌਸ਼ਿਕ ਨੇ ਕਿਸੇ ਤਰ੍ਹਾਂ ਲੋਕਾਂ ਸਾਹਮਣੇ ਉਹਨਾਂ ਦੀ ਹੀ ਤਸਵੀਰ ਹੀ ਪੇਸ਼ ਕੀਤੀ ਹੈ, ਜਿਸ ਵਿੱਚ ਉਹ ਪੂਰੀ ਤਰ੍ਹਾਂ ਸਫ਼ਲ ਰਹੇ ਹਨ। ਅਸਲ ਵਿੱਚ ਜਲੰਧਰ 'ਚ ਵੈਸੇ ਵੀ ਨਾਟਕ ਘਟ ਗਏ ਹਨ, ਪਰ ਹੁਣ ਇਹਨਾਂ ਨਾਟਕਾਂ ਨਾਲ ਉਮੀਦ ਹੀ ਨਹੀਂ, ਬਲਕਿ ਯਕੀਨ ਹੁੰਦਾ ਜਾ ਰਿਹਾ ਹੈ ਕਿ ਜਲਦੀ ਨਾ ਸਹੀ, ਪਰ ਹੌਲੀ-ਹੌਲੀ ਮੁੜ ਤੋਂ ਸ਼ਹਿਰ ਵਿੱਚ ਨਾਟਕਾਂ ਦੀ ਲੜੀ ਲਗਦੀ ਜਾਵੇਗੀ।

-ਪ੍ਰਿੰਸ ਬਰਾੜ

# ਕਮਿਸ਼ਨਰੇਟ ਪੁਲਸ ਨੇ ਐਮਰਜੈਂਸੀ ਮੌਕ ਡਰਿੱਲ ਕਰਵਾਈ



ਜਲੰਧਰ ( **ਸ਼ੈਲੀ ਐਲਬਰਟ**)-ਆਗਾਮੀ ਲੋਕ ਸਭਾ ਚੋਣਾਂ ਦੀ ਤਿਆਰੀ ਲਈ ਜਲੰਧਰ ਕਮਿਸ਼ਨਰੇਟ ਪੁਲਸ ਨੇ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਆਮ ਚੋਣਾਂ ਤੋਂ ਪਹਿਲਾਂ ਐਮਰਜੈਂਸੀ ਮੌਕ ਡਰਿੱਲ ਕੀਤੀ।ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਸ ਕਮਿਸ਼ਨਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਸ ਆਉਣ ਵਾਲੀਆਂ 2024 ਦੀਆਂ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਦੱਸਿਆ ਕਿ ਅੱਜ ਸੀਨੀਅਰ ਅਧਿਕਾਰੀਆਂ ਦੀ ਨਿਗਰਾਨੀ ਹੇਠ ਫੇਕ ਐਮਰਜੈਂਸੀ ਕਾਲ ਟੈਸਟ ਪੁਲਸ ਰਿਸਪਾਂਸ ਕੀਤਾ ਗਿਆ। ਸਵਪਨ ਸ਼ਰਮਾ ਨੇ ਕਿਹਾ ਕਿ ਇਸ ਅਭਿਆਸ ਦਾ ਉਦੇਸ਼ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਵੱਖ-ਵੱਖ ਪੁਲਸ ਯੂਨਿਟਾਂ ਦੀ ਤਿਆਰੀ ਅਤੇ ਤਾਲਮੇਲ ਦਾ ਮੁਲਾਂਕਣ ਕਰਨਾ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਏ.ਸੀ.ਪੀਜ਼, ਐਸ.ਐਚ.ਓਜ਼, ਈ.ਆਰ.ਐਸ., ਆਈ.ਸੀ.ਸੀ.ਸੀ., ਫਲਾਇੰਗ ਸਕੁਐਡ ਟੀਮਾਂ ਅਤੇ ਸਟੈਟਿਕ ਸਰਵੀਲੈਂਸ ਟੀਮਾਂ ਸਮੇਤ ਸਾਰੀਆਂ ਮੁੱਖ ਇਕਾਈਆਂ ਇਸ ਅਭਿਆਸ ਦਾ ਹਿੱਸਾ ਸਨ। ਉਨ੍ਹਾਂ ਦੱਸਿਆ ਕਿ ਐਤਵਾਰ ਨੂੰ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਪੀ.ਐਨ.ਬੀ.ਚੌਂਕ, ਜਲੰਧਰ ਵਿਖੇ 150-200 ਲੋਕਾਂ ਦੇ ਇਕੱਠ ਦੀ ਰਿਪੋਰਟ ਕਰਨ ਵਾਲੀ ਇੱਕ ਵਾਇਰਲੈੱਸ ਕਾਲ ਦੀ ਕਵਾਇਦ ਦੇ ਹਿੱਸੇ ਵਜੋਂ ਕੀਤੀ ਗਈ ਸੀ। ਸ਼ਰਮਾ ਨੇ ਦੱਸਿਆ ਕਿ ਦੋ ਮਿੰਟਾਂ ਦੇ ਅੰਦਰ ਦੋ ਐਮਰਜੈਂਸੀ ਰਿਸਪਾਂਸ ਗੱਡੀਆਂ ਘਟਨਾ ਸਥਾਨ 'ਤੇ ਪਹੁੰਚ ਗਈਆਂ, ਜਿਸ ਤੋਂ ਬਾਅਦ ਏ ਸੀ ਪੀ ਸੈਂਟਰਲ, ਐਸ ਐਚ ਓ ਪੀ ਐਸ ਡਵੀਜ਼ਨ 4 ਅਤੇ ਪੰਜ ਮਿੰਟਾਂ ਵਿੱਚ ਤਿੰਨ ਵਾਧੂ ਈ.ਆਰ.ਵੀ. ਮੌਕੇ 'ਤੇ ਪਹੁੰਚ ਗਏ ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਕਾਲ ਦੇ 10 ਮਿੰਟਾਂ ਦੇ ਅੰਦਰ, ਏ ਸੀ ਪੀ ਟ੍ਰੈਫਿਕ, ਆਈ/ਸੀ ਈ ਆਰ ਐਸ, ਐਸ ਐਚ ਓ ਪੀ ਐਸ ਡਵੀਜ਼ਨ 2, ਐਸ ਐਚ ਓ ਪੀ ਐਸ ਡਵੀਜ਼ਨ 3, ਐਸ ਐਚ ਓ ਪੀ ਐਸ ਨਵੀਂ ਬਾਰਾਦਰੀ, ਛੇ ਈ ਆਰ ਵੀ ਅਤੇ ਦੋ ਐਫ ਐਸ ਟੀ ਟੀਮਾਂ ਲਗਭਗ 100 ਪੁਲਸ ਅਧਿਕਾਰੀਆਂ ਨਾਲ ਪਹੁੰਚ ਗਈਆਂ। ਸਵਪਨ ਸ਼ਰਮਾ ਨੇ ਕਿਹਾ ਕਿ ਮੌਕ ਡਰਿੱਲ ਦੌਰਾਨ ਦਿਖਾਇਆ ਗਿਆ ਤੁਰੰਤ ਅਤੇ ਤਾਲਮੇਲ ਵਾਲਾ ਜਵਾਬ ਐਮਰਜੈਂਸੀ ਸਥਿਤੀਆਂ ਨੂੰ ਤੇਜ਼ੀ ਨਾਲ ਹੱਲ ਕਰਨ, ਚੋਣਾਂ ਦੌਰਾਨ ਜਨਤਕ ਸੁਰੱਖਿਆ ਅਤੇ ਸੁਰੱਖਿਆ ਵਿੱਚ ਯੋਗਦਾਨ ਪਾਉਣ ਵਿੱਚ ਪੁਲਿਸ ਵਿਭਾਗ ਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦਾ ਹੈ।

# ਈਸਟਰ ਦੇ ਸੰਬੰਧ 'ਚ ਕੈਂਡਲ ਮਾਰਚ ਤੇ ਪ੍ਰਾਰਥਨਾ ਸਭਾਵਾਂ



**ਜਲੰਧਰ (ਸ਼ੈਲੀ ਐਲਬਰਟ )**-ਐਤਵਾਰ ਵੱਖ-ਵੱਖ ਚਰਚਾਂ ਵਿੱਚ ਪ੍ਰਭੂ ਯਿਸੂ ਮਸੀਹ ਦੇ ਜੀਅ ਉਠਣ ਦੇ ਦਿਨ ਈਸਟਰ ਦੇ ਪਵਿੱਤਰ ਦਿਹਾੜੇ ਦੇ ਸੰਬੰਧ ਵਿੱਚ ਕੈਂਡਲ ਮਾਰਚ ਅਤੇ ਕੈਂਡਲ ਪ੍ਰਾਰਥਨਾ ਸਭਾਵਾਂ ਦਾ ਅਯੋਜਨ ਕੀਤਾ ਗਿਆ, ਜਿਸ ਦੇ ਤਹਿਤ ਸੁਰਾਨੂੰਸੀ ਦੇ ਗੁੱਡ ਸ਼ੈਫਰਡ ਚਰਚ ਵਿੱਚ ਵੀ ਕੈਂਡਲ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਮਸੀਹ ਭਾਈਚਾਰੇ ਨੇ ਜਗਦੀਆਂ ਮੋਮਬੱਤੀਆਂ ਨਾਲ ਹਿੱਸਾ ਲਿਆ। ਇਸ ਮੌਕੇ ਪਾਸਟਰ, ਜੌਨ ਪੀਟਰ ਨੇ ਈਸਟਰ ਦੇ ਪਵਿੱਤਰ ਦਿਹਾੜੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਵਿੱਤਰ ਦਿਹਾੜੇ 'ਤੇ ਪ੍ਰਭੂ ਯਿਸੂ ਮਸੀਹ ਮੁਰਦਿਆਂ ਵਿਚੋਂ ਜ਼ਿੰਦਾ ਹੋਏ ਸਨ ਤੇ 40 ਦਿਨ ਧਰਤੀ 'ਤੇ ਬਹੁਤ ਸਾਰੇ ਲੋਕਾਂ ਨੂੰ ਦਿਖਾਈ ਦਿੱਤੇ।

ਇਸ ਮੌਕੇ ਈਸਟਰ ਦੇ ਪਵਿੱਤਰ ਦਿਹਾੜੇ ਦੇ ਸੰਬੰਧ ਵਿੱਚ ਨਾਟਕ ਵੀ ਖੇਡਿਆ ਗਿਆ ਅਤੇ ਭਜਨ ਮੰਡਲੀਆਂ ਨੇ ਮਸੀਹੀ ਭਜਨ ਪੇਸ਼ ਕਰ ਕੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਕੀਤੀ। ਪ੍ਰਾਰਥਨਾ ਸਭਾ ਤੋਂ ਬਾਅਦ ਪ੍ਰੀਤੀ ਭੋਜ ਦਾ ਆਯੋਜਨ ਵੀ ਕੀਤਾ ਗਿਆ।

# ਸੀ ਪੀ ਐੱਮ ਵੱਲੋਂ 11 ਨੂੰ ਵਿਸ਼ਾਲ ਚੋਣ ਰੈਲੀ ਬੰਡਾਲਾ ਮੰਜਕੀ ਵਿਖੇ ਕੀਤੀ ਜਾਵੇਗੀ : ਜੌਹਲ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਸੀਪੀਆਈ ( ਐਮ ) ਦੇ ਨੂਰਮਹਿਲ ਦਫ਼ਤਰ ਵਿਖੇ ਪਾਰਟੀ ਦੀ ਜ਼ਿਲ੍ਹਾ ਜਲੰਧਰ - ਕਪੂਰਥਲਾ ਦੇ ਸਾਥੀਆਂ ਦੀ ਜਨਰਲ ਬਾਡੀ ਮੀਟਿੰਗ ਕਾਮਰੇਡ ਗੁਰਮੇਲ ਸਿੰਘ ਨਾਹਲ , ਕਾਮਰੇਡ ਪਿਆਰਾ ਸਿੰਘ ਲਸਾੜਾ ਅਤੇ ਮਾਸਟਰ ਮੂਲ ਚੰਦ ਸਰਹਾਲੀ ਦੀ ਪ੍ਰਧਾਨਗੀ ਹੇਠ ਹੋਈ । ਸੀ ਪੀ ਆਈ ( ਐਮ ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਦੇਸ਼ ਅੰਦਰ ਲੋਕ ਸਭਾ ਚੋਣਾਂ ਲਈ 44 ਪਾਰਟੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਗਈ ਹੈ। ਲੋਕ ਸਭਾ ਹਲਕਾ ਜਲੰਧਰ ਤੋਂ ਸੀ ਪੀ ਆਈ ( ਐਮ ) ਦੇ ਉਮੀਦਵਾਰ ਮਾਸਟਰ ਪਰਸ਼ੋਤਮ ਲਾਲ ਬਿਲਗਾ ਦੇ ਹੱਕ ਵਿੱਚ ਚੋਣ ਮੁਹਿੰਮ ਨੂੰ ਤੇਜ਼ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਹਲਕਾ ਜਲੰਧਰ ਤੋਂ ਇਲੈਕਸ਼ਨ ਮੁਹਿੰਮ ਕਮੇਟੀ ਦੇ ਸੰਚਾਲਨ ਲਈ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ ਨੂੰ ਕਨਵੀਨਰ ਬਣਾਇਆ ਗਿਆ ਹੈ ।ਇਸ ਤਰ੍ਹਾਂ ਇਲੈਕਸ਼ਨ ਮੁਹਿੰਮ ਚਲਾਉਣ ਲਈ ਵਿਧਾਨ ਸਭਾ ਹਲਕਿਆਂ ਅਨੁਸਾਰ ਹੋਰ ਕਮੇਟੀਆਂ ਦਾ ਜਲਦ ਗਠਨ ਕੀਤਾ ਜਾਵੇਗਾ। ਕਾਮਰੇਡ ਸੇਖੋਂ ਨੇ ਦੱਸਿਆ ਕਿ 11 ਅਪ੍ਰੈਲ ਨੂੰ ਪ੍ਰਸਿੱਧ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਜੱਦੀ ਪਿੰਡ ਬੰਡਾਲਾ ਵਿਖੇ ਪੰਜਾਬ ਪੱਧਰ ਦੀ ਵਿਸ਼ਾਲ ਚੋਣ ਰੈਲੀ ਕਰਕੇ ਮਾਸਟਰ ਪਰਸ਼ੋਤਮ ਬਿਲਗਾ ਦੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਜਾਵੇਗਾ। ਇਹ ਦਿਨ ਕਾਮਰੇਡ ਸੁਰਜੀਤ ਨੂੰ ਸਮਰਪਤ ਹੋਵੇਗਾ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਸਥਾਪਨਾ ਦਿਵਸ ਵਜੋਂ ਮਨਾਇਆ ਜਾਵੇਗਾ। ਕਾਮਰੇਡ ਨੇ ਸੰਬੋਧਨ ਕਰਦੇ ਹੋਏ ਇਹ ਵੀ ਐਲਾਨ ਕੀਤਾ ਕਿ ਸੀ ਪੀ ਆਈ ( ਐਮ ) ਜਲੰਧਰ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਇਲਾਵਾ ਇੱਕ ਹੋਰ ਲੋਕ ਸਭਾ ਸੀਟ ਸਮੇਤ ਤਿੰਨ ਲੋਕ ਸਭਾ ਤੋਂ ਚੋਣ ਲੜੇਗੀ ਅਤੇ ਬਾਕੀ ਦੋ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਜਲਦ ਜਾਰੀ ਕਰੇਗੀ। ਇਸ ਤਰ੍ਹਾਂ ਸੀ ਪੀ ਆਈ ( ਐਮ ) ਪੰਜਾਬ ਅੰਦਰ ਇੰਡੀਆ ਬਲਾਕ ਦੀ ਜਿੱਤ ਲਈ ਅਤੇ ਬੀ ਜੇ ਪੀ ਦੀ ਫਿਰਕੂ ਤੇ ਕਾਰਪੋਰੇਟ ਪੱਖੀ ਸਰਕਾਰ ਨੂੰ ਹਰਾਉਣ ਲਈ ਚੋਣ ਮੁਹਿੰਮ ਲਾਮਬੰਦ ਕਰੇਗੀ ।ਕਾਮਰੇਡ ਸੁਖਪ੍ਰੀਤ ਸਿੰਘ ਜੌਹਲ, ਕ੍ਰਿਸ਼ਨਾ ਕੁਮਾਰੀ, ਮਾਸਟਰ ਪਰਸ਼ੋਤਮ ਬਿਲਗਾ, ਕਾਮਰੇਡ ਸੁਖਵਿੰਦਰ ਨਾਗੀ, ਵਰਿੰਦਰਪਾਲ ਸਿੰਘ ਕਾਲਾ, ਜਸਕਰਨ ਕੰਗ, ਸੁਖਵੀਰ ਸੁੱਖੀ, ਕਾਮਰੇਡ ਬਨਾਰਸੀ ਦਾਸ, ਕਾਮਰੇਡ ਪ੍ਰਕਾਸ਼ ਕਲੇਰ, ਮਾਸਟਰ ਮਹਿੰਦਰ ਜਲੰਧਰ, ਕਾਮਰੇਡ ਸੁਰਿੰਦਰ ਸਿੰਘ ਰਸੀਲਾ, ਕਾਮਰੇਡ ਪਿਆਰਾ ਸਿੰਘ ਲਸਾੜਾ, ਮਾਸਟਰ ਮੂਲ ਚੰਦ ਸਰਹਾਲੀ, ਕਾਮਰੇਡ ਗੁਰਮੇਲ ਸਿੰਘ ਨਾਹਲ, ਕਾਮਰੇਡ ਬਲਦੇਵ ਸਿੰਘ ਕਪੂਰਥਲਾ, ਕਾਮਰੇਡ ਪੂਨਮ, ਕਾਮਰੇਡ ਪ੍ਰਵੀਨ ਕੁਮਾਰ ਫਗਵਾੜਾ, ਕਾਮਰੇਡ ਸੋਢੀ ਲਾਲ ਉੱਪਲ ਤੇ ਹੋਰ ਪਾਰਟੀ ਆਗੂਆਂ ਵੱਲੋਂ ਮੀਟਿੰਗ ਨੂੰ ਸੰਬੋਧਨ ਕੀਤਾ ਗਿਆ।

# ਜੱਲੋਵਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਜੱਲਵਾਲ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਸਕੂਲ ਦੇ ਅਧਿਆਪਕ ਹਰਵਿੰਦਰ ਸਿੰਘ ਨੇ ਪੱਤਰਕਾਰ ਨਾਲ ਗੱਲਬਾਤ ਕਰਦੇ ਦੱਸਿਆ ਕਿ ਛੇਵੀਂ ਕਲਾਸ ਵਿੱਚੋਂ ਨਮਰਤਾ ਸੁਮਨ ਪਹਿਲੇ, ਸੌਰਬ ਸਾਗਰ ਦੂਜੇ, ਸੋਨਮ ਤੀਜੇ ਸਥਾਨ 'ਤੇ ਰਹੇ। ਸੱਤਵੀਂ ਦੇ ਜਸਮੀਤ ਕੌਰ ਪਹਿਲੇ, ਹਰਜਾਪ ਜੱਸਲ ਦੂਜੇ, ਸ਼ੁਭਮ ਤੀਜੇ ਸਥਾਨ 'ਤੇ ਰਹੇ । ਨੌਵੀਂ ਏ ਪਹਿਲੇ ਸਥਾਨ 'ਤੇ ਹਰਦੀਪ ਕੌਰ ਤੇ ਪ੍ਰੀਆ ਤੇ ,ਸਿਮਰਨ ਦੂਜੇ, ਰਾਧਿਕਾ ਤੀਜੇ ਸਥਾਨ 'ਤੇ ਰਹੇ । ਨੌਵੀਂ ਬੀ ਪਨੀਤ ਕੁਮਾਰ ਪਹਿਲੇ, ਰਾਮਪਾਲ ਦੂਜੇ, ਰਾਜਪ੍ਰੀਤ ਤੀਜੇ ਸਥਾਨ 'ਤੇ ਰਹੇ। ਗਿਆਰ੍ਹਵੀਂ ਕਲਾਸ ਅਮਰਤਾ ਸੁਮਨ ਪਹਿਲੇ , ਗਗਨਦੀਪ ਕੌਰ ਦੂਜੇ ਤੇ ਮਮਤਾ ਤੀਜੇ ਸਥਾਨ 'ਤੇ ਰਹੀ। ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਪਹਿਲੇ, ਦੂਜੇ, ਤੀਜੇ ਅਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਹਰਵਿੰਦਰ ਸਿੰਘ, ਭੁਪਿੰਦਰ ਪਾਲ, ਤਰਨਜੀਤ ਸਿੰਘ, ਬਲਦੇਵ ਕੁਮਾਰ, ਅਸ਼ੋਕ ਕੁਮਾਰ, ਬਲਵਿੰਦਰ ਕੁਮਾਰ, ਵਨੀਤਾ ਕੌਸ਼ਲ, ਪਰਵੀਨ ਕੁਮਾਰੀ, ਅਮਨਦੀਪ ਕੌਰ, ਬਲਵਿੰਦਰ ਕੌਰ, ਸੁਨੀਤਾ ਦੇਵੀ, ਰਣਜੀਤ ਕੌਰ, ਉਘੇ ਸਮਾਜ ਸੇਵਕ ਕੁਲਵੰਤ ਸਿੰਘ ਸੈਣੀ ਜੱਲੋਵਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਤਾ ਪਿਤਾ ਅਤੇ ਅਧਿਆਪਕ ਹਾਜ਼ਰ ਸਨ।

# ਸੰਤਾਂ ਦੁਆਰਾ ਕੀਤਾ ਜਾ ਰਿਹਾ ਨਿਰਮਾਣ ਸ਼ਲਾਘਾਯੋਗ : ਸਾਂਝਾ ਕਿਸਾਨ-ਮਜ਼ਦੂਰ ਮੋਰਚਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਅਨੰਦਪੁਰ ਸਾਹਿਬ ਵਾਇਆ ਪੋਜੇਵਾਲ ਸਰਾਂ ਜਾਣ ਵਾਲਾ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਜੋ ਪਿਛਲੇ ਕਾਫ਼ੀ ਅਰਸੇ ਤੋਂ ਨਜਾਇਜ਼ ਮਾਈਨਿੰਗ ਕਰਕੇ ਟੁੱਟ ਭੱਜ ਦਾ ਸ਼ਿਕਾਰ ਹੋਇਆ ਅਤੇ ਸਰਕਾਰਾਂ ਦੇ ਅਣਦੇਖੀ ਕਾਰਨ ਨਿਰਮਾਣ ਕਾਰਜ ਸਿਰੇ ਨਾ ਚੜ੍ਹਨ ਕਰਕੇ ਲੋਕਾਂ ਲਈ ਜਾਨ ਦਾ ਖੌਅ ਬਣਿਆ ਹੋਇਆ ਸੀ ਨੂੰ ਮੁੱਖ ਰੱਖਦੇ ਹੋਏ ਸੰਤ ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਕਾਰ ਸੇਵਾ ਵਾਲਿਆਂ ਨੇ ਸੜਕ ਨੂੰ ਬਣਾਉਣ ਅਤੇ ਉਸ ਨੂੰ ਚੌੜਾ ਕਰਨ ਦਾ ਕੰਮ ਆਪਣੇ ਹੱਥਾਂ ਵਿੱਚ ਲਿਆ। ਸੰਗਤਾਂ ਦੇ ਸਹਿਯੋਗ ਨਾਲ ਸੜਕ ਦਾ ਕੰਮ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਮਹਾਨ ਕਾਰਜ ਦੀ ਅੱਜ ਸਾਂਝਾ ਕਿਸਾਨ ਮਜ਼ਦੂਰ ਮੋਰਚਿਆਂ ਦੀ ਟੀਮ ਵੱਲੋਂ ਉਥੇ ਪਹੁੰਚ ਕੇ ਸ਼ਲਾਘਾ ਕੀਤੀ ਗਈ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਕਾਰਜ ਵਿੱਚ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇ। ਇਸ ਮੌਕੇ ਕਿਸਾਨਾਂ, ਮਜ਼ਦੂਰ ਆਗੂਆਂ ਦੀ ਟੀਮ ਵੱਲੋਂ ਕਾਰ ਸੇਵਾ ਦੇ ਮੁਖੀ ਬਾਬਾ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਨ੍ਹਾਂ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਸਮੇਂ ਕਿਸਾਨ ਆਗੂ ਦਲਜੀਤ ਸਿੰਘ ਬੈਂਸ, ਕਰਨ ਸਿੰਘ ਰਾਣਾ, ਹਰਪਾਲ ਸਿੰਘ ਮੱਕੋਵਾਲ, ਸਾਥੀ ਪਰਮਿੰਦਰ ਮੇਨਕਾ, ਪ੍ਰੇਮ ਸਿੰਘ ਸਰਪੰਚ ਮੁੱਤੋਂਮੰਡ, ਜਸਵੰਤ ਸਿੰਘ ਭੱਡਲ, ਪਰਮਜੀਤ ਸਿੰਘ ਬੱਬਰ, ਇਕਬਾਲ ਸਿੰਘ ਖੇੜਾ, ਨਿਰਮਲ ਸਿੰਘ ਬੋੜਾ ਅਤੇ ਹਰਦੀਪ ਸਿੰਘ ਗਹੂੰਣ ਹਾਜ਼ਰ ਸਨ।

# ਸਕੂਲਾਂ 'ਚ ਨਵੇਂ ਦਾਖ਼ਲਿਆਂ ਦੌਰਾਨ ਵੋਟਰ ਜਾਗਰੂਕਤਾ



**ਜਲੰਧਰ, (ਸੁਰਿੰਦਰ ਕੁਮਾਰ)**-ਲੋਕ ਸਭਾ ਚੋਣਾਂ ਦੌਰਾਨ ਵੱਧ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾ ਕੇ ਜ਼ਿਲ੍ਹਾ ਜਲੰਧਰ ਵਿੱਚ 70 ਫੀਸਦੀ ਪੋਲਿੰਗ ਦੇ ਟੀਚੇ ਨੂੰ ਪਾਰ ਕਰਨ ਦੇ ਮਕਸਦ ਨਾਲ ਅੱਜ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚ ਨਵੇਂ ਦਾਖ਼ਲਿਆਂ ਦੌਰਾਨ ਲੋਕਾਂ ਨੂੰ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਜਾਗਰੂਕ ਕੀਤਾ ਗਿਆ। ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਤਹਿਤ ਲੋਕ ਸਭਾ ਹਲਕਾ ਜਲੰਧਰ ਅਧੀਨ ਆਉਂਦੇ ਸਮੂਹ ਵਿਧਾਨ ਸਭਾ ਹਲਕਿਆਂ ਵਿੱਚ ਕਰਵਾਈ ਗਈ ਇਸ ਗਤੀਵਿਧੀ ਤਹਿਤ ਵਿਦਿਆਰਥੀਆਂ ਦੇ ਮਾਪਿਆਂ ਤੇ ਹੋਰ ਪਰਵਾਰਕ ਮੈਂਬਰਾਂ ਨੂੰ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੇ ਵੋਟ ਦੇ ਹੱਕ ਦੀ ਵਰਤੋਂ ਬਿਨਾਂ ਕਿਸੇ ਡਰ ਅਤੇ ਲਾਲਚ ਦੇ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਆਪਣੇ ਘਰਾਂ, ਸੁਸਾਇਟੀਆਂ ਵਿੱਚ ਵੋਟਰ ਜਾਗਰੂਕਤਾ ਦਾ ਸੰਦੇਸ਼ ਫੈਲਾਉਣ ਲਈ ਵੀ ਉਤਸ਼ਾਹਤ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੂੰ ਵੋਟਰ ਹੈਲਪਲਾਈਨ ਮੋਬਾਇਲ ਐਪਲੀਕੇਸ਼ਨ, 1950 ਟੋਲ ਫ੍ਰੀ ਹੈਲਪਲਾਈਨ, ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਲੋਕ ਸਭਾ ਚੋਣਾਂ ਵਿੱਚ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੀ ਸਹੁੰ ਵੀ ਚੁਕਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਲੰਧਰ ਲੋਕ ਸਭਾ ਹਲਕੇ ਵਿੱਚ 70 ਫੀਸਦੀ ਵੋਟਿੰਗ ਦੇ ਟੀਚੇ ਨੂੰ ਪਾਰ ਕਰਨ ਲਈ ਵੱਡੇ ਪੱਧਰ 'ਤੇ ਵੋਟਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਵੋਟ ਦੇ ਅਧਿਕਾਰ ਦੇ ਇਸਤੇਮਾਲ ਬਾਰੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।

# ਪੰਜਾਬ ਦਾ ਹਵਾਬਾਜ਼ੀ ਖੇਤਰ ਤੇਜ਼ੀ ਨਾਲ ਤਰੱਕੀ ਕਰ ਰਿਹੈ: ਜੈਵੀਰ ਸ਼ੇਰਗਿੱਲ



**ਜਲੰਧਰ (ਸੁਰਿੰਦਰ ਕੁਮਾਰ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪੰਜਾਬ ਦਾ ਹਵਾਬਾਜ਼ੀ ਖੇਤਰ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਇਹ ਸ਼ਬਦ ਭਾਜਪਾ ਦੇ ਕੌਮੀ ਬੁਲਾਰੇ ਜੈਵੀਰ ਸ਼ੇਰਗਿੱਲ ਨੇ ਅੱਜ ਦਿੱਲੀ ਐਨ.ਸੀ.ਆਰ. ਹਿੰਡਨ ਤੋਂ ਆਦਮਪੁਰ ਲਈ ਰਵਾਨਾ ਹੋਈ ਪਹਿਲੀ ਉਡਾਣ ਰਾਹੀਂ ਆਦਮਪੁਰ ਪਹੁੰਚਣ ਉਪਰੰਤ ਕਹੇ।ਇਸ ਮੌਕੇ ਸ਼ੇਰਗਿੱਲ ਨੇ ਦੱਸਿਆ ਕਿ ਦਿੱਲੀ ਐਨ.ਸੀ.ਆਰ. ਹਿੰਡਨ ਤੋਂ ਆਦਮਪੁਰ ਲਈ ਉਡਾਣ ਸ਼ੁਰੂ ਹੋਣ ਨਾਲ ਅੱਜ ਦਾ ਦਿਨ ਇੱਕ ਇਤਿਹਾਸਕ ਦਿਨ ਹੋਣ ਦੇ ਨਾਲ-ਨਾਲ ਪੰਜਾਬ ਦੇ ਵਸਨੀਕਾਂ ਖਾਸ ਕਰਕੇ ਦੋਆਬਾ-ਜਲੰਧਰ ਅਤੇ ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ ਲਈ ਬਹੁਤ ਖੁਸ਼ੀ ਦਾ ਮੌਕਾ ਹੈ।ਸ਼ੇਰਗਿੱਲ ਨੇ ਕਿਹਾ ਕਿ ਕੇਂਦਰ ਸਰਕਾਰ ਤੋਂ ਇਸ ਉਡਾਣ ਨੂੰ ਸ਼ੁਰੂ ਕਰਨ ਦੀ ਕਾਫੀ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਭਾਜਪਾ ਬੁਲਾਰੇ ਨੇ ਖੁਲਾਸਾ ਕੀਤਾ ਕਿ ਆਦਮਪੁਰ ਹਵਾਈ ਅੱਡੇ 'ਤੇ ਨਵਾਂ ਟਰਮੀਨਲ 150 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਗਿਆ ਹੈ ਅਤੇ ਇੱਥੋਂ ਹਵਾਈ ਆਵਾਜਾਈ ਬਹੁਤ ਵਧੀਆ ਹੋਵੇਗੀ।ਸ਼ੇਰਗਿੱਲ ਨੇ ਦੱਸਿਆ ਕਿ ਲੋਕਾਂ ਦੀ ਪੁਰਜ਼ੋਰ ਮੰਗ ਦੇ ਮੱਦੇਨਜ਼ਰ ਉਨ੍ਹਾਂ ਨੇ ਇਸ ਉਡਾਣ ਨੂੰ ਸ਼ੁਰੂ ਕਰਵਾਉਣ ਲਈ ਪਹਿਲਕਦਮੀ ਵੀ ਕੀਤੀ ਸੀ ਅਤੇ ਦੋ-ਤਿੰਨ ਵਾਰ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੇ.ਐਮ ਸਿੰਧੀਆ ਨੂੰ ਵੀ ਮਿਲੇ ਸਨ ਤੇ ਉਨ੍ਹਾਂ ਨੂੰ ਇਸ ਸਬੰਧੀ ਮੰਗ ਪੱਤਰ ਵੀ ਦਿੱਤਾ ਸੀ। । ਇਸ ਦੌਰਾਨ ਉਨ੍ਹਾਂ ਨੇ ਮੰਗ 'ਤੇ ਵਿਚਾਰ ਕਰਨ ਅਤੇ ਇਸਨੂੰ ਜਲਦੀ ਸੰਭਵ ਬਣਾਉਣ ਲਈ ਸਿੰਧੀਆ ਦਾ ਧੰਨਵਾਦ ਕੀਤਾ।ਸ਼ੇਰਗਿੱਲ ਨੇ ਇਹ ਵੀ ਕਿਹਾ ਕਿ ਇਸ ਉਡਾਣ ਦੇ ਸ਼ੁਰੂ ਹੋਣ ਨਾਲ ਨਾ ਸਿਰਫ ਆਦਮਪੁਰ ਤੋਂ ਦਿੱਲੀ ਤੱਕ ਦੇ ਸਫਰ ਦੀ ਸਹੂਲਤ ਹੋਵੇਗੀ, ਸਗੋਂ ਆਦਮਪੁਰ ਤੋਂ ਨਾਂਦੇੜ ਸਾਹਿਬ, ਬੈਂਗਲੁਰੂ, ਮੁੰਬਈ ਅਤੇ ਜੈਪੁਰ ਵਿਚਕਾਰ ਸੰਪਰਕ ਸਥਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਇੱਕ ਬਹੁਤ ਹੀ ਮਹੱਤਵਪੂਰਨ ਕਦਮ ਹੈ, ਕਿਉਂਕਿ ਇਹ ਵਪਾਰੀਆਂ, ਸੈਰ ਸਪਾਟਾ ਖੇਤਰ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਮੱਥਾ ਟੇਕਣ ਦੇ ਚਾਹਵਾਨ ਸ਼ਰਧਾਲੂਆਂ ਲਈ ਬੇਹੱਦ ਸਹਾਈ ਹੋਵੇਗਾ। ਜ਼ਿਕਰਯੋਗ ਹੈ ਕਿ 10 ਮਾਰਚ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਹਵਾਈ ਅੱਡੇ ਸਮੇਤ 12 ਨਵੇਂ ਟਰਮੀਨਲ ਇਮਾਰਤਾਂ ਦਾ ਉਦਘਾਟਨ ਕੀਤਾ ਸੀ।

# 60 ਫੀਸਦੀ ਰਕਮ ਨੂੰ ਛੇ ਘੰਟਿਆਂ ਦੇ ਅੰਦਰ ਸ਼ਿਕਾਇਤ ਪ੍ਰਾਪਤ ਹੋਣ 'ਤੇ ਕੀਤਾ ਗਿਆ ਫ੍ਰੀਜ਼

## ਸਾਈਬਰ ਅਪਰਾਧ ਨਾਲ ਨਜਿੱਠਣ ਲਈ ਸ਼ੁਰੂ ਕੀਤੀ ਗਈ ਇਕ ਨਵੀਂ ਪਹਿਲ : ਅਪ੍ਰੇਸ਼ਨ ਸਾਈਬਰ ਹਮਲਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਪੁਲਸ ਨੇ ਸਾਈਬਰ ਅਪਰਾਧ ਨਾਲ ਨਜਿਠਣ ਵਿਚ ਇਕ ਮਹਤੱਵਪੂਰਨ ਸਫਲਤਾ ਹਾਸਲ ਕੀਤੀ ਹੈ। ਫਰਵਰੀ ਮਹੀਨੇ ਵਿਚ ਪੁਲਸ ਉਨ੍ਹਾਂ ਮਾਮਲਿਆਂ ਵਿਚ ਸਾਈਬਰ ਧੋਖਾਧੜੀ ਕੀਤੀ ਗਈ 60 ਫੀਸਦੀ ਰਕਮ ਨੂੰ ਫ੍ਰੀਜ਼ ਕਰਨ ਵਿਚ ਸਫਲ ਰਹੀ, ਜਿੱਥੇ ਸ਼ਿਕਾਇਤ ਘਟਨਾ ਦੇ ਛੇ ਘੰਟੇ ਦੇ ਅੰਦਰ ਦਰਜ ਕਰਵਾਈ ਗਈ ਸੀ। ਹਰਿਆਣਾ ਪੁਲਸ ਮਹਾਨਿਰਦੇਸ਼ਕ (ਡੀ ਜੀ ਪੀ) ਸ਼ਤਰੂਜੀਤ ਕਪੂਰ ਨੇ ਇਸ ਲਈ ਸਾਈਬਰ ਹੈਲਪਲਾਈਨ ਟੀਮ-1930 ਨੂੰ ਵਧਾਈ ਦਿੱਤੀ।ਡੀ ਜੀ ਪੀ ਸ਼ਤਰੂਜੀਤ ਕਪੂਰ ਨੇ ਪੰਚਕੂਲਾ ਸਥਿਤ ਪੁਲਸ ਮੁੱਖ ਦਫਤਰ ਵਿਚ ਸੀਨੀਅਰ ਪੁਲਸ ਅਧਿਕਾਰੀਆਂ ਦੇ ਨਾਲ ਮੀਟਿੰਗ ਦੌਰਾਨ ਇਸ ਉਪਲਬਧ ਲਈ ਸਾਈਬਰ ਹੈਲਪਲਾਈਨ ਟੀਮ ਵੱਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ।ਮੀਟਿੰਗ ਵਿਚ ਦੱਸਿਆ ਗਿਆ ਕਿ ਸਾਈਬਰ ਧੋਖਾਧੜੀ ਦੇ ਛੇ ਘੰਟੇ ਦੇ ਅੰਦਰ ਦਰਜ ਕਰਾਈ ਗਈ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਕਰਦੇ ਹੋਏ 60 ਫੀਸਦੀ ਰਕਮ ਨੂੰ ਤੁਰੰਤ ਫ੍ਰੀਜ਼ ਕਰ ਦਿੱਤਾ ਗਿਆ। ਇਸ ਤਰ੍ਹਾ ਨਾਲ 6.67 ਕਰੋੜ ਰੁਪਏ ਤੋਂ ਵੱਧ ਰਕਮ ਨੂੰ ਸਾਈਬਰ ਫ੍ਰਾਡ ਹੋਣ ਤੋਂ ਬਚਾਇਆ ਗਿਆ। ਉੱਥੇ ਛੇ ਘੰਟੇ ਦੇ ਬਾਅਦ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਵਿੱਚੋਂ ਸਿਰਫ 19 ਫੀਸਦੀ ਰਕਮ ਨੂੰ ਹੀ ਫ੍ਰੀਜ਼ ਕੀਤਾ ਜਾ ਸਕਿਆ। ਇਸ ਤਰ੍ਹਾਂ ਫਰਵਰੀ ਮਹੀਨੇ ਵਿਚ ਹਰਿਆਣਾ ਵਿਚ ਪ੍ਰਾਪਤ ਹੋਣ ਵਾਲੀਆਂ ਕੁੱਲ ਸ਼ਿਕਾਇਤਾਂ-2023 ਵਿਚ ਜਿੱਥੇ ਹਰਿਆਣਾ ਪੁਲਸ 8.62 ਫੀਸਦੀ ਪੈਸਾ ਹੋਲਡ ਕਰਦੇ ਹੋਏ ਦੇਸ਼ ਵਿਚ 23ਵੇਂ ਸਥਾਨ 'ਤੇ ਸੀ, ਉੱਥੇ ਫਰਵਰੀ ਮਹੀਨੇ ਵਿਚ 27.60 ਫੀਸਦੀ ਰਕਮ ਹੋਲਡ ਕਰਦੇ ਹੋਏ ਦੇਸ਼ ਵਿਚ ਪਹਿਲੇ ਸਥਾਨ 'ਤੇ ਪਹੁੰਚ ਗਈ ਹੈ। ਹਰਿਆਣਾ ਵਿਚ ਫਰਵਰੀ ਮਹੀਨੇ ਵਿਚ 15 ਕਰੋੜ 50 ਲੱਖ ਰੁਪਏ ਦੀ ਰਕਮ ਨੂੰ ਸਾਈਬਰ ਫ੍ਰਾਡ ਤੋਂ ਬਚਾਇਆ ਗਿਆ।ਡੀ ਜੀ ਪੀ ਕਪੂਰ ਦੇ ਨਿਰਦੇਸ਼ਾਂ ਅਨੁਸਾਰ ਹਰਿਆਣਾ ਵਿਚ ਆਪ੍ਰੇਸ਼ਨ ਸਾਈਬਰ ਹਮਲਾ ਦੀ ਸ਼ੁਰੂਆਤ ਕੀਤੀ ਗਈ ਹੈ। ਜਿਸ ਦੇ ਜ਼ਰੀਏ ਸਾਈਬਰ ਅਪਰਾਧ ਨੂੰ ਰੋਕਣ ਅਤੇ ਦੋਸ਼ੀਆਂ ਨੂੰ ਫੜਨ ਦਾ ਕੰਮ ਕੀਤਾ ਜਾ ਰਿਹਾ ਹੈ। ਮੀਟਿੰਗ ਵਿਚ ਵਿਸ਼ੇਸ਼ ਰੂਪ ਨਾਲ ਗੂਗਲ 'ਤੇ ਉਪਲਬਧ ਫਰਜ਼ੀ ਹੈਲਪਲਾਈਨ ਨੰਬਰਾਂ ਦੇ ਜ਼ਰੀਏ ਧੋਖਾਧੜੀ ਨਾਲ ਨਜਿੱਠਣ ਲਈ ਇਕ ਪ੍ਰਭਾਵੀ ਕੰਮ ਯੋਜਨਾ ਤਿਆਰ ਕਰਨ ਦੇ ਯਤਨਾਂ 'ਤੇ ਮੁੱਖ ਰੂਪ ਨਾਲ ਚਰਚਾ ਹੋਈ। ਮੀਟਿੰਗ ਵਿਚ ਐਸ ਪੀ ਸਾਈਬਰ ਅਮਿਤ ਦਹੀਆ ਨੇ ਦੱਸਿਆ ਕਿ ਪਿਛਲੇ 11 ਮਹੀਨਿਆਂ ਵਿਚ ਹਰਿਆਣਾ ਅੰਦਰ ਸਾਈਬਰ ਫ੍ਰਾਡ ਵਿਚ ਸ਼ਾਮਲ 70 ਹਜ਼ਾਰ ਤੋਂ ਵੱਧ ਮੋਬਾਇਲ ਨੰਬਰਾਂ ਨੂੰ ਬਲਾਕ ਕਰਵਾਇਆ ਗਿਆ ਹੈ।ਮੀਟਿੰਗ ਵਿਚ ਦੱਸਿਆ ਗਿਆ ਕਿ ਪੂਰੇ ਦੇਸ਼ ਵਿਚ 60 ਹੋਟਸਪਾਟ ਖੇਤਰਾਂ ਦੀ ਪਹਿਚਾਣ ਸਾਈਬਰ ਅਪਰਾਧ ਦੇ ਲਈ ਕੀਤੀ ਗਈ ਹੈ। ਇਨ੍ਹਾਂ ਹਾਟਸਪਾਟ ਖੇਤਰਾਂ ਵਿਚ ਸਾਈਬਰ ਅਪਰਾਧ ਵਿਚ ਸ਼ਾਮਲ ਨੰਬਰਾਂ ਦਾ ਡਾਟਾ ਤਿਆਰ ਕੀਤਾ ਗਿਆ ਹੈ ਅਤੇ ਸਬੰਧਤ ਕੰਪਨੀਆਂ ਦੇ ਨਾਲ ਉਨ੍ਹਾਂ ਨੂੰ ਬਲਾਕ ਕਰਨ ਦੇ ਲਈ ਮੀਟਿੰਗ ਕੀਤੀ ਜਾ ਰਹੀ ਹੈ।

# ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮਹਿਤਾਬ ਸਿੰਘ ਐਸ.ਐਸ.ਪੀ.ਦੇ ਦਿਸ਼ਾ ਨਿਰਦੇਸ਼ਾਂ, ਹਦਾਇਤਾਂ ਹੇਠ ਟਰੈਫਿਕ ਪੁਲਸ ਟੀਮ ਵਲੋਂ ਟ੍ਰੈਫਿਕ ਇੰਚਾਰਜ ਜਸਵਿੰਦਰ ਸਿੰਘ ਏ ਐਸ ਆਈ ਸੰਜੇ ਕੁਮਾਰ, ਅਮਰੀਕ ਸਿੰਘ ਬੰਗਾ ਰੋਡ ਅੰਬੇਦਕਰ ਚੌਕ ਵਿਖੇ ਨਾਕਾ ਲਗਾਇਆ ਗਿਆ।ਇਸ ਦੌਰਾਨ ਦੋ ਪਹੀਆ ਵਾਹਨਾਂ ਅਤੇ ਚਾਰ ਪਹੀਆ ਵਾਹਨਾਂ ਦੇ ਕਾਗਜ਼ਾਤ ਚੈਕ ਕੀਤੇ। ਇਸ ਦੇ ਨਾਲ ਹੀ ਦੋ ਪਹੀਆ ਵਾਹਨ ਚਾਲਕਾਂ ਨੂੰ ਹੈਲਮੇਟ ਪਹਿਨਣ ਦੀ ਹਦਾਇਤ ਵੀ ਕੀਤੀ ਗਈ। ਟ੍ਰੈਫਿਕ ਇੰਚਾਰਜ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਨਾਕੇ ਲਗਾ ਕੇ ਸ਼ਰਾਰਤੀ ਅਨਸਰਾਂ ਅਤੇ ਲੁਟੇਰਿਆਂ ਵਿਰੁੱਧ ਸ਼ਿਕੰਜਾ ਕੱਸਿਆ ਜਾਂਦਾ ਹੈ। ਉਨ੍ਹਾਂ ਦੱਸਿਆ ਨੂੰ ਉਨ੍ਹਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 16 ਤੋਂ ਵੱਧ ਵਾਹਨਾਂ ਦੇ ਚਲਾਨ ਕੀਤੇ ਗਏ ਹਨ। ਕੁਝ ਵਾਹਨ ਚਾਲਕਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ ਹੈ।ਉਨ੍ਹਾ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਸਹੀ ਪਾਲਣਾ ਕਰਨ ਲਈ ਕਿਹਾ ।

# ਛੋਟੇ ਉਦਯੋਗਾਂ ਦੇ ਵਿਕਾਸ ਲਈ ਫਗਵਾੜਾ ਨੂੰ ਜ਼ਿਲ੍ਹੇ ਦਾ ਦਰਜਾ ਜ਼ਰੂਰੀ : ਖੁਰਾਣਾ




**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)** ਸਮਾਲ ਇੰਡਸਟਰੀਜ਼ ਐਸੋਸੀਏਸ਼ਨ ਦੀ ਤੀਜੀ ਜਨਰਲ ਬਾਡੀ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਪੰਕਜ ਕੌੜਾ ਦੀ ਪ੍ਰਧਾਨਗੀ ਹੇਠ ਸਥਾਨਕ ਗ੍ਰੈਂਡ ਅੰਬੈਸਡਰ ਰੈਸਟੋਰੈਂਟ ਵਿਖੇ ਹੋਈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਛੋਟੇ ਉਦਯੋਗਾਂ ਦੀਆਂ ਸਮੱਸਿਆਵਾਂ ਸਬੰਧੀ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਰਣਜੀਤ ਸਿੰਘ ਖੁਰਾਣਾ ਨੇ ਕਿਹਾ ਕਿ ਫਗਵਾੜਾ ਨੂੰ ਜ਼ਿਲ੍ਹੇ ਦਾ ਦਰਜਾ ਮਿਲਣ ਨਾਲ ਛੋਟੇ ਉਦਯੋਗਾਂ ਨੂੰ ਵੱਡਾ ਲਾਭ ਮਿਲ ਸਕਦਾ ਹੈ, ਇਸ ਲਈ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਦੀ ਪ੍ਰਕਿਰਿਆ ਪਹਿਲ ਦੇ ਆਧਾਰ 'ਤੇ ਸ਼ੁਰੂ ਕੀਤੀ ਜਾਵੇ। ਖੁਰਾਣਾ ਨੇ ਕਿਹਾ ਕਿ ਲਘੂ ਉਦਯੋਗ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਤਾਂ ਛੋਟੇ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਅਹਿਮ ਕਦਮ ਚੁੱਕੇ ਗਏ ਸਨ। ਉਨ੍ਹਾ ਭਰੋਸਾ ਦਿਵਾਇਆ ਕਿ ਲੋਕ ਸਭਾ ਚੋਣਾਂ ਵਿੱਚ ਜੇਤੂ ਰਹਿਣ ਵਾਲੇ ਸ਼੍ਰੋ.ਅ.ਦ. ਦੇ ਸੰਸਦ ਮੈਂਬਰ ਛੋਟੇ ਉਦਯੋਗਾਂ ਦੀਆਂ ਸਮੱਸਿਆਵਾਂ ਨੂੰ ਜ਼ੋਰਦਾਰ ਢੰਗ ਨਾਲ ਸੰਸਦ ਵਿੱਚ ਉਠਾਉਣਗੇ ਤਾਂ ਜੋ ਸਾਰੀਆਂ ਸਮੱਸਿਆਵਾਂ ਦਾ ਸਹੀ ਢੰਗ ਨਾਲ ਹੱਲ ਕਰਵਾਇਆ ਜਾ ਸਕੇ। ਜਨਰਲ ਬਾਡੀ ਦੀ ਮੀਟਿੰਗ ਦੇ ਅੰਤ ਵਿੱਚ ਜਥੇਬੰਦੀ ਦੇ ਸਕੱਤਰ ਰਜਨੀਸ਼ ਜੈਨ ਨੇ ਮੁੱਖ ਬੁਲਾਰੇ ਦਾ ਧੰਨਵਾਦ ਕੀਤਾ। ਰਣਜੀਤ ਸਿੰਘ ਖੁਰਾਣਾ ਨੂੰ ਐਸੋਸੀਏਸ਼ਨ ਵੱਲੋਂ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪ੍ਰੇਮ ਪਾਲ ਪੱਬੀ, ਕਸ਼ਿਸ਼ ਪੱਬੀ, ਮਨਦੀਪ ਸਿੰਘ, ਮੁਕੇਸ਼ ਗੋਇਲ, ਬਲਬੀਰ, ਵਿਸ਼ਾਲ ਟੰਡਨ, ਹਰੀਸ਼ ਗੁਪਤਾ, ਨਿਤਿਨ ਸਾਹਨੀ ਆਦਿ ਹਾਜ਼ਰ ਸਨ।